ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 | 7 March, 2025 | ੨੪ ਫੱਗਣ ਨਾਨਕਸ਼ਾਹੀ ਸੰਮਤ ਪ੫੬ | Ph.: 604-338-7310 | FAX : 604-572-3638 | /canadianpunjabtimes



New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4


# ਹੁਣ ਟਰੰਪ ਨੇ ਟੈਰਿਫ਼ ਦਾ ਫੈਸਲਾ 2 ਅਪ੍ਰੈਲ ਤੱਕ ਟਲਿਆ

## ਅਸੀਂ ਵੀ ਅਮਰੀਕਾ ’ਤੇ ਬਰਾਬਰ ਟੈਰਿਫ਼ ਲਗਾਉਣ ਤੋਂ ਪਿੱਛੇ ਨਹੀਂ ਹਟਾਗੇ : ਪ੍ਰਧਾਨ ਮੰਤਰੀ ਟਰੂਡੋ




ਔਟਵਾ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਕੈਨੇਡਾ-ਮੈਕਸੀਕੋ ‘ਤੇ ਟੈਰਿਫ਼ ਲਗਾਉਣ ਦੇ ਫੈਸਲੇ ਤੋਂ ਪੈਰ ਪਿੱਛੇ ਖਿਚਦੇ ਹੋਏ ਇਸ ਫੈਸਲੇ ਨੂੰ 1 ਅਪ੍ਰੈਲ ਤੱਕ ਟਾਲ ਦਿੱਤਾ ਹੈ ਪਰ ਇਹ ਛੋਟ ਸਾਰੇ ਉਤਪਾਦਾਂ ਲਈ ਨਹੀਂ ਦਿੱਤੀ ਗਈ। ਟਰੰਪ ਨੇ ਵਲੋਂ ਇਹ ਨਵਾਂ ਫੈਸਲਾ ਸਿਰਫ਼ ਦੋ ਦਿਨ ਬਾਅਦ ਆਇਆ, ਜਦੋਂ ਟਰੰਪ ਨੇ ਉੱਤਰੀ ਅਮਰੀਕਾ ਵਿੱਚ ਵਪਾਰਕ ਯੁੱਧ ਦੀ ਸ਼ੁਰੂਆਤ ਕਰ ਦਿੱਤੀ ਸੀ।

ਰਾਸ਼ਟਰਪਤੀ ਟਰੰਪ ਨੇ ਇੱਕ ਨਵਾਂ ਐਗਜ਼ਿਕਿਊਟਿਵ ਆਰਡਰ ਜਾਰੀ ਕਰਦੇ ਹੋਏ ਮੈਕਸੀਕੋ ਨੂੰ ਛੋਟ ਦੇਣ ਦੀ ਘੋਸ਼ਣਾ ਕੀਤੀ, ਪਰ ਕੈਨੇਡਾ ਨੂੰ ਵੀ ਇਹ ਛੋਟ ਦੇਣ ਵਿੱਚ ਦੇਰੀ ਕੀਤੀ ਗਈ। ਟਰੰਪ ਨੇ ਸ਼ੁਰੂਆਤੀ ਐਲਾਨ ਵਿੱਚ ਸਿਰਫ਼ ਮੈਕਸੀਕੋ ਨੂੰ ਅਸਥਾਈ ਛੋਟ ਦਿੱਤੀ ਸੀ, ਪਰ ਬਾਅਦ ਵਿੱਚ ਉਨ੍ਹਾਂ ਨੇ ਕੈਨੇਡਾ ਲਈ ਵੀ ਕੁਝ ਨਰਮੀਆਂ ਵਰਤਣ ਦਾ ਫੈਸਲਾ ਕੀਤਾ।

ਉਧਰ ਕੈਨੇਡਾ ਨੇ ਵੀ ਜਵਾਬੀ ਟੈਰਿਫ਼ਾਂ ‘ਤੇ 2 ਅਪ੍ਰੈਲ ਤੱਕ ਵਿਰਾਮ ਚਿੰਨ੍ਹ ਲਗਾ ਦਿੱਤਾ ਹੈ। ਕੈਨੇਡਾ ਦੇ ਵਿੱਤ ਮੰਤਰੀ ਡੋਮੀਨਿਕ ਲੇਬਲਾਂਕ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ

☛ ਬਾਕੀ ਸਫ਼ਾ 31 ’ਤੇ

# ਖ਼ਤਰਨਾਕ ਬਿਮਾਰੀਆਂ ਕਾਰਣ ਪੰਜਾਬ ਵਿੱਚ ਵੱਡੀਆਂ ਕੰਪਨੀਆਂ ਦੇ ਫਾਈਵ ਸਟਾਰ ਹਸਪਤਾਲ ਵਧੇ

**• ਬਠਿੰਡਾ ਪੰਜਾਬ ਦੀ ਨਵਾਂ ਹੈਲਥ ਹੱਬ ਬਣਿਆ • ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਏ**

ਚੰਡੀਗੜ੍ਹ : ਕਾਰਪੋਰੇਟਾਂ ਦੇ ਪੰਜ ਤਾਰਾ ਹਸਪਤਾਲ ਵਧੇ ਹਨ, ਜੋ ਗਵਾਹ ਹਨ ਕਿ ਬਿਮਾਰੀ ਨੇ ਪੰਜਾਬ ਨੂੰ ਘੇਰ ਲਿਆ ਹੈ। ਫ਼ਾਰਮਾ ਕੰਪਨੀਆਂ ਦਾ ਪੰਜਾਬ ਤੋਂ ਬਾਹਰ ਅਤੇ ਦਵਾਈ ਦੀ ਖਪਤ ਦਾ ਪੰਜਾਬ ’ਚ ਰੋਜ਼ਾਨਾ ਔਸਤਨ 177.53 ਕਰੋੜ ਦਾ ਕਾਰੋਬਾਰ ਹੈ। ਪ੍ਰਾਈਵੇਟ ਫ਼ਾਰਮਾ ਸਨਅਤ ਦਾ ਇਕੱਲੇ ਸਾਲ 2023-24 ’ਚ 64,801.06 ਕਰੋੜ ਰੁਪਏ ਦਾ ਕਾਰੋਬਾਰ ਰਿਹਾ ਹੈ ਜਿਸ ਵਿਚ ਪੰਜਾਬ ਤੋਂ ਬਾਹਰ ਗਈ ਮੈਡੀਸਨ ਵੀ ਸ਼ਾਮਲ ਹੈ। ਇਸ ਦੇ ਵੱਡੇ ਹਿੱਸੇ ਦੀ ਖਪਤ ਪੰਜਾਬ ਵਿਚ ਰਹੀ ਹੈ।

ਪੰਜਾਬ ’ਚ ਫ਼ਾਰਮਾ ਕਾਰੋਬਾਰ ਸਾਲ 2017-18 ਤੋਂ ਸਾਲ 2023-24 ਤੱਕ 3,23,764 ਕਰੋੜ ਦਾ ਰਿਹਾ ਹੈ। ਕਰੀਬ 50 ਫ਼ੀਸਦੀ ਹਿੱਸੇਦਾਰੀ ਇਕੱਲੇ ਜ਼ਿਲ੍ਹਾ ਮੁਹਾਲੀ ਦੀ ਹੈ ਜਿੱਥੇ ਇੱਕੋ ਜ਼ਿਲ੍ਹੇ ਵਿਚ ਮੈਡੀਸਨ ਤੇ ਫ਼ਾਰਮਾ ਕਾਰੋਬਾਰ 1,59,548.14 ਕਰੋੜ ਦਾ ਰਿਹਾ ਹੈ। ਬਠਿੰਡਾ ਪੰਜਾਬ ਦੀ ਨਵੀਂ ਹੈਲਥ ਹੱਬ ਬਣ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਭਾਰਤ ਵਿਚ ਆਮ ਲੋਕ ਆਪਣੇ ਇਲਾਜ ਲਈ 70 ਫ਼ੀਸਦੀ ਖ਼ਰਚੇ ਪੱਲਿਓਂ ਕਰਦੇ ਹਨ। ਪੰਜਾਬ ਵਿਚ ਇਸ ਵੇਲੇ 57,640 ਰਜਿਸਟਰਡ ਫਾਰਮਾਸਿਸਟ ਹਨ ਜਦਕਿ ਪ੍ਰਚੂਨ ਤੇ ਥੋਕ ਦੇ 34,276 ਲਾਇਸੈਂਸੀ ਹਨ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਮੈਡੀਸਨ ਤੇ ਫਾਰਮਾਸਿਊਟੀਕਲ ਕਾਰੋਬਾਰ ਸਾਲ 2017-18 ’ਚ 20,116.90 ਕਰੋੜ ਸੀ ਜੋ ਸਾਲ 2023-24 ਵਿਚ ਵੱਧ ਕੇ 64,801.06 ਕਰੋੜ ਦਾ ਹੋ ਗਿਆ ਹੈ। ਉਪਰੋਕਤ ਤੋਂ ਇਲਾਵਾ ਪੰਜਾਬ ਵਿਚ ਮੈਡੀਕਲ ਕਾਸਮੈਟਿਕ ਟਰੀਟਮੈਂਟ/ਹੇਅਰ ਟਰਾਂਸਪਲਾਂਟ ’ਤੇ ਸਾਲ 2017-18 ਤੋਂ ਸਾਲ 2023-24 ਦੌਰਾਨ 5699.45 ਕਰੋੜ ਦਾ ਕਾਰੋਬਾਰ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਰੀਜ਼ਾਂ ਨੇ ਸਰਜੀਕਲ ਉਤਪਾਦਾਂ, ਟੈਸਟਾਂ ਅਤੇ ਐਕਸ-ਰੇਅ ਆਦਿ ’ਤੇ 1145.72 ਕਰੋੜ ਵੱਖਰੇ ਖ਼ਰਚੇ ਹਨ। ਇਨ੍ਹਾਂ ਸੱਤ

☛ ਬਾਕੀ ਸਫ਼ਾ 27 ’ਤੇ


ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

Satya Asha FUSION 9
100% VEGETERIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm | SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC | 778-600-0810 2644 Cyril St Abbotsford BC

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice | Ant, Fire Brats | House Flies | Termites | Spider | Fleas | Bed Bugs | Cockroaches | Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਕੈਨੇਡਾ ਦੇ ਵੱਖ-ਵੱਖ ਸੂਬਿਆਂ ਨੇ ਟਰੰਪ ਦੇ ਟੈਰਿਫਾਂ ਖਿਲਾਫ਼ ਖੋਲ੍ਹਿਆ ਮੋਰਚਾ

## ਕੈਨੇਡਾ ਵੀ 30 ਬਿਲੀਅਨ ਡਾਲਰ ਮੁੱਲ ਦੇ ਅਮਰੀਕੀ ਉਤਪਾਦਾਂ 'ਤੇ 25% ਦੀ ਟੈਰਿਫ਼ ਲਗਾਏਗਾ : ਜਸਟਿਨ ਟਰੂਡੋ

ਸਰੀ, (ਸਿਮਰਨਜੀਤ ਸਿੰਘ): ਅਮਰੀਕਾ ਵਲੋਂ ਕੈਨੇਡਾ 'ਤੇ ਟੈਰਿਫ ਲਾਗੂ ਕੀਤੇ ਜਾਣ ਤੋਂ ਬਾਅਦ ਕੈਨੇਡਾ ਦੇ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਨੇ ਅਮਰੀਕਾ ਦੀ ਇਸ ਕਾਰਵਾਈ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ।

ਭਾਵੇਂ ਟਰੰਪ ਵਲੋਂ ਟੈਰਿਫ਼ ਇੱਕ ਮਹੀਨਾ ਹੋਰ ਟਾਲ ਦਿੱਤੇ ਗਏ ਹਨ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਵੀ ਆਪਣੇ ਪੱਖ ਤੋਂ 30 ਬਿਲੀਅਨ ਡਾਲਰ ਮੁੱਲ ਦੇ ਅਮਰੀਕੀ ਉਤਪਾਦਾਂ 'ਤੇ 25% ਦੀ ਸ਼ੁਰੂਆਤੀ ਟੈਰਿਫ਼ ਲਗਾਏਗਾ। ਟਰੂਡੋ ਨੇ ਕਿਹਾ, "ਅਸੀਂ ਕਿਸੇ ਵੀ ਹਾਲਤ ਵਿੱਚ ਅਮਰੀਕੀ ਟੈਰਿਫ਼ ਦਾ ਜਵਾਬ ਦਿੰਦੇ ਰਹਾਂਗੇ, ਜਦ ਤੱਕ ਇਹ ਹਟਾਏ ਨਹੀਂ ਜਾਂਦੇ।"

ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਸੀ, "ਅਸੀਂ ਇਸ ਫੈਸਲੇ ਨੂੰ ਬਿਨਾਂ ਜਵਾਬ ਦਿੱਤੇ ਛੱਡ ਨਹੀਂ



ਸਕਦੇ।" ਇਸ ਤੋਂ ਬਾਅਦ, ਕੈਨੇਡਾ ਨੇ ਅਮਰੀਕੀ ਸਮਾਨਾਂ 'ਤੇ 30 ਅਰਬ ਡਾਲਰ ਦੀ 25 ਫੀਸਦੀ ਟੈਰਿਫ ਲਗਾਈ ਅਤੇ ਤਿੰਨ ਹਫਤਿਆਂ ਬਾਅਦ 125 ਅਰਬ ਡਾਲਰ ਦੇ ਹੋਰ ਸਮਾਨਾਂ 'ਤੇ ਟੈਰਿਫਾਂ ਦੀ ਯੋਜਨਾ ਬਣਾਈ। ਟਰੂਡੋ ਨੇ ਕਿਹਾ, "ਸਾਡੀਆਂ ਟੈਰਿਫਾਂ ਉਦੋਂ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ ਅਮਰੀਕਾ ਆਪਣਾ ਫੈਸਲਾ ਵਾਪਸ ਨਹੀਂ ਲੈਂਦਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਨੇ ਪਾਰਲੀਮੈਂਟ ਹਿੱਲ 'ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਥਾਂ ਸਿਰਫ਼ 'ਡੌਨਲਡ' ਸ਼ਬਦ ਦੀ ਵਰਤੋਂ ਕੀਤੀ, ਜਿਸਨੂੰ ਕਈ ਲੋਕ ਟਰੰਪ ਵੱਲ ਇੱਕ ਮਿਹਣੇ ਵਜੋਂ ਵੇਖ ਰਹੇ ਹਨ।

ਟਰੂਡੋ ਨੇ ਆਪਣੇ

☛ ਬਾਕੀ ਸਫ਼ਾ 31 'ਤੇ

## ਅਮਰੀਕੀ ਟੈਰਿਫ਼ ਦੇ ਵਿਰੁੱਧ ਬੀ.ਸੀ. ਸਰਕਾਰ ਦੀ ਸਖ਼ਤ ਕਾਰਵਾਈ



ਵਿਕਟੋਰਿਆ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਆਈ ਸਾਮਾਨ 'ਤੇ 25% ਟੈਰਿਫ਼ ਲਗਾਉਣ ਦੇ ਫੈਸਲੇ 'ਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਬੀ.ਸੀ. ਦੇ ਮੁੱਖ ਮੰਤਰੀ ਡੇਵਿਡ ਈਬੀ ਨੇ ਐਲਾਨ ਕੀਤਾ ਕਿ ਸੂਬਾ ਤੁਰੰਤ ਅਮਰੀਕਾ ਦੇ ਰਿਪਬਲਿਕਨ ਸੂਬਿਆਂ ਦੀ ਸ਼ਰਾਬ ਸਰਕਾਰੀ ਸਟੋਰਾਂ ਤੋਂ ਹਟਾ ਰਹੀ ਹੈ।

ਉਹਨਾਂ ਕਿਹਾ ਕਿ ਬੀ.ਸੀ. ਅਤੇ ਕੈਨੇਡਾ ਵਿੱਚ ਬਣੇ ਉਤਪਾਦਾਂ ਨੂੰ ਇਨਫਰਾਸਟਰਕਚਰ ਪ੍ਰੋਜੈਕਟਾਂ 'ਚ ਪਹਿਲ ਦਿੱਤੀ ਜਾਵੇਗੀ ਅਤੇ ਟੈਰਿਫ਼ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਉਦਯੋਗਾਂ ਨੂੰ ਆਰਥਿਕ ਮਦਦ ਦਿੱਤੀ ਜਾਵੇਗੀ।

ਡੇਵਿਡ ਈਬੀ ਨੇ ਕਿਹਾ ਕਿ "ਅਸੀਂ ਸੰਯੁਕਤ ਰਾਜ ਅਮਰੀਕਾ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਉਹ

☛ ਬਾਕੀ ਸਫ਼ਾ 31 'ਤੇ

## ਓਨਟਾਰੀਓ ਸਰਕਾਰ ਨੇ ਇਲੌਨ ਮਸਕ ਦੀ ਕੰਪਨੀ ਨਾਲ 100 ਮਿਲੀਅਨ ਡਾਲਰ ਦਾ ਸਮਝੌਤਾ ਕੀਤਾ ਰੱਦ



ਟੋਰਾਂਟੋ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਅਨ ਉਤਪਾਦਾਂ 'ਤੇ ਲਾਗੂ ਕੀਤੇ ਟੈਰਿਫ਼ਾਂ ਖਿਲ਼ਾਫ਼ ਜਵਾਬੀ ਕਾਰਵਾਈ ਕਰਦੇ ਹੋਏ, ਓਨਟਾਰੀਓ ਸਰਕਾਰ ਨੇ ਅਮਰੀਕੀ ਉਤਪਾਦਾਂ 'ਤੇ ਕਈ ਵੱਡੇ ਪ੍ਰਤਿਬੰਧ ਲਗਾ ਦਿੱਤੇ ਹਨ।

ਓਨਟਾਰੀਓ ਦੇ ਮੁੱਖ ਮੰਤਰੀ ਡਗ ਫੋਰਡ ਨੇ ਐਲਾਨ ਕੀਤਾ ਹੈ ਕਿ ਓਨਟਾਰੀਓ ਨੇ ਇਲੌਨ ਮਸਕ ਦੀ ਕੰਪਨੀ ਸਪੇਸਐਕਸ ਨਾਲ 100 ਮਿਲੀਅਨ ਡਾਲਰ ਦੇ ਇੱਕ ਮਹੱਤਵਪੂਰਨ ਇੰਟਰਨੈੱਟ ਸਮਝੌਤੇ ਨੂੰ ਰੱਦ ਕਰ ਦਿੱਤਾ ਹੈ।

ਇਹ ਸਮਝੌਤਾ ਸਟਾਰਲਿੰਕ ਸੈਟਲਾਈਟ ਇੰਟਰਨੈੱਟ ਦੇ ਜ਼ਰੀਏ ਉੱਤਰੀ ਓਨਟਾਰੀਓ ਦੇ ਹਜ਼ਾਰਾਂ ਘਰਾਂ ਨੂੰ ਹਾਈ-ਸਪੀਡ ਇੰਟਰਨੈੱਟ ਉਪਲੱਬਧ ਕਰਵਾਉਣ ਲਈ ਕੀਤਾ ਗਿਆ ਸੀ। ਫੋਰਡ ਨੇ ਕਿਹਾ, "ਜੇ ਉਹ ਸਾਨੂੰ ਕੋਰਟ ਵਿੱਚ ਲੈ ਕੇ ਜਾਂਦੇ ਹਨ, ਤਾਂ ਜਾਣ। ਅਸੀਂ ਅਮਰੀਕਾ 'ਤੇ ਵੱਧ ਤੋਂ ਵੱਧ ਦਬਾਅ ਬਣਾਉਣਾ ਚਾਹੁੰਦੇ ਹਾਂ, ਤਾਂਕਿ ਉਹ

☛ ਬਾਕੀ ਸਫ਼ਾ 31 'ਤੇ

## ਕਿਊਬੈਕ ਵਲੋਂ ਸਥਾਨਕ ਕੰਪਨੀਆਂ ਨੂੰ 50 ਮਿਲੀਅਨ ਡਾਲਰ ਤੱਕ ਦੇ ਕਰਜ਼ੇ ਦੇਣ ਦਾ ਐਲਾਨ



ਕਿਊਬੈਕ : ਕਿਊਬੈਕ ਸੂਬੇ ਦੇ ਪ੍ਰੀਮੀਅਰ ਫ਼੍ਰਾਂਸਵਾ ਲੇਗੋ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਟੈਰਿਫਾਂ ਦੇ ਖਿਲਾਫ਼ ਵੱਡੇ ਐਲਾਨ ਕੀਤੇ ਹਨ। ਟਰੰਪ ਨੇ ਕੈਨੇਡਾ ਦੇ ਸਮਾਨਾਂ 'ਤੇ 25 ਫੀਸਦੀ ਅਤੇ ਊਰਜਾ ਨਿਰਯਾਤ 'ਤੇ 10 ਫੀਸਦੀ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਜੰਗ ਦੀ ਸ਼ੁਰੂਆਤ ਹੋ ਗਈ ਹੈ। ਇਸ ਦੇ ਜਵਾਬ ਵਿੱਚ, ਲੇਗੋ ਨੇ ਕਿਹਾ ਕਿ ਕਿਊਬੈਕ ਦੀਆਂ ਕੰਪਨੀਆਂ, ਜੋ ਇਨ੍ਹਾਂ ਟੈਰਿਫਾਂ ਕਾਰਨ ਪ੍ਰਭਾਵਿਤ ਹੋ ਸਕਦੀਆਂ ਹਨ, ਹੁਣ ਸਰਕਾਰ ਤੋਂ 50 ਮਿਲੀਅਨ ਡਾਲਰ ਤੱਕ ਦੇ ਕਰਜ਼ੇ ਲੈ ਸਕਦੀਆਂ ਹਨ। ਇਹ ਕਰਜ਼ੇ 7 ਸਾਲਾਂ ਦੀ ਮਿਆਦ ਨਾਲ ਦਿੱਤੇ ਜਾਣਗੇ ਅਤੇ ਕੰਪਨੀਆਂ ਨੂੰ ਵਾਪਸੀ ਸ਼ੁਰੂ ਕਰਨ ਲਈ 24 ਮਹੀਨਿਆਂ ਤੱਕ ਦੀ ਛੋਟ ਮਿਲੇਗੀ।

ਲੇਗੋ ਨੇ ਕਿਹਾ ਕਿ ਸੂਬਾ ਸਰਕਾਰ ਇੱਕ ਫੰਡ ਸ਼ੁਰੂ ਕਰੇਗੀ, ਜੋ ਪ੍ਰਭਾਵਿਤ ਕਾਰੋਬਾਰਾਂ ਨੂੰ ਮਦਦ ਦੇਵੇਗੀ। ਉਨ੍ਹਾਂ

☛ ਬਾਕੀ ਸਫ਼ਾ 31 'ਤੇ

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ

# ਸ਼ੋਕ ਸਮਾਚਾਰ

ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

## ਸਵ: ਸਰਦੂਲ ਸਿੰਘ ਦਿਓਲ

ਜਿਨ੍ਹਾਂ ਦਾ ਪਿਛਲਾ ਪਿੰਡ ਖਾਰਾ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਜੋ ਹੁਣ ਆਪਣੇ ਪਰਿਵਾਰ ਨਾਲ 1972 ਤੋਂ ਵੈਨਕੂਵਰ ਵਿਖੇ ਰਹਿ ਰਹੇ ਸਨ। ਬੀਤੀ 24 ਫਰਵਰੀ ਦਿਨ ਸੋਮਵਾਰ ਨੂੰ ਕਰੀਬ 10:30 ਵਜੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਪੰਜਾਬ ਤੋਂ ਬੀ.ਏ., ਬੀ.ਐੱਡ ਕੀਤੀ ਹੋਣ ਕਰਕੇ ਇਥੇ ਕੁਝ ਹੋਰ ਪੜ੍ਹਾਈ ਕਰਕੇ 1976 ਤੋਂ ਵੈਨਕੂਵਰ ਸਕੂਲ ਬੋਰਡ ਵਿੱਚ ਬਤੌਰ ਇੰਜੀਨੀਅਰ ਨੌਕਰੀ ਕਰਨ ਲੱਗੇ, 2006 ਤੱਕ ਉਥੇ ਰਹੇ। ਉਹ ਹਮੇਸ਼ਾ ਭਾਈਚਾਰੇ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਤੱਤਪਰ ਰਹੇ। ਉਹ ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਦੇ ਮੁਢਲੇ ਮੈਂਬਰ ਸਨ ਅਤੇ ਹੁਣ ਤੱਕ ਲਗਾਤਾਰ ਸੁਸਾਇਟੀ ਵਿੱਚ ਸੇਵਾ ਕਰਦੇ ਰਹੇ। ਉਨ੍ਹਾਂ ਦਾ

## ਅੰਤਮ ਸੰਸਕਾਰ


### 8 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10:00 ਵਜੇ

ਰਿਵਰਸਾਈਡ ਹੌਪ-ਕੋਟ ਰੋਡ ਡੈਲਟਾ ਵਿਖੇ ਸਥਿਤ ਫਿਊਨਰਲ ਹੋਮ ਵਿਖੇ ਕੀਤਾ ਜਾਵੇਗਾ, ਉਪਰੰਤ

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਗੁਰਦੁਆਰਾ ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ

7749 Prince Edward St, Vancouver, BC ਵਿਖੇ 12:00 ਵਜੇ ਹੋਵੇਗੀ।



ਸਵ: ਸਰਦੂਲ ਸਿੰਘ ਦਿਓਲ

ਪਰਿਵਾਰ ਨਾਲ ਹਮਦਰਦੀ ਲਈ ਸੰਪਰਕ ਕਰ ਸਕਦੇ ਹੋ

ਕਿਰਪਾਲ ਕੌਰ (ਸੁਪਤਨੀ) ਮਨਜਿੰਦਰ ਸਿੰਘ (ਬੇਟਾ) - ਕੰਵਲਜੀਤ ਕੌਰ (ਨੂੰਹ), ਉਰਮਿੰਦਰ ਕੌਰ (ਬੇਟੀ) - ਜੇਸਨ (ਜਵਾਈ), ਰਾਜਵਿੰਦਰ ਕੌਰ (ਬੇਟੀ)- ਦਲਜੀਤ ਸਿੰਘ (ਜਵਾਈ)

ਮਨਪ੍ਰੀਤ ਕੌਰ, ਅਮਨੀਤ ਕੌਰ (ਪੋਤਰੀਆਂ), ਹਰਜੋਤ ਸਿੰਘ ਦਿਓਲ (ਪੋਤਰਾ), ਸਿਆਨਾ (ਦੋਹਤੀ)

ਸੰਪਰਕ : 604-327-6853

ੴ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

## A Tribute to Guru Har Rai ji

ਸਤਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਦੇ ਗੁਰਗੱਦੀ ਦਿਵਸ ਅਤੇ
ਸਿੱਖ ਕਲੈਂਡਰ ਮੁਤਾਬਕ ਨਵੇਂ ਸਾਲ ਦੀ ਆਮਦ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਅਤੇ ਈਕੋਸਿੱਖ**

**ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ**

ਇਸ ਦੇ ਮੌਕੇ 'ਤੇ

# ਵਿਸ਼ਵ ਸਿੱਖ ਵਾਤਾਵਰਣ ਦਿਵਸ

ਮਨਾਉਂਦਿਆਂ ਹੋਇਆ

15 ਮਾਰਚ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ ਤੋਂ 12 ਵਜੇ ਤੱਕ

ਸਥਾਨ : ਡੌਮੀਨਿਅਨ ਪਾਰਕ 8225 - 134 ਸਟਰੀਟ ਸਰੀ ਵਿਖੇ

**ਦਰਖ਼ਤ ਲਗਾਏ ਜਾ ਰਹੇ ਹਨ**



**Gurdwara Singh Sabha, Surrey and EcoSikh**

with cooperation of CITY OF SURREY

CELEBRATE

# WORLD SIKH ENVIRONMENT DAY

**DAY**
15th
MARCH

**TIME**
10:00
Morning

**LOCATION**
**Dominion Park**
8225 – 134 Street, Surrey



ਇਸ ਮੌਕੇ ਸੇਵਾਦਾਰਾਂ ਦੀ ਲੋੜ ਹੈ। ਆਪ ਜੀ ਨੇ ਸਹਿਯੋਗ ਦੇ ਕੇ,ਵਿਗੜ ਰਹੇ ਵਾਤਾਵਰਣ ਨੂੰ ਸੁਧਾਰਨ ਲਈ ਆਪਣਾ ਯੋਗਦਾਨ ਪਾਉਣ ਦੀ ਕਿਰਪਾ ਕਰਨਾ ਜੀ, ਇਸ ਮੌਕੇ ਪੀਜ਼ਾ ਅਤੇ ਸਮੋਸਿਆਂ ਦਾ ਪ੍ਰਬੰਧ ਵੀ ਹੋਵੇਗਾ

ਧੰਨਵਾਦ ਸਹਿਤ,

**ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ**

# A TO Z DRIVING SCHOOL

SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

## AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲ਼ੱਕੀ ਸੇਖੋਂ 604 614 5365



# idea immigration

- Super Visas
- PNPs

iccrc crcic

EXPRESS ENTRY

Canada's Express Entry immigration

## ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com





# ਕੈਨੇਡਾ ਵਿੱਚ ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੇਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ **Canada.ca/newcomer-Punjabi** 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada

Canada

# ਅਮਰੀਕਾ ਵਲੋਂ ਯੂਕਰੇਨ ਲਈ ਫੌਜੀ ਸਹਾਇਤਾ ਰੋਕਣ ਦੀ ਟਰੂਡੋ ਵਲੋਂ ਨਿੰਦਿਆ

**ਔਟਵਾ (ਸਿਮਰਨਜੀਤ ਸਿੰਘ):** ਅਮਰੀਕਾ ਵਲੋਂ ਯੂਕਰੇਨ ਲਈ ਫੌਜੀ ਸਹਾਇਤਾ ਨੂੰ ਰੋਕਣ ਦੇ ਫੈਸਲੇ ‘ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਆਲੋਚਨਾ ਕੀਤੀ ਗਈ ਹੈ। ਉਨ੍ਹਾਂ ਨੇ ਵਾਸ਼ਿੰਗਟਨ ਦੀ ਰੂਸ ਵੱਲ ਵਧ ਰਹੀ ਨਜ਼ਦੀਕੀ ‘ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਅਮਰੀਕਾ ਹੁਣ ਪੁਤਿਨ ਨੂੰ ਮਨਾਉਣ ‘ਚ ਲੱਗਿਆ ਹੋਇਆ ਹੈ।



ਟਰੂਡੋ ਨੇ ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ "ਅਸੀਂ ਜਾਣਦੇ ਹਾਂ ਕਿ ਸਾਡੇ ਦੋਸਤ ਕੌਣ ਹਨ, ਅਤੇ ਸਾਡੇ ਵਿਰੋਧੀ ਕੌਣ ਹਨ। ਵਲਾਦੀਮੀਰ ਪੁਤਿਨ ਅਤੇ ਉਸ ਦੀ ਯੂਕਰੇਨ ‘ਤੇ ਹਮਲਾ ਸਿਰਫ਼ ਇੱਕ ਦੇਸ਼ ‘ਤੇ ਨਹੀਂ, ਬਲਕਿ ਸੰਯੁਕਤ ਰਾਸ਼ਟਰ ਦੇ ਨਿਯਮ-ਅਧਾਰਿਤ ਆਰਡਰ ‘ਤੇ ਵੀ ਹਮਲਾ ਹੈ। ਇਹ ਸਪੱਸ਼ਟ ਹੈ ਕਿ ਕੈਨੇਡਾ ਇਸ ਜ਼ੁਲਮ ਦੀ ਹਮਾਇਤ ਨਹੀਂ ਕਰੇਗਾ।"

ਉਨ੍ਹਾਂ ਨੇ ਅਮਰੀਕਾ ਦੀ ਨੀਤੀ ‘ਤੇ ਵੀ ਸਵਾਲ ਉਠਾਏ ਅਤੇ ਕਿਹਾ ਕਿ ਇੱਕ ਪਾਸੇ ਉਹ ਕੈਨੇਡਾ ਨਾਲ ਵਪਾਰਕ ਸੰਕਟ ਪੈਦਾ ਕਰ ਰਹੇ ਹਨ, ਅਤੇ ਦੂਜੇ ਪਾਸੇ ਰੂਸ ਨਾਲ ਮਿਲਕੇ ਕੰਮ ਕਰਨ ਦੀ ਗੱਲ ਕਰ ਰਹੇ ਹਨ।

ਟਰੂਡੋ ਦੀ ਇਹ ਟਿੱਪਣੀ ਉਸ ਵਾਰਤਾਲਾਪ ਤੋਂ ਬਾਅਦ ਆਈ, ਜਿਸ ਵਿੱਚ ਅਮਰੀਕਾ ਨੇ ਯੂਕਰੇਨ ਲਈ ਸਾਰੇ ਫੌਜੀ ਸਹਾਇਤਾ ਪੈਕੇਜ ‘ਤੇ ਰੋਕ ਲਾ ਦਿੱਤੀ। ਇਹ ਫੈਸਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਦੀ ਔਵਲ ਦਫ਼ਤਰ ‘ਚ ਹੋਈ ਮੁਲਾਕਾਤ ਤੋਂ ਬਾਅਦ ਆਇਆ। ਮੁਲਾਕਾਤ ਦੌਰਾਨ, ਟਰੰਪ ਨੇ ਜ਼ੇਲੈਂਸਕੀ ਨੂੰ ਆਖਿਆ ਕਿ ਉਹ ਰੂਸ ਨਾਲ ਸ਼ਾਂਤੀ ਬਰਕਰਾਰ ਕਰੇ, ਨਹੀਂ ਤਾਂ ਅਮਰੀਕਾ ਆਪਣੀ ਮਦਦ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਉਧਰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨੇ ਟਰੰਪ ਨਾਲ ਹੋਈ ਮੁਲਾਕਾਤ ‘ਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਸ਼ੋਸ਼ਲ ਮੀਡੀਆ ‘ਤੇ ਲਿਖਿਆ: "ਇਹ ਮੁਲਾਕਾਤ ਜਿਵੇਂ ਹੋਣੀ ਚਾਹੀਦੀ ਸੀ, ਉਵੇਂ ਨਹੀਂ ਹੋਈ। ਇਹ ਦੁਖਦਾਈ ਹੈ, ਪਰ ਹੁਣ ਗਲਤੀਆਂ ਠੀਕ ਕਰਨੀ ਚਾਹੀਦੀਆਂ ਹਨ। ਅਸੀਂ ਸੰਵਾਦ ਨੂੰ ਰਚਨਾਤਮਕ ਰੂਪ ਵਿੱਚ ਅੱਗੇ ਵਧਾਉਣਾ ਚਾਹੁੰਦੇ ਹਾਂ।"

ਉਨ੍ਹਾਂ ਨੇ ਅੱਗੇ ਕਿਹਾ ਕਿ "ਯੂਕਰੇਨ ਸ਼ਾਂਤੀ ਲਈ ਵਚਨਬੱਧ ਹੈ ਅਤੇ ਅਸੀਂ ਯੁੱਧ ਨੂੰ ਹਮੇਸ਼ਾ ਲਈ ਖ਼ਤਮ ਕਰਨਾ ਚਾਹੁੰਦੇ ਹਾਂ।" ਅਮਰੀਕਾ ਵਲੋਂ ਮਦਦ ਰੋਕਣ ਦੇ ਬਾਵਜੂਦ, ਯੂਕਰੇਨ ਨੇ ਭਰੋਸਾ ਜਤਾਇਆ ਕਿ ਉਹ ਆਪਣੀ ਜੰਗ ਲੜ ਸਕਦੇ ਹਨ। ਯੂਕਰੇਨ ਦੇ ਪ੍ਰਧਾਨ ਮੰਤਰੀ ਡੇਨੀਸ ਸ਼ਮਾਈਹਾਲ ਨੇ ਕਿਹਾ: "ਸਾਡੇ ਕੋਲ ਆਪਣੇ ਸੈਨਿਕਾਂ ਨੂੰ ਲੋੜੀਂਦੇ ਸਾਧਨ ਉਪਲਬਧ ਹਨ। ਅਸੀਂ ਫਰੰਟਲਾਈਨ ‘ਤੇ ਡਟੇ ਰਹਾਂਗੇ।"

ਯੂਕਰੇਨ, ਜੋ ਰੂਸ ਦੀ ਤਾਕਤਵਰ ਫੌਜ ਨਾਲ ਲਗਾਤਾਰ ਤਿੰਨ ਸਾਲਾਂ ਤੋਂ ਲੜ ਰਿਹਾ ਹੈ, ਨੂੰ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀ ਸੈਨਿਕ ਮਦਦ ‘ਤੇ ਨਿਰਭਰ ਰਹਿਣਾ ਪਿਆ। ਇੱਕ ਰਿਪੋਰਟ ਮੁਤਾਬਕ, ਅਮਰੀਕਾ ਨੇ ਯੂਕਰੇਨ ਲਈ ਤਿੰਨ ਸਾਲਾਂ ‘ਚ ਕੁੱਲ $175 ਬਿਲੀਅਨ ਦੀ ਮਦਦ ਮਨਜ਼ੂਰ ਕੀਤੀ ਸੀ। ਪਰ ਹੁਣ ਯੂ.ਐਸ. ਵਲੋਂ ਇਹ ਮਦਦ ਰੋਕਣ ਦਾ ਫੈਸਲਾ ਯੂਕਰੇਨ ‘ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ। ਯੂਕਰੇਨ ਵਲੋਂ ਰੂਸ ਦੇ ਤਿੰਨ ਸਾਲਾਂ ਦੇ ਹਮਲੇ ਦੇ ਦੌਰਾਨ ਲੱਖਾਂ ਫ਼ੌਜੀਆਂ ਹਲਾਕ ਹੋ ਚੁੱਕੀਆਂ ਹਨ ਅਤੇ ਕਈ ਸ਼ਹਿਰ ਤਬਾਹ ਹੋ ਚੁੱਕੇ ਹਨ। This report was written by Simranjit Singh as part of the Local Journalism Initiative.

# ਕੈਨੇਡਾ ਦੇ ਸਿਹਤ ਮੰਤਰੀ ਨੇ ਟਾਸਕ ਫੋਰਸ ਦਾ ਕੰਮ ਰੋਕਿਆ, ਬ੍ਰੈਸਟ ਕੈਂਸਰ ਸਕ੍ਰੀਨਿੰਗ ਦੀ ਉਮਰ ਘਟਾਉਣ 'ਤੇ ਵਿਵਾਦ ਵਧਿਆ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਦੇ ਫੈਡਰਲ ਸਿਹਤ ਮੰਤਰੀ ਮਾਰਕ ਹਾਲੈਂਡ ਨੇ ਕੈਨੇਡੀਅਨ ਟਾਸਕ ਫੋਰਸ ਆਨ ਪ੍ਰੀਵੈਂਟਿਵ ਹੈਲਥ ਕੇਅਰ ਦੇ ਕੰਮ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਇਸ ਸੰਸਥਾ 'ਤੇ ਬ੍ਰੈਸਟ ਕੈਂਸਰ ਦੀ ਸਕ੍ਰੀਨਿੰਗ ਲਈ ਸਿਫਾਰਸ਼ੀ ਉਮਰ ਨੂੰ 50 ਤੋਂ ਘਟਾ ਕੇ 40 ਸਾਲ ਨਾ ਕਰਨ ਦੀ ਤਿੱਖੀ ਆਲੋਚਨਾ ਹੋ ਰਹੀ ਹੈ। ਇਹ ਟਾਸਕ ਫੋਰਸ ਇੱਕ ਸੁਤੰਤਰ ਫੈਡਰਲ ਸੰਸਥਾ ਹੈ ਜੋ ਕੌਮੀ ਸਿਹਤ ਸਕ੍ਰੀਨਿੰਗ ਦਿਸ਼ਾ-ਨਿਰਦੇਸ਼ ਤਿਆਰ ਕਰਦੀ ਹੈ, ਪਰ ਡਾਕਟਰੀ ਮਾਹਿਰਾਂ ਨੇ ਇਸ ਦੇ "ਪੁਰਾਣੇ ਪੈਮਾਨਿਆਂ" ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਛੋਟੀ ਉਮਰ ਦੇ ਲੋਕਾਂ ਵਿੱਚ ਬ੍ਰੈਸਟ ਕੈਂਸਰ ਦੇ ਮਾਮਲੇ ਵਧ ਰਹੇ ਹਨ, ਸਕ੍ਰੀਨਿੰਗ ਦੀ ਉਮਰ 50 ਦੀ ਬਜਾਏ 40 ਸਾਲ ਕਰਨੀ ਚਾਹੀਦੀ ਹੈ। ਕਈ ਸੂਬਿਆਂ ਨੇ ਪਹਿਲਾਂ ਹੀ ਇਹ ਬਦਲਾਅ ਲਾਗੂ ਕਰ ਦਿੱਤਾ ਹੈ, ਪਰ ਟਾਸਕ ਫੋਰਸ ਦੇ ਇਸ ਫੈਸਲੇ ਨੂੰ ਨਾ ਬਦਲਣ ਕਾਰਨ ਸੈਂਕੜੇ ਕੈਨੇਡੀਅਨ ਮੌਤ ਦਾ ਸ਼ਿਕਾਰ ਹੋ ਰਹੇ ਹਨ। ਮੰਗਲਵਾਰ ਨੂੰ, ਸਿਹਤ ਮੰਤਰੀ ਹਾਲੈਂਡ ਨੇ ਐਲਾਨ ਕੀਤਾ ਕਿ ਟਾਸਕ ਫੋਰਸ ਦੇ ਕੰਮ ਨੂੰ ਰੋਕਿਆ ਜਾ ਰਿਹਾ ਹੈ।

ਹਾਲੈਂਡ ਨੇ ਇੱਕ ਮੀਡੀਆ ਬਿਆਨ ਵਿੱਚ ਕਿਹਾ, "ਟਾਸਕ ਫੋਰਸ ਦਾ ਮੁੱਖ ਕੰਮ ਮਹੱਤਵਪੂਰਨ ਹੈ ਅਤੇ ਇਹ ਬ੍ਰੈਸਟ ਕੈਂਸਰ ਸਕ੍ਰੀਨਿੰਗ, ਸਰਵਾਈਕਲ ਕੈਂਸਰ ਸਕ੍ਰੀਨਿੰਗ, ਤੰਬਾਕੂ ਛੱਡਣ ਅਤੇ ਬੱਚਿਆਂ ਤੇ ਬਾਲਗਾਂ ਵਿੱਚ ਡਿਪ੍ਰੈਸ਼ਨ ਦੀ ਸਕ੍ਰੀਨਿੰਗ ਵਰਗੇ ਕਈ ਖੇਤਰਾਂ ਵਿੱਚ ਦਿਸ਼ਾ-ਨਿਰਦੇਸ਼ ਅਪਡੇਟ ਕਰਦੀ ਹੈ।" ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਉਹ ਪਹਿਲਾਂ ਹੀ ਟਾਸਕ ਫੋਰਸ ਦੇ ਬ੍ਰੈਸਟ ਕੈਂਸਰ ਸਕ੍ਰੀਨਿੰਗ ਦੀ ਉਮਰ 50 ਰੱਖਣ ਦੇ ਫੈਸਲੇ ਤੋਂ "ਨਿਰਾਸ਼" ਸਨ। ਮਈ ਮਹੀਨੇ ਵਿੱਚ, ਉਨ੍ਹਾਂ ਨੇ ਇਸ ਸੰਸਥਾ ਦੀ ਬਾਹਰੀ ਜਾਂਚ ਦਾ ਸੱਦਾ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਅਕਤੂਬਰ 2024 ਵਿੱਚ, ਕੈਨੇਡੀਅਨ ਟਾਸਕ ਫੋਰਸ ਆਨ ਪ੍ਰੀਵੈਂਟਿਵ ਹੈਲਥ ਕੇਅਰ ਦੀ ਸਮੀਖਿਆ ਸ਼ੁਰੂ ਹੋਈ ਸੀ। ਹਾਲੈਂਡ ਨੇ ਦੱਸਿਆ, "ਹਾਲ ਹੀ ਵਿੱਚ ਮੈਂ ਸਮੀਖਿਆ ਪੈਨਲ ਦੇ ਚੇਅਰ ਨਾਲ ਮੁਲਾਕਾਤ ਕੀਤੀ ਅਤੇ ਮੈਨੂੰ ਦੱਸਿਆ ਗਿਆ ਕਿ ਪੈਨਲ ਨੇ ਸਬੂਤ ਇਕੱਠੇ ਕਰਨ ਦਾ ਕੰਮ ਪੂਰਾ ਕਰ ਲਿਆ ਹੈ। ਹੁਣ ਉਹ ਟਾਸਕ ਫੋਰਸ ਨੂੰ ਆਧੁਨਿਕ ਬਣਾਉਣ ਅਤੇ ਸੁਧਾਰਨ ਲਈ ਮਜ਼ਬੂਤ ਸਿਫਾਰਸ਼ਾਂ ਨੂੰ ਅੰਤਿਮ ਰੂਪ ਦੇ ਰਹੇ ਹਨ।" ਇਨ੍ਹਾਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ, ਹਾਲੈਂਡ ਨੇ ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ ਨੂੰ ਟਾਸਕ ਫੋਰਸ ਦੇ ਕੰਮ ਨੂੰ ਰੋਕਣ ਲਈ ਕਿਹਾ ਹੈ। ਇਹ ਰੋਕ ਸਮੀਖਿਆ ਪੈਨਲ ਦੇ ਕੰਮ ਦੇ ਪੂਰਾ ਹੋਣ ਅਤੇ ਸਿਫਾਰਸ਼ਾਂ ਦੀ ਪੂਰੀ ਜਾਂਚ ਤੱਕ ਜਾਰੀ ਰਹੇਗੀ, ਜੋ ਮਾਰਚ ਦੇ ਅੰਤ ਤੱਕ ਸੰਭਵ ਹੈ। ਉਨ੍ਹਾਂ ਨੇ ਕਿਹਾ, "ਇਹ ਪੈਨਲ ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ ਨੂੰ ਸਿਫਾਰਸ਼ਾਂ ਦੇਵੇਗਾ ਤਾਂ ਜੋ ਟਾਸਕ ਫੋਰਸ ਦੇ ਕੰਮ ਨੂੰ ਆਧੁਨਿਕ ਬਣਾਇਆ ਜਾ ਸਕੇ ਅਤੇ ਪ੍ਰਾਇਮਰੀ ਕੇਅਰ ਪ੍ਰਦਾਤਾਵਾਂ ਨੂੰ ਸਬੂਤ-ਅਧਾਰਤ ਮੈਡੀਕਲ ਦਿਸ਼ਾ-ਨਿਰਦੇਸ਼ ਮਿਲ ਸਕਣ।"

ਹਾਲੈਂਡ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਨਾਲ ਕੈਨੇਡਾ ਦੀ ਸਿਹਤ ਸੰਭਾਲ ਪ੍ਰਣਾਲੀ ਦੀਆਂ ਲੋੜਾਂ ਪੂਰੀਆਂ ਹੋਣਗੀਆਂ ਅਤੇ ਕੈਨੇਡੀਅਨਾਂ ਦੀ ਭਲਾਈ ਨੂੰ ਸਹਾਇਤਾ ਮਿਲੇਗੀ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਦੇਸ਼ ਵਿੱਚ ਸਿਹਤ ਸੰਭਾਲ ਨੀਤੀਆਂ 'ਤੇ ਤਿੱਖੀ ਬਹਿਸ ਚੱਲ ਰਹੀ ਹੈ। ਬ੍ਰੈਸਟ ਕੈਂਸਰ ਦੀ ਸਕ੍ਰੀਨਿੰਗ ਉਮਰ ਨੂੰ ਘਟਾਉਣ ਦੀ ਮੰਗ ਲੰਬੇ ਸਮੇਂ ਤੋਂ ਚੱਲ ਰਹੀ ਸੀ, ਕਿਉਂਕਿ ਨਵੇਂ ਅੰਕੜੇ ਦਿਖਾਉਂਦੇ ਹਨ ਕਿ 40-50 ਸਾਲ ਦੀ ਉਮਰ ਦੀਆਂ ਔਰਤਾਂ ਵਿੱਚ ਇਹ ਬਿਮਾਰੀ ਵਧ ਰਹੀ ਹੈ।

ਮੈਡੀਕਲ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸਕ੍ਰੀਨਿੰਗ ਸਮੇਂ ਸਿਰ ਸ਼ੁਰੂ ਕੀਤੀ ਜਾਵੇ ਤਾਂ ਕੈਂਸਰ ਦੀ ਸ਼ੁਰੂਆਤੀ ਪਛਾਣ ਹੋ ਸਕਦੀ ਹੈ, ਜਿਸ ਨਾਲ ਇਲਾਜ ਸੌਖਾ ਅਤੇ ਪ੍ਰਭਾਵੀ ਹੁੰਦਾ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਟਾਸਕ ਫੋਰਸ ਦੇ ਪੁਰਾਣੇ ਨਿਯਮਾਂ ਕਾਰਨ ਕਈ ਜਾਨਾਂ ਖ਼ਤਰੇ ਵਿੱਚ ਪੈ ਰਹੀਆਂ ਹਨ। ਇਸ ਦੇ ਉਲਟ, ਟਾਸਕ ਫੋਰਸ ਦਾ ਤਰਕ ਸੀ ਕਿ ਸਕ੍ਰੀਨਿੰਗ ਉਮਰ ਘਟਾਉਣ ਨਾਲ ਬੇਲੋੜੀ ਜਾਂਚ ਅਤੇ ਚਿੰਤਾ ਵਧ ਸਕਦੀ ਹੈ, ਪਰ ਇਹ ਦਲੀਲ ਹੁਣ ਮਾਹਿਰਾਂ ਨੂੰ ਸਵੀਕਾਰ ਨਹੀਂ ਹੈ। This report was written by Simranjit Singh as part of the Local Journalism Initiative.


Gaba Tire
All TIRES AVAILABLE (AS, AT & MT)
CAR DETAILING
Starting at
$100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS
50000 KM
WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107
Peardonville Rd
604-897-3235
604-746-4222
www.gabaautodetailing.com


# ਘਰੇਲੂ ਉਤਪਾਦਾਂ ਦੀ ਖਰੀਦ ਵਧਾਉਣ ਲਈ ਕੀਤੇ ਜਾ ਰਹੇ ਕਈ ਉਪਰਾਲੇ : ਡੇਵਿਡ ਏਬੀ

**ਜਲਦ ਹੀ ਬੀ.ਸੀ. ਦੇ ਉਤਪਾਦ ਪੂਰੇ ਕੈਨੇਡਾ ਵਿੱਚ ਬਿਨਾਂ ਕਿਸੇ ਰੁਕਾਵਟ ਦੇ ਵੇਚੇ ਜਾ ਸਕਣਗੇ**

**ਵੈਨਕੂਵਰ (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਏਬੀ ਨੇ ਕਿਹਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਲਾਏ ਗਏ ਟੈਰਿਫ਼ਾਂ ਦੇ ਮੱਦੇਨਜ਼ਰ, ਬੀ.ਸੀ. ਅਤੇ ਪੂਰੇ ਕੈਨੇਡਾ ਭਰ ਵਿੱਚ ਲੋਕ ਆਪਣੇ ਸਥਾਨਕ ਵਪਾਰਾਂ ਨੂੰ ਸਮਰਥਨ ਦੇਣ ਲਈ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਏਬੀ ਨੇ ਇਹ ਟਿੱਪਣੀ ਵੈਨਕੂਵਰ ਵਿਚ ਸਥਿਤ ਸੇਵ-ਆਨ-ਫੂਡ ਦੇ ਇੱਕ ਆਉਟਲੈਟ ‘ਤੇ ਕੀਤੀ, ਜਿੱਥੇ ਉਨ੍ਹਾਂ ਨੇ ਸਥਾਨਕ ਖੇਤੀਬਾੜੀ ਅਤੇ ਭੋਜਨ ਉਤਪਾਦਨ ਨੂੰ ਵਧਾਵਾ ਦੇਣ ਦੇ ਉਪਰਾਲਿਆਂ ਨੂੰ ਉਜਾਗਰ ਕੀਤਾ।



ਉਨ੍ਹਾਂ ਨੇ ਦੱਸਿਆ ਕਿ ਡੈਲਟਾ, ਬੀ.ਸੀ. 'ਚ ਸਥਿਤ ਵਿੰਟਸੈੱਟ ਫਾਰਮ ਨੇ ਬੀ.ਸੀ. ਹਾਇਡਰੋ ਨਾਲ ਪਿਛਲੇ ਗਰਮੀਆਂ ਇੱਕ ਸਮਝੌਤੇ ਤਹਿਤ ਆਪਣੀ ਸਥਾਪਨਾ ਵਿੱਚ ਵਾਧਾ ਲਿਆਉਣ ਦਾ ਫੈਸਲਾ ਲਿਆ। ਹੁਣ ਇਹ ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਐਡ.ਈ.ਡੀ. ਲਾਈਟ ਵਾਲਾ ਗ੍ਰੀਨਹਾਊਸ ਬਣ ਜਾਵੇਗਾ, ਜੋ ਪੂਰੀ ਤਰ੍ਹਾਂ ਨਵੀਨੀਕਰਣਯੋਗ ਬਿਜਲੀ ਨਾਲ ਚੱਲੇਗਾ। ਏਬੀ ਨੇ ਦੱਸਿਆ ਕਿ ਵਿੰਟਸੈੱਟ ਫਾਰਮ ਨੇ ਹਾਲ ਹੀ ‘ਚ ਸੇਵ-ਆਨ-ਫੂਡ ਨਾਲ ਇੱਕ ਮਹੱਤਵਪੂਰਨ ਸਮਝੌਤਾ ਕੀਤਾ, ਜਿਸ ਕਾਰਨ "ਅਮਰੀਕੀ ਟਮਾਟਰਾਂ ਦੀ ਥਾਂ ਬੀ.ਸੀ. ਦੀ ਉਤਪਾਦਿਤ ਫ਼ਸਲ ਲੈ ਰਹੀ ਹੈ," ਜਿਸ ਨਾਲ ਸਥਾਨਕ ਉਤਪਾਦਨ ਨੂੰ ਵਧਾਵਾ ਮਿਲ ਰਿਹਾ ਹੈ।

ਸੇਵ-ਆਨ-ਫੂਡ ਦੇ ਜੇਮੀ ਨੈਲਸਨ ਨੇ ਕਿਹਾ, “ਸਾਡੀਆਂ ਸ਼ੈਲਫ਼ਾਂ ‘ਤੇ 2,000 ਤੋਂ ਵੱਧ ਕੈਨੇਡੀਅਨ ਉਤਪਾਦ ਮੌਜੂਦ ਹਨ, ਜਿਨ੍ਹਾਂ ‘ਤੇ ਕੈਨੇਡਾ ਦੇ ਝੰਡੇ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅਸੀਂ ‘ਲੋਕਲ ਖਰੀਦ’ ਮੁਹਿੰਮ ਨੂੰ ਹੋਰ ਅੱਗੇ ਵਧਾਉਣ ਲਈ ਉਤਸ਼ਾਹਿਤ ਹਾਂ।"

ਏਬੀ ਨੇ ਦੱਸਿਆ ਕਿ ਬੀ.ਸੀ. ਸਰਕਾਰ ਵਲੋਂ ਲੋਕਾਂ ਨੂੰ ਸਥਾਨਕ ਉਤਪਾਦ ਖਰੀਦਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਇੱਕ ਨਵੀਂ ਵੈੱਬਸਾਈਟ ਸ਼ੁਰੂ ਕੀਤੀ ਗਈ ਹੈ, ਜਿਸ ‘ਤੇ ਨਵੇਂ ਤਰੀਕਿਆਂ ਅਤੇ ਟੈਰਿਫ਼ਾਂ ਬਾਰੇ ਜਾਣਕਾਰੀ ਮਿਲੇਗੀ। ਉਨ੍ਹਾਂ ਕਿਹਾ, "ਟਰੰਪ ਬਾਰੇ ਇੱਕੋ ਇਕ ਪੱਕੀ ਗੱਲ ਇਹ ਹੈ ਕਿ ਉਹ ਅਣਮਿਥੇ ਹਨ। ਇਸ ਕਾਰਨ, ਅਸੀਂ ਆਪਣੇ ਵਪਾਰਾਂ ਅਤੇ ਉਪਭੋਗਤਾਵਾਂ ਦੀ ਰਾਖੀ ਲਈ ਅਮਰੀਕਾ ‘ਤੇ ਨਿਰਭਰਤਾ ਘੱਟ ਰਹਿਣ ਦੇ ਉਪਰਾਲੇ ਕਰ ਰਹੇ ਹਾਂ।" ਇੱਕ ਸਵਾਲ ਦੇ ਜਵਾਬ ‘ਚ ਏਬੀ ਨੇ ਦੱਸਿਆ ਕਿ ਬੀ.ਸੀ. ਦੀ ਆਰਥਿਕ ਵਿਕਾਸ ਮੰਤਰੀ ਡਾਇਨਾ ਗਿਬਸਨ ਇਸ ਵਕਤ ਕੈਨੇਡਾ ਭਰ ਦੇ ਆਪਣੇ ਸਮਕਾਲੀ ਮੰਤਰੀਆਂ ਨਾਲ ਮਿਲਕੇ ਇੱਕ “ਸਮਝੌਤੇ” ‘ਤੇ ਕੰਮ ਕਰ ਰਹੀ ਹੈ।

ਇਸ ਸਮਝੌਤੇ ਤਹਿਤ, ਜੇਕਰ ਕਿਸੇ ਕੈਨੇਡਾ ਦੇ ਖੇਤਰ ‘ਚ ਕੋਈ ਉਤਪਾਦ ਵਿਕਰੀ ਲਈ ਮਨਜ਼ੂਰ ਹੋ ਜਾਂਦਾ ਹੈ, ਤਾਂ ਉਹ ਹੋਰ ਪ੍ਰਾਂਤਾਂ ਵਿੱਚ ਵੀ ਆਸਾਨੀ ਨਾਲ ਵਿਕ ਸਕੇਗਾ। "ਅਸੀਂ ਚਾਹੁੰਦੇ ਹਾਂ ਕਿ ਬੀ.ਸੀ. ਦੇ ਉਤਪਾਦ ਕੇਵਲ ਪ੍ਰਾਂਤ ਅੰਦਰ ਹੀ ਨਹੀਂ, ਬਲਕਿ ਪੂਰੇ ਕੈਨੇਡਾ ਵਿੱਚ ਬਿਨਾਂ ਕਿਸੇ ਰੁਕਾਵਟ ਦੇ ਵੇਚੇ ਜਾ ਸਕਣਗੇ।

ਉਨ੍ਹਾਂ ਕਿਹਾ "ਇਸ ਢੰਗ ਨਾਲ, ਅਸੀਂ ਬੀ.ਸੀ. ਦੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਾਂ, ਵਪਾਰਾਂ ਨੂੰ ਸ਼ਕਤੀਸ਼ਾਲੀ ਬਣਾ ਸਕਦੇ ਹਾਂ, ਅਤੇ ਆਪਣੇ ਉਪਭੋਗਤਾਵਾਂ ਨੂੰ ਅਮਰੀਕਾ ‘ਚ ਆਉਣ ਵਾਲੀਆਂ ਕਿਸੇ ਵੀ ਅਣਜਾਣੇ ਹਾਲਾਤਾਂ ਤੋਂ ਬਚਾ ਸਕਦੇ ਹਾਂ।” This report was written by Simranjit Singh as part of the Local Journalism Initiative.


BASEMENT FOR RENT
Two Bedroom Basement Suite to Rent
Available From
March 15 or April 1st.
Small Family. 3-4 person!
Utilities included . No laundry)
Call for Rent info :
604-961-4065

# ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਵੱਲੋਂ ਯੂਰਪ ਨੂੰ ਹਥਿਆਰਬੰਦ ਕਰਨ ਲਈ 842 ਅਰਬ ਡਾਲਰ ਦਾ ਪ੍ਰਸਤਾਵ ਪੇਸ਼

ਬਰੁਸੇਲਜ਼ : ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਯੂਰਪ ਨੂੰ ਮੁੜ ਹਥਿਆਰਬੰਦ ਕਰਨ ਲਈ ਵੱਡਾ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਪ੍ਰਸਤਾਵ ਵਿੱਚ 842 ਅਰਬ ਡਾਲਰ (ਲਗਭਗ 780 ਅਰਬ ਯੂਰੋ) ਦੀ ਰਾਸ਼ੀ ਜੁਟਾਉਣ ਦੀ ਯੋਜਨਾ ਹੈ, ਜਿਸ ਨੂੰ ਪੰਜ ਹਿੱਸਿਆਂ ਵਿੱਚ ਲਾਗੂ ਕੀਤਾ ਜਾਵੇਗਾ। ਇਸ ਦੇ ਤਹਿਤ ਯੂਰਪੀਅਨ ਯੂਨੀਅਨ (ਈਯੂ) ਦੇ ਮੈਂਬਰ ਦੇਸ਼ਾਂ ਦੀ ਰੱਖਿਆ ਲਈ 160 ਅਰਬ ਡਾਲਰ (150 ਅਰਬ ਯੂਰੋ) ਦਾ ਡਿਫੈਂਸ ਫੰਡ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਫੰਡ ਲਈ ਈਯੂ ਵੱਲੋਂ ਜਾਰੀ ਕੀਤੇ ਜਾਣਗੇ। ਇਸ ਤੋਂ ਪਹਿਲਾਂ ਵੀ ਈਯੂ ਨੇ ਯੂਕਰੇਨ ਦੀ ਮਦਦ ਲਈ 54 ਅਰਬ ਡਾਲਰ (50 ਅਰਬ ਯੂਰੋ) ਦੇ ਬਾਂਡ ਜਾਰੀ ਕੀਤੇ ਸਨ।

ਕੋਲਡ ਵਾਰ (1947-1991) ਤੋਂ ਬਾਅਦ ਯੂਰਪ ਆਪਣੀ ਸੁਰੱਖਿਆ ਲਈ ਅਮਰੀਕਾ 'ਤੇ ਨਿਰਭਰ ਰਿਹਾ ਹੈ। ਡਿਫੈਂਸ ਮਾਹਿਰ ਮਨੋਜ ਜੋਸ਼ੀ ਦਾ ਕਹਿਣਾ ਹੈ ਕਿ ਯੂਰਪ ਦੇ ਜ਼ਿਆਦਾਤਰ ਦੇਸ਼ ਆਪਣੇ ਜੀਡੀਪੀ ਦਾ 2% ਤੋਂ ਵੀ ਘੱਟ ਰੱਖਿਆ 'ਤੇ ਖਰਚ ਕਰਦੇ ਹਨ। ਇਸ ਕਾਰਨ ਉਨ੍ਹਾਂ ਦੀਆਂ ਫੌਜਾਂ ਕਮਜ਼ੋਰ ਹੋ ਗਈਆਂ ਹਨ ਅਤੇ ਮੁੜ ਮਜ਼ਬੂਤੀ ਲਈ ਸਮਾਂ ਚਾਹੀਦਾ ਹੈ। ਦੂਜੇ ਪਾਸੇ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਟੋ ਗਠਜੋੜ ਨੂੰ ਸਮਾਂ ਅਤੇ ਪੈਸੇ ਦੀ ਬਰਬਾਦੀ ਸਮਝਦੇ ਹਨ। ਜੇ ਅਮਰੀਕਾ ਨਾਟੋ ਛੱਡ ਦਿੰਦਾ ਹੈ ਤਾਂ ਯੂਰਪੀ ਦੇਸ਼ਾਂ ਨੂੰ ਆਪਣੀ ਰੱਖਿਆ 'ਤੇ ਘੱਟੋ-ਘੱਟ 3% ਖਰਚ ਕਰਨਾ ਪਵੇਗਾ।

ਯੂਰਪ ਨੂੰ ਗੋਲਾ-ਬਾਰੂਦ, ਟਰਾਂਸਪੋਰਟ, ਈਂਧਨ ਭਰਨ ਵਾਲੇ ਜਹਾਜ਼, ਕਮਾਂਡ ਐਂਡ ਕੰਟਰੋਲ ਸਿਸਟਮ, ਉਪਗ੍ਰਹਿ ਅਤੇ ਡਰੋਨ ਵਰਗੀਆਂ ਸਹੂਲਤਾਂ ਦੀ ਕਮੀ ਨੂੰ ਪੂਰਾ ਕਰਨਾ ਹੋਵੇਗਾ, ਜੋ ਹੁਣ ਤੱਕ ਅਮਰੀਕਾ ਮੁਹੱਈਆ ਕਰਵਾਉਂਦਾ ਸੀ। ਯੂਕੇ ਅਤੇ ਫਰਾਂਸ ਵਰਗੇ ਨਾਟੋ ਮੈਂਬਰ ਦੇਸ਼ਾਂ ਕੋਲ



500 ਪਰਮਾਣੂ ਹਥਿਆਰ ਹਨ, ਜਦਕਿ ਰੂਸ ਕੋਲ ਇਕੱਲੇ 6,000 ਹਨ। ਅਮਰੀਕਾ ਦੇ ਨਾਟੋ ਤੋਂ ਬਾਹਰ ਨਿਕਲਣ 'ਤੇ ਗਠਜੋੜ ਨੂੰ ਆਪਣੀ ਪਰਮਾਣੂ ਨੀਤੀ ਨੂੰ ਨਵੇਂ ਸਿਰੇ ਤੋਂ ਤਿਆਰ ਕਰਨਾ ਪਵੇਗਾ।

ਇਸ ਪ੍ਰਸਤਾਵ ਦੇ ਐਲਾਨ ਤੋਂ ਬਾਅਦ ਬ੍ਰਿਟਿਸ਼ ਡਿਫੈਂਸ ਕੰਪਨੀ ਭਅਓ ਸਿਸਟਮਜ਼, ਜਰਮਨ ਹਥਿਆਰ ਨਿਰਮਾਤਾ ਰਾਈਨਮੈਟਲ ਅਤੇ ਇਟਲੀ ਦੀ ਏਅਰੋਸਪੇਸ ਤੇ ਡਿਫੈਂਸ ਫਰਮ ਲਿਓਨਾਰਡੋ ਦੇ ਸ਼ੇਅਰਾਂ ਵਿੱਚ ਰਿਕਾਰਡ ਉਛਾਲ ਦੇਖਿਆ ਗਿਆ। ਨਿਊਯਾਰਕ ਟਾਈਮਜ਼ ਮੁਤਾਬਕ, ਇਹ ਪ੍ਰਸਤਾਵ ਯੂਰਪ ਦੀ ਰੱਖਿਆ ਸਮਰੱਥਾ ਵਧਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਹੈ।

ਟਰੰਪ ਸਰਕਾਰ ਦੇ ਹਾਲੀਆ ਕਦਮਾਂ ਕਾਰਨ ਯੂਰਪ ਅਮਰੀਕਾ 'ਤੇ ਸੁਰੱਖਿਆ ਨਿਰਭਰਤਾ ਘਟਾਉਣਾ ਚਾਹੁੰਦਾ ਹੈ। ਟਰੰਪ ਨੇ ਕਈ ਵਾਰ ਅਮਰੀਕਾ ਨੂੰ ਨਾਟੋ ਤੋਂ ਵੱਖ ਕਰਨ ਦੀ ਗੱਲ ਕਹੀ ਹੈ। 3 ਮਾਰਚ ਨੂੰ ਲੰਡਨ ਵਿੱਚ ਯੂਰਪੀ ਦੇਸ਼ਾਂ ਦੀ ਸੰਮੇਲਨ ਦੌਰਾਨ ਉਰਸੁਲਾ ਨੇ ਯੂਰਪ ਨੂੰ ਤੁਰੰਤ ਹਥਿਆਰਬੰਦ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਕਿਹਾ, "ਸਾਨੂੰ ਰੱਖਿਆ ਨਿਵੇਸ਼ ਵਧਾਉਣਾ ਹੋਵੇਗਾ। ਇਹ ਈਯੂ ਦੀ ਸੁਰੱਖਿਆ ਲਈ ਜ਼ਰੂਰੀ ਹੈ। ਸਾਨੂੰ ਸਭ ਤੋਂ ਖਰਾਬ ਹਾਲਾਤ ਲਈ ਤਿਆਰ ਰਹਿਣਾ ਚਾਹੀਦਾ ਹੈ।"

ਵਾਰ ਬਾਂਡ ਜਾਰੀ ਕਰਨ ਵਿੱਚ ਈਯੂ ਨੂੰ ਮੈਂਬਰ ਦੇਸ਼ਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਹਿਲਾਂ ਵੀ ਯੂਕਰੇਨ ਦੀ ਮਦਦ ਦੇ ਮੁੱਦੇ 'ਤੇ ਸਲੋਵਾਕੀਆ ਦੇ ਪ੍ਰਧਾਨ ਮੰਤਰੀ ਰਾਬਰਟ ਫਿਕੋ ਨੇ ਆਰਥਿਕ ਅਤੇ ਫੌਜੀ ਮਦਦ ਦੇਣ ਤੋਂ ਇਨਕਾਰ ਕੀਤਾ ਸੀ। ਇਸੇ ਤਰ੍ਹਾਂ, ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਾਨ ਨੇ ਟਰੰਪ ਦਾ ਸਮਰਥਨ ਕਰਦਿਆਂ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਦੀ ਆਲੋਚਨਾ ਕੀਤੀ ਸੀ। ਵ੍ਹਾਈਟ ਹਾਊਸ ਵਿੱਚ ਟਰੰਪ ਅਤੇ ਜ਼ੇਲੇਂਸਕੀ ਵਿਚਾਲੇ ਬਹਿਸ ਤੋਂ ਬਾਅਦ ਓਰਬਾਨ ਨੇ ਟਰੰਪ ਦੀ ਤਾਰੀਫ ਕੀਤੀ ਸੀ।

ਮਾਹਿਰਾਂ ਮੁਤਾਬਕ, ਇਹ ਪ੍ਰਸਤਾਵ ਸਾਂਝੀ ਯੂਰਪੀ ਫੌਜ ਬਣਾਉਣ ਦੀ ਸ਼ੁਰੂਆਤ ਹੋ ਸਕਦਾ ਹੈ। ਸੀਐਨਐਨ ਦੀ ਰਿਪੋਰਟ ਅਨੁਸਾਰ, ਯੂਰਪ ਦੀ ਕੁੱਲ ਸੰਯੁਕਤ ਫੌਜ ਵਿੱਚ 20 ਲੱਖ ਸੈਨਿਕ ਹਨ। ਕੋਲਡ ਵਾਰ ਦੇ ਸ਼ੁਰੂਆਤੀ ਦਿਨਾਂ ਵਿੱਚ ਸਾਂਝੀ ਫੌਜ ਦੀ ਗੱਲਬਾਤ ਹੁੰਦੀ ਰਹੀ ਹੈ। 1953-1961 ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਆਈਜ਼ਨਹਾਵਰ ਨੇ ਇਸ ਲਈ ਯੂਰਪੀ ਦੇਸ਼ਾਂ ਨੂੰ ਮਨਾਇਆ ਸੀ, ਪਰ ਫਰਾਂਸ ਦੀ ਸੰਸਦ ਨੇ ਇਸ ਨੂੰ ਰੋਕ ਦਿੱਤਾ।

1990 ਦੇ ਦਹਾਕੇ ਵਿੱਚ ਈਯੂ ਦੇ ਗਠਨ ਤੋਂ ਬਾਅਦ ਇੱਕ ਵਾਰ ਫਿਰ ਸਾਂਝੀ ਫੌਜ ਦਾ ਵਿਚਾਰ ਆਇਆ, ਪਰ ਅਮਰੀਕਾ ਦੇ ਵਿਰੋਧ ਅਤੇ ਨਾਟੋ ਪ੍ਰਤੀ ਵਚਨਬੱਧਤਾ ਕਾਰਨ ਇਹ ਅੱਗੇ ਨਹੀਂ ਵਧ ਸਕਿਆ। ਦਸੰਬਰ 1998 ਵਿੱਚ ਫਰਾਂਸ ਦੇ ਸੇਂਟ ਮਾਲੋ ਵਿੱਚ ਫਰਾਂਸੀਸੀ ਰਾਸ਼ਟਰਪਤੀ ਜੈਕ ਸ਼ਿਰਾਕ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਯੂਰਪੀ ਫੋਰਸ ਬਣਾਉਣ 'ਤੇ ਸਹਿਮਤੀ ਦਿੱਤੀ ਸੀ, ਪਰ ਇਹ ਯੋਜਨਾ ਅੱਗੇ ਨਹੀਂ ਵਧੀ।

# ਅਮਰੀਕੀ ਰਾਸ਼ਟਰਪਤੀ ਟਰੰਪ ਵਲੋਂ ਭਾਰਤ 'ਤੇ 100 ਫੀਸਦੀ ਟੈਰਿਫ਼ ਲਾਗੂ ਕਰਨ ਦੀ ਧਮਕੀ



**ਵਾਸ਼ਿੰਗਟਨ, (ਪਰਮਜੀਤ ਸਿੰਘ):** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ 2 ਅਪਰੈਲ ਤੋਂ ਭਾਰਤ 'ਤੇ 'ਜੈਸਾ ਕੋ ਤੈਸਾ' ਟੈਰਿਫ਼ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਤੋਂ 100% ਤੋਂ ਵੱਧ ਟੈਰਿਫ਼ ਵਸੂਲਦਾ ਹੈ, ਇਸ ਲਈ ਹੁਣ ਅਮਰੀਕਾ ਵੀ ਅੱਗੇ ਵਧੇਗਾ।

ਅਮਰੀਕੀ ਸੰਸਦ ਦੇ ਜੋਇੰਟ ਸੈਸ਼ਨ 'ਚ ਟਰੰਪ ਨੇ 1 ਘੰਟਾ 44 ਮਿੰਟ ਦਾ ਭਾਸ਼ਣ ਦਿੱਤਾ। ਇਹ ਉਨ੍ਹਾਂ ਦੇ ਪਹਿਲੇ ਕਾਰਜਕਾਲ ਨਾਲੋਂ ਲਗਭਗ 44 ਮਿੰਟ ਵੱਧ ਸੀ। ਉਨ੍ਹਾਂ ਨੇ "ਅਮਰੀਕਾ ਇਜ਼ ਬੈਕ" ਕਹਿ ਕੇ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ।

ਭਾਸ਼ਣ ਦੌਰਾਨ ਉਨ੍ਹਾਂ ਨੇ ਕਿਹਾ ਕਿ ਅਪਰੈਲ ਤੋਂ ਭਾਰਤ 'ਤੇ ਨਵਾਂ ਟੈਰਿਫ਼ ਲਾਗੂ ਹੋਵੇਗਾ। ਟ੍ਰੰਪ ਨੇ ਕਿਹਾ, "ਜਦੋਂ ਭਾਰਤ ਅਮਰੀਕਾ ਤੋਂ ਉੱਚੇ ਟੈਰਿਫ਼ ਲਗਾ ਸਕਦਾ ਹੈ, ਤਾਂ ਅਸੀਂ ਵੀ ਕਰ ਸਕਦੇ ਹਾਂ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਕੰਪਨੀ ਅਮਰੀਕਾ ਵਿੱਚ ਉਤਪਾਦ ਨਹੀਂ ਬਣਾਉਂਦੀ, ਤਾਂ ਉਸ ਨੂੰ ਟੈਰਿਫ਼ ਦੇਣਾ ਪਵੇਗਾ। ਯੂਕਰੇਨੀ ਰਾਸ਼ਟਰਪਤੀ ਜੇਲੇਨਸਕੀ ਜਲਦੀ ਹੀ ਜੰਗ ਖਤਮ ਕਰਨ ਦੀ ਗੱਲਬਾਤ ਲਈ ਤਿਆਰ ਹਨ। ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਮਾਸਕੋ ਨਾਲ ਸੰਭਾਵੀ ਸੰਧੀ ਲਈ ਗੰਭੀਰ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ "ਅਸੀਂ ਵਿਗਿਆਨ ਦੀ ਨਵੀਂ ਹੱਦ ਪਾਰ ਕਰਦੇ ਹੋਏ, ਮੰਗਲ ਗ੍ਰਹਿ 'ਤੇ ਅਮਰੀਕੀ ਝੰਡਾ ਲਹਿਰਾਵਾਂਗੇ।" ਉਨ੍ਹਾਂ ਕਿਹਾ ਕਿ "ਅਸੀਂ ਦੁਨੀਆ ਦੀ ਸਭ ਤੋਂ ਤਕਨੀਕੀ ਤੌਰ 'ਤੇ ਤਾਕਤਵਰ ਸਭਿਆਚਾਰ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਹੇ ਹਾਂ।"

ਟ੍ਰੰਪ ਦੇ ਨਵੇਂ ਟੈਰਿਫ਼ ਐਲਾਨ ਨਾਲ ਭਾਰਤ-ਅਮਰੀਕਾ ਵਪਾਰਕ ਰਿਸ਼ਤਿਆਂ 'ਚ ਤਣਾਅ ਆ ਸਕਦਾ ਹੈ। ਇਸ ਨਾਲ ਵਪਾਰ 'ਤੇ ਨਕਾਰਾਤਮਕ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਭਾਰਤ ਇਸ 'ਜੈਸਾ ਕੋ ਤੈਸਾ' ਨੀਤੀ ਦਾ ਕਿਵੇਂ ਜਵਾਬ ਦਿੰਦਾ ਹੈ।


SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2



ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ
604-512-5001
SHINE PRO CLEANING
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.



ਘਾਹ ਕੱਟਣ ਵਾਲੀ ਮਸ਼ੀਨ, (lawnmower) ਵਾਸ਼ਰ ਡਰਾਇਰ, ਮਿਕਸੀ, ਮਾਈਕਰੋਵੇਵ ਵਾਜਬ ਰੇਟ ਤੇ ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਸਰੀ ਦੀ ਲਾਈਫ-ਸਾਇੰਸ ਕੰਪਨੀ ਨੂੰ 3.7 ਮਿਲੀਅਨ ਡਾਲਰ ਦੀ ਫੰਡਿੰਗ

**ਸਰੀ, (ਸਿਮਰਨਜੀਤ ਸਿੰਘ):** ਸਰੀ ਆਧਾਰਤ ਲਾਈਫ-ਸਾਇੰਸ ਕੰਪਨੀ HealthTech Connex ਨੂੰ 18.3 ਮਿਲੀਅਨ ਡਾਲਰ ਦੀ ਫੈਡਰਲ PaicifCan ਫੰਡਿੰਗ 'ਚੋਂ 3.7 ਮਿਲੀਅਨ ਡਾਲਰ ਦੀ ਹਿੱਸੇਦਾਰੀ ਮਿਲੀ ਹੈ। ਇਹ ਫੰਡਿੰਗ ਬੀ.ਸੀ. ਦੀਆਂ 7 ਕੰਪਨੀਆਂ ਵਿੱਚ ਵੰਡੀ ਗਈ ਹੈ, ਜਿਸਦਾ ਮਕਸਦ ਵਪਾਰ ਨੂੰ ਵਿਕਸਤ ਕਰਨਾ, ਨਵੀਆਂ ਨੌਕਰੀਆਂ ਪੈਦਾ ਕਰਨੀ ਅਤੇ ਉਨ੍ਹਾਂ ਦੇ ਉਤਪਾਦਾਂ ਨੂੰ ਵਿਦੇਸ਼ੀ ਮਾਰਕਿਟ 'ਚ ਪਹੁੰਚਾਉਣਾ ਹੈ।

ਹੈਲਥ ਟੈਕ ਕੌਨੈਕਸ ਨੂੰ ਮਿਲੀ ਇਹ ਰਕਮ North Ameirca, Austraila, New Zealand ਅਤੇ Europe 'ਚ NeuroCatch Platform ਨੈਤੀਕ ਤੌਰ 'ਤੇ ਤਿਆਰ ਕੀਤੇ ਦਿਮਾਗ-ਸਕੈਨਿੰਗ ਮੈਡੀਕਲ ਡਿਵਾਈਸ ਦੀ ਵਪਾਰਕ ਤੌਰ 'ਤੇ ਤੈਨਾਤੀ ਵਧਾਉਣ ਲਈ ਵਰਤੀ ਜਾਵੇਗੀ।

ਮੰਗਲਵਾਰ ਨੂੰ ਸਰੀ ਸਿਟੀ ਹਾਲ 'ਚ ਇਸ ਫੰਡਿੰਗ ਦਾ ਐਲਾਨ ਹਰਜੀਤ ਸਿੰਘ ਸੱਜਣ (ਕੈਨੇਡਾ ਦੀ Paicifc Econoimc Development Agency - PaicifCan ਦੇ ਮੰਤਰੀ) ਵਲੋਂ ਕੀਤਾ ਗਿਆ। ਉਨ੍ਹਾਂ ਨੇ ਹੈਲਥ ਟੈਕ ਕੌਨੈਕਸ ਦੇ 96ਵੇਂ ਐਵਨਿਊ 'ਤੇ ਸਥਿਤ ਮੁੱਖ ਦਫ਼ਤਰ ਦਾ ਦੌਰਾ ਵੀ ਕੀਤਾ

ਹੈਲਥ ਟੈਕ ਕੌਨੈਕਸ ਦੇ ਸੰਸਥਾਪਕ, ਪ੍ਰਧਾਨ ਅਤੇ ਮੁੱਖ ਵਿਗਿਆਨਕ ਅਧਿਕਾਰੀ ਡਾ. ਰਾਇਨ ਡਾਰਸੀ ਨੇ ਦੱਸਿਆ ਕਿ ਇਹ ਫੰਡਿੰਗ ਉਨ੍ਹਾਂ ਦੀ ਕੰਪਨੀ ਨੂੰ NeuroCatch ਨੂੰ ਤੇਜ਼ੀ ਨਾਲ ਵਿਸ਼ਵ ਪੱਧਰ 'ਤੇ ਫੈਲਾਉਣ ਲਈ ਬਹੁਤ ਮਦਦਗਾਰ ਸਾਬਤ ਹੋਵੇਗੀ।

ਉਨ੍ਹਾਂ ਕਿਹਾ, "ਇਹ ਉਪਕਰਨ ਇੱਕ ਆਸਾਨ ਅਤੇ ਸ਼ਕਤੀਸ਼ਾਲੀ ਟੂਲ ਹੈ, ਜੋ ਡਾਕਟਰਾਂ ਨੂੰ ਉਨ੍ਹਾਂ ਦੇ ਮਰੀਜ਼ਾਂ ਦੀ ਸਿਹਤ ਦਾ ਮੁਲਾਂਕਣ ਕਰਨ 'ਚ ਮਦਦ ਕਰਦਾ ਹੈ। ਹੁਣ ਇਸਨੂੰ ਵਿਸ਼ਵ ਪੱਧਰ 'ਤੇ ਲੈ ਜਾਏਗਾ।"

ਜ਼ਿਕਰਯੋਗ ਹੈ ਕਿ PaicifCan ਨੂੰ "ਬੀ.ਸੀ. ਦੇ ਵਪਾਰਾਂ ਦੇ ਆਰਥਿਕ ਵਿਕਾਸ ਲਈ ਸਮਰਪਿਤ ਫੈਡਰਲ ਏਜੰਸੀ" ਵਜੋਂ ਸਥਾਪਿਤ ਕੀਤਾ ਗਿਆ ਹੈ।

ਹਰਜੀਤ ਸਿੰਘ ਸੱਜਣ ਨੇ ਕਿਹਾ ਕਿ "ਬੀ.ਸੀ. ਦੇ ਲੋਕ ਇਨੋਵੇਸ਼ਨ ਲਈ ਸੰਸਾਰ ਭਰ 'ਚ ਪ੍ਰਸਿੱਧ ਹਨ।" ਬੀ.ਸੀ. ਦੀਆਂ ਕੰਪਨੀਆਂ ਕਿਸਾਨੀ (agirculture), ਡਿਜੀਟਲ ਤਕਨੀਕ (idigtal technology) ਅਤੇ ਹੋਰ ਖੇਤਰਾਂ 'ਚ ਇਨੋਵੇਸ਼ਨ ਰਾਹੀਂ ਉਦਯੋਗਿਕ ਬਦਲਾਅ ਲਿਆ ਰਹੀਆਂ ਹਨ। PaicifCan ਵੱਲੋਂ ਦਿੱਤੀਆਂ ਜਾ ਰਹੀਆਂ ਇਹ ਨਿਵੇਸ਼ ਘੱਟੋ-ਘੱਟ ਲੰਬੇ ਸਮੇਂ ਤੱਕ B.C. ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਣਗੀਆਂ।"



## ਬੀ.ਸੀ. ਦੀਆਂ ਹੋਰ 6 ਕੰਪਨੀਆਂ ਨੂੰ ਵੀ ਮਿਲੀ ਮਦਦ

**ਹੈਲਥ ਟੈਕ ਕੌਨੈਕਸ ਤੋਂ ਇਲਾਵਾ, ਬੀ.ਸੀ. ਦੀਆਂ 6 ਹੋਰ ਕੰਪਨੀਆਂ ਨੂੰ ਵੀ PaicifCan ਫੰਡਿੰਗ ਦਾ ਲਾਭ ਮਿਲਿਆ ਹੈ:**

- **EggSolutoins Vanderpol's (Abbostford) –** $5 ਮਿਲੀਅਨ, ਨਿਰਮਾਣ (manufacturing) ਖੇਤਰ 'ਚ ਵਿਕਾਸ ਅਤੇ ਨਵੀਆਂ ਮਾਰਕਿਟਾਂ ਤੱਕ ਪਹੁੰਚ ਬਣਾਉਣ ਲਈ।
- **4AG Robotics (Salmon Arm) –** $2.5 ਮਿਲੀਅਨ, ਮਸ਼ਰੂਮ ਦੀ ਵਧੀਕ ਰੋਬੋਟਿਕ ਕੱਟਾਈ ਤਕਨੀਕ (robotic harvesting technology) ਨੂੰ ਵਿਕਸਤ ਕਰਨ ਲਈ।
- **MairneLabs (Victoria) –** $1.8 ਮਿਲੀਅਨ, ਆਸ਼ੀਅਨ ਡਾਟਾ ਨੈੱਟਵਰਕ (ocean data network) ਨੂੰ ਵਧਾਉਣ ਲਈ।
- **Mustimuhw Information Soluitons (Duncan) –** $3.26 ਮਿਲੀਅਨ, ਡਿਜੀਟਲ ਹੈਲਥ ਪਲੇਟਫਾਰਮ (digital health platform) ਦੇ ਵਿਸ਼ਤਾਰ ਲਈ।
- **VitaminLab (Victoria) –** $921,000, ਉਨ੍ਹਾਂ ਦੀ ਉਤਪਾਦਨ ਸਮਰੱਥਾ (production capacity) ਵਧਾਉਣ ਲਈ।
- **Pledge Resource Managers (Kelowna) –** $1.1 ਮਿਲੀਅਨ, ਇਕ ਸਮਾਰਟ ਸ਼ਾਵਰ ਸਿਸਟਮ (smart shower system) ਨੂੰ ਵਧੀਆ ਤਰੀਕੇ ਨਾਲ ਵਿਕਸਤ ਕਰਨ ਲਈ।

PaicifCan ਦੇ "Buisness Scale-up and Producitivty (BSP)" ਪ੍ਰੋਗਰਾਮ ਲਈ ਨਵੀਆਂ ਅਰਜ਼ੀਆਂ 4 ਮਾਰਚ ਤੋਂ ਸ਼ੁਰੂ ਹੋ ਗਈਆਂ ਹਨ, ਜੋ 30 ਅਪ੍ਰੈਲ ਜਾਰੀ ਰਹਿਣਗੀਆਂ।

ਇਸ ਰਾਹੀਂ ਬੀ.ਸੀ. ਦੀਆਂ ਉਨ੍ਹਾਂ ਕੰਪਨੀਆਂ ਨੂੰ ਵਾਧੂ ਮਦਦ ਮਿਲ ਸਕਦੀ ਹੈ, ਜੋ ਨਵੀਆਂ ਨਵੀਨ ਤਕਨੀਕਾਂ, ਉਤਪਾਦਾਂ ਜਾਂ ਸੇਵਾਵਾਂ ਨੂੰ ਵਿਕਸਤ ਕਰਕੇ ਵਧੀਆ ਪੱਧਰ 'ਤੇ ਲੈ ਜਾਣ ਦੀ ਯੋਜਨਾ ਬਣਾ ਰਹੀਆਂ ਹਨ। ਵੈੱਬਸਾਈਟ (canada.ca) ਉੱਤੇ ਜਾਣਕਾਰੀ ਲਈ ਐਪਲੀਕੇਸ਼ਨ ਜਮ੍ਹਾਂ ਕਰਾਈ ਜਾ ਸਕਦੀ ਹੈ।

ਇਸ ਮੌਕੇ ਸਰੀ ਦੇ ਸੰਸਦ ਮੈਂਬਰ ਰਣਦੀਪ ਸਰਾਏ (ਵੈਟਰਨ ਅਫੇਅਰਜ਼ ਦੇ ਸੰਸਦੀ ਸਕੱਤਰ) ਅਤੇ ਸਰੀ ਦੀ ਮੇਅਰ ਬ੍ਰੈਂਡਾ ਲੌਕ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੇਅਰ ਲੌਕ ਨੇ ਕਿਹਾ, "ਇਹ ਸਰੀ ਲਈ ਇੱਕ ਵੱਡੀ ਉਪਲਬਧੀ ਹੈ। ਸਾਡਾ ਸ਼ਹਿਰ ਨਵੀਆਂ ਤਕਨੀਕਾਂ, ਵਪਾਰਕ ਵਿਕਾਸ ਅਤੇ ਆਰਥਿਕ ਸਥਿਰਤਾ 'ਚ ਅਗੇ ਵਧ ਰਿਹਾ ਹੈ। ਇਹ ਫੰਡਿੰਗ ਸਾਡੀ ਸਿਹਤ ਸੰਭਾਲ ਸਿਸਟਮ ਲਈ ਬਹੁਤ ਮਦਦਗਾਰ ਸਾਬਤ ਹੋਵੇਗੀ।"

ਸਰੀ ਦੇ ਸੰਸਦ ਮੈਂਬਰ ਰਣਦੀਪ ਸਰਾਏ (ਵੈਟਰਨ ਅਫੇਅਰਜ਼ ਦੇ ਸੰਸਦੀ ਸਕੱਤਰ) ਨੇ ਕਿਹਾ ਕਿ PaicifCan ਦੀ ਇਹ ਨਵੀਂ ਯੋਜਨਾ ਬੀ.ਸੀ. 'ਚ ਨਵੇਂ ਉਦਯੋਗਿਕ ਕੇਂਦਰ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਨਵੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨ 'ਚ ਯੋਗਦਾਨ ਪਾਏਗੀ।

ਸਰੀ 'ਚ ਵਧ ਰਹੇ ਆਰਥਿਕ ਵਿਕਾਸ ਅਤੇ ਵਿਦੇਸ਼ੀ ਮਾਰਕੀਟਾਂ ਵਿੱਚ ਵਪਾਰਕ ਵਿਸ਼ਤਾਰ ਦੀ ਇਸ ਯੋਜਨਾ ਦੁਆਰਾ ਹੋਰ ਉਮੀਦਾਂ ਜਨਮ ਲੈ ਰਹੀਆਂ ਹਨ।

This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY BACK LIFE INSURANCE

- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈੱਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

• **Brar Bhagta Bhai Ka**
604-751-1113

• **Karamjit Singh Buttar**
Journalist

• **Simranjit Singh**
Journalist

• **Dr. Puran Singh**
Writer

• **Gora Sandhu Khurd**
News Reporter (Punjab)

• **Paramjit Singh**
Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਉਜਾੜਾ ਅਤੇ ਪ੍ਰਵਾਸ ਅਤਿਅੰਤ ਪੀੜਾ ਦਾਇਕ

**ਲਿਖਤ : ਗੁਰਮੀਤ ਸਿੰਘ ਪਲਾਹੀ**
**ਸੰਪਰਕ : 98158-02070**



ਨਿੱਤ ਦਿਹਾੜੇ ਸੈਂਕੜਿਆਂ ਦੀ ਗਿਣਤੀ 'ਚ ਜ਼ਬਰੀ ਹੱਥਾਂ 'ਚ ਹੱਥਕੜੀਆਂ ਪੈਰਾਂ 'ਚ ਬੇੜੀਆਂ ਨਾਲ ਜਕੜ ਕੇ ਪ੍ਰਵਾਸੀ ਅਮਰੀਕਾ 'ਚੋਂ ਕੱਢੇ ਜਾ ਰਹੇ ਹਨ।

ਅਮਰੀਕਾ ਵਸਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿੱਚ ਹੈ। ਮੈਕਸੀਕੋ, ਭਾਰਤ ਅਤੇ ਹੋਰ ਦੇਸ਼ਾਂ ਦੇ ਵਸ਼ਿੰਦੇ ਰੁਜ਼ਗਾਰ ਅਤੇ ਚੰਗੇ ਭਵਿੱਖ ਖ਼ਾਤਰ ਏਜੰਟਾਂ ਦੇ ਢਹੇ ਚੜ੍ਹਕੇ ਅਮਰੀਕਾ ਪੁੱਜੇ, ਸਰਕਾਰੀ ਸ਼ਿਕੰਜੇ 'ਚ ਗ਼ੈਰ-ਕਾਨੂੰਨੀ ਹੋਣ ਕਾਰਨ ਜਕੜੇ ਗਏ।

ਅਮਰੀਕਾ ਦੀ ਨਵੀਂ ਹਕੂਮਤ ਆਉਣ 'ਤੇ ਉਹਨਾਂ ਵਿੱਚੋਂ ਵੱਡੀ ਗਿਣਤੀ ਪ੍ਰਵਾਸੀਆਂ ਨੂੰ ਡਿਟੈਂਸ਼ਨ ਸੈਂਟਰ 'ਚ ਧੱਕ ਦਿੱਤਾ ਗਿਆ, ਜਿੱਥੇ ਉਹਨਾਂ ਨੂੰ ਤਸੀਹੇ ਦਿੱਤੇ ਗਏ ਅਤੇ ਮੁੜ ਉਹਨਾਂ ਨੂੰ ਉੱਥੋਂ ਦੇ ਸਖ਼ਤ ਕਾਨੂੰਨ ਅਨੁਸਾਰ ਫੌਜੀ ਹਵਾਈ ਜਹਾਜ਼ਾਂ ਰਾਹੀਂ ਉਹਨਾ ਦੇ ਆਪਣੇ ਦੇਸ਼ ਭੇਜਿਆ ਜਾ ਰਿਹਾ ਹੈ। ਇਹ ਉਹ ਪ੍ਰਵਾਸੀ ਹਨ ਜਿਹੜੇ ਲੱਖਾਂ ਰੁਪਏ ਖ਼ਰਚਕੇ ਡੌਂਕੀ ਰੂਟਾਂ ਰਾਹੀਂ ਵੱਡੇ ਕਸ਼ਟ ਝੱਲਕੇ ਅਮਰੀਕਾ ਪੁੱਜੇ ਸਨ। ਇੱਕ ਰਿਪੋਰਟ ਮੁਤਾਬਕ ਕੁਝ ਸਮੇਂ 'ਚ ਹੀ ਲਗਭਗ 18000 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀ ਦੇਸ਼ ਪਰਤਾ ਦਿੱਤੇ ਜਾਣਗੇ। ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਇਹ ਪ੍ਰਤੱਖ ਸਿੱਟਾ ਦੁਖਦਾਇਕ ਹੈ।

ਇਸ ਤੋਂ ਵੱਧ ਪੀੜਾ ਦਾਇਕ ਕੈਨੇਡਾ, ਅਮਰੀਕਾ ਵਸਦੇ ਉਹਨਾ ਲੋਕਾਂ ਦੇ ਡਗਮਗਾਉਂਦੇ ਭਵਿੱਖ ਦੀ ਵਾਰਤਾ ਹੈ, ਜੋ ਉਹਨਾ ਦੇਸ਼ਾਂ ਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ, ਜਿਹੜੇ ਇਸ ਆਸ ਨਾਲ ਉਹਨਾ ਦੇਸ਼ਾਂ 'ਚ ਚੰਗੇਰੇ ਭਵਿੱਖ ਲਈ ਵਿਦਿਆਰਥੀ ਬਣ ਕੇ ਜਾਂ ਨੌਕਰੀਆਂ ਕਰਨ ਲਈ ਗਏ ਸਨ ਅਤੇ ਹੁਣ ਬਦਲਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ। ਇਹਨਾ ਦੀ ਚਿੰਤਾ ਉੱਥੋਂ ਦੇਸ-ਨਿਕਾਲੇ ਦੀ ਹੈ।

ਅਸਲ ਵਿੱਚ ਪ੍ਰਵਾਸ ਦਾ ਦਰਦ ਇੰਨਾ ਡੂੰਘਾ ਹੈ ਮਨੁੱਖ ਲਈ ਕਿ ਉਸਨੂੰ ਝੱਲਣਾ ਔਖਾ ਹੈ। ਪਿੰਡ ਤੋਂ ਸ਼ਹਿਰ ਦਾ ਪ੍ਰਵਾਸ, ਸ਼ਹਿਰ ਦੇ ਇੱਕ ਕੋਨੇ ਤੋਂ ਦੂਜੇ ਸੂਬੇ ਦਾ ਪ੍ਰਵਾਸ, ਜਿਥੋਂ ਦੀ ਬੋਲੀ, ਸਭਿਆਚਾਰ ਦਾ ਆਪਸੀ ਵਖਰੇਵਾਂ ਹੈ ਅਤੇ ਫਿਰ ਦੇਸ਼ ਤੋਂ ਪ੍ਰਦੇਸ਼ ਦੇ ਪ੍ਰਵਾਸ ਦਾ ਦਰਦ ਮਨੁੱਖ ਨੂੰ ਭਰੇ ਮਨ ਨਾਲ ਮਜ਼ਬੂਰੀ ਬੱਸ ਹੰਡਾਉਣਾ ਪੈਂਦਾ ਹੈ।

ਇਹੋ ਜਿਹੇ ਪ੍ਰਵਾਸ ਦੇ ਦਰਦ ਦੀ ਇੱਕ ਵੰਨਗੀ ਪਿਛਲੇ ਸਾਲਾਂ 'ਚ ਉਸ ਵੇਲੇ ਦੇਸ਼ 'ਚ ਵੇਖਣ ਨੂੰ ਮਿਲੀ ਜਦੋਂ ਕਰੋਨਾ ਆਫ਼ਤ ਨੇ ਦੇਸਾਂ-ਵਿਦੇਸ਼ਾਂ 'ਚ ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ। ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣ ਗਏ ਲੋਕ ਪਿੰਡਾਂ ਵੱਲ ਪਰਤਾ ਦਿੱਤੇ। ਇਹਨਾ ਪ੍ਰਵਾਸੀਆਂ ਦੇ ਹਾਲਾਤ ਬਦ ਤੋਂ ਬਦਤਰ ਹੋਏ, ਜਿਹੜੇ ਵਰ੍ਹਿਆਂ ਬਾਅਦ ਵੀ ਸੌਖੇ ਨਹੀਂ ਹੋ ਸਕੇ।

ਵੱਡੀਆਂ ਉਜਾੜੇ ਦੀਆਂ ਇਹ ਹਾਲਤਾਂ ਭੁੱਖਮਰੀ ਦੀਆਂ ਪ੍ਰਸਥਿਤੀਆਂ ਪੈਦਾ ਕਰਦੀਆਂ ਹਨ, ਉਦੋਂ ਜਦੋਂ ਮਨੁੱਖ ਆਪਣੀਆਂ ਜੜ੍ਹਾਂ ਤੋਂ ਉਖੜਨ ਲਈ ਬੇਬਸ ਹੋ ਜਾਂਦਾ ਹੈ। ਵਸਿਆ-ਰਸਿਆ ਘਰ, ਪਰਿਵਾਰ, ਆਲਾ-ਦੁਆਲਾ ਛੱਡਣ ਲਈ ਉਹ ਮਜ਼ਬੂਰ ਹੋ ਜਾਂਦਾ ਹੈ।

ਅੱਜ ਵਿਸ਼ਵ ਭਰ 'ਚ ਜ਼ਬਰਨ ਘਰ ਛੱਡਣ-ਛੁਡਾਉਣ ਦੇ ਹਾਲਾਤਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਇਹਨਾ ਵਿੱਚ ਚਾਰ ਕਰੋੜ ਅੱਸੀ ਲੱਖ ਲੋਕ ਤਾਂ ਆਪਣੇ ਦੇਸ਼ਾਂ ਵਿੱਚ ਹੀ ਉਜਾੜੇ ਦਾ ਸ਼ਿਕਾਰ ਹਨ। ਪਰ ਅਸਲ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਸੀਆਂ ਦੀ ਗਿਣਤੀ ਸਤਾਈ ਕਰੋੜ ਵੀਹ ਲੱਖ ਪੁੱਜ ਚੁੱਕੀ ਹੈ। ਇਹਨਾ ਵਿੱਚੋਂ 9 ਕਰੋੜ 50 ਲੱਖ ਲੋਕ ਹੇਠਲੇ ਅਤੇ ਵਿਚਕਾਰਲੀ ਆਮਦਨ ਵਾਲੇ ਦੇਸ਼ਾਂ ਵਿੱਚ ਰਹਿ ਰਹੇ ਹਨ। ਉਹ ਉਜਾੜੇ ਅਤੇ ਭੁੱਖਮਰੀ ਨਾਲ ਜੂਝ ਰਹੇ ਹਨ। ਜਲਵਾਯੂ ਆਫ਼ਤ, ਭੁਚਾਲ, ਹਿੰਸਕ ਝੜਪਾਂ, ਯੁੱਧ, ਮਹਿੰਗਾਈ-ਬੇਰੁਜ਼ਗਾਰੀ, ਸਿਆਸੀ ਹਾਲਾਤ, ਸੋਕਾ ਅਤੇ ਹੜ੍ਹ ਦੇ ਚਲਦਿਆਂ ਦੁਨੀਆਂ ਦੇ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਗਿਆਰਾਂ ਕਰੋੜ ਤੋਂ ਵੀ ਵੱਧ ਹੈ, ਜਿਹਨਾ 'ਚ 40 ਫ਼ੀਸਦੀ ਬੱਚੇ ਹਨ। ਉਹ ਰਾਸ਼ਟਰੀਅਤਾ, ਸਿਖਿਆ, ਸਿਹਤ, ਰੁਜ਼ਗਾਰ, ਆਵਾਗਮਨ, ਆਜ਼ਾਦੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹੋ ਚੁੱਕੇ ਹਨ। 2024 'ਚ ਇੱਕ ਰਿਪੋਰਟ ਇਹੋ ਜਿਹੇ ਹਾਲਾਤਾਂ ਬਾਰੇ ਛਪੀ ਹੈ, ਜੋ ਦਰਸਾਉਂਦੀ ਹੈ ਕਿ 2024 ਉਜਾੜੇ 'ਤੇ ਪ੍ਰਵਾਸ ਦੀ ਦ੍ਰਿਸ਼ਟੀ ਤੋਂ ਅਤਿਅੰਤ ਚੁਣੌਤੀ ਭਰਪੂਰ ਰਿਹਾ ਹੈ।

ਸੀਰੀਆ 'ਚ ਉਜਾੜੇ ਦੀ ਸਥਿਤੀ ਗੰਭੀਰ ਹੈ। ਯੁਕਰੇਨ ਜੰਗ ਕਾਰਨ ਇੱਕ ਕਰੋੜ ਤੇਰਾਂ .ਲੱਖ ਲੋਕ ਬੇਘਰ ਹੋ ਗਏ ਹਨ। ਪੋਲੈਂਡ, ਰੁਮਾਨੀਆ, ਹੰਗਰੀ ਅਤੇ ਬੇਲਾਰੂਸ ਦੇ ਲੋਕ ਗੁਆਂਢੀ ਦੇਸ਼ਾਂ 'ਚ ਸ਼ਰਨਾਰਥੀ ਬਣੇ ਹੋਏ ਹਨ। ਅਫਗਾਨਿਸਤਾਨ ਦੇ ਇੱਕ ਕਰੋੜ ਨੱਬੇ ਲੱਖ ਲੋਕ ਭੁੱਖਮਰੀ ਵਰਗੇ ਹਾਲਾਤਾਂ ਵਿੱਚ ਹਨ। ਵੈਨੇਜੋਏਲਾ 'ਚ ਤੇਈ ਲੱਖ ਲੋਕ ਭੁੱਖਮਰੀ ਦੀ ਗੰਭੀਰ ਸਥਿਤੀ ਸੰਕਟ 'ਚ ਹਨ।

ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਦੱਖਣੀ ਸੁਡਾਨ ਦੇ ਹਾਲਾਤ ਅਤਿਅੰਤ ਗੰਭੀਰ ਹਨ। ਮੀਆਂਮਾਰ ਵਿੱਚੋਂ ਉਜੜੇ ਸਤਾਰਾਂ ਲੱਖ ਲੋਕ ਆਪਣੀ ਨਾਗਰਿਕਤਾ ਗੁਆ ਕੇ ਦੁਨੀਆ ਦੇ ਸਭ ਤੋਂ ਜ਼ਿਆਦਾ ਸਤਾਏ ਜਾਣ ਵਾਲੀ ਸਥਿਤੀ 'ਚ ਘੱਟ ਗਿਣਤੀਆਂ ਦੇ ਰੂਪ 'ਚ ਜਾਣੇ ਜਾਂਦੇ ਹਨ। ਇਹਨਾ ਦੇਸ਼ਾਂ ਦੇ ਬੱਚਿਆਂ ਦੇ ਹਾਲਾਤ ਅਤਿਅੰਤ ਤਰਸਯੋਗ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਨ ਕਾਰਨ ਬੋਨੇਪਨ ਦਾ ਸ਼ਿਕਾਰ ਹਨ। ਦੁਨੀਆਂ 'ਚ ਇਸ ਸਮੇਂ ਸਭ ਤੋਂ ਵੱਧ ਆਬਾਦੀ ਸ਼ਰਨਾਰਥੀਆਂ ਦੀ ਹੈ, ਜਿਹਨਾ ਵਿੱਚ ਦੋ ਕਰੋੜ ਪੰਜਾਹ ਲੱਖ ਤੋਂ ਜ਼ਿਆਦਾ ਆਪਣੇ ਘਰਾਂ 'ਚੋਂ ਉਜੜਕੇ ਵਿਦੇਸ਼ਾਂ 'ਚ ਦਿਨ ਕੱਟੀ ਕਰ ਰਹੇ ਹਨ। ਇਹਨਾ ਵਿੱਚੋਂ ਇੱਕ ਕਰੋੜ ਦਸ ਲੱਖ ਬੱਚੇ ਹਨ। ਪਿਛਲੇ ਦਸ ਸਾਲਾਂ 'ਚ ਇਹ ਸੰਖਿਆ ਦੁਗਣੀ ਹੋ ਗਈ ਹੈ।

ਵਿਸ਼ਵ ਭਰ 'ਚ ਟੈਕਨੌਲੋਜੀ ਦੇ ਵਿਕਾਸ ਦੇ ਫੋਕੇ ਨਾਹਰਿਆਂ ਵਿਚਕਾਰ ਬੀਤੇ ਸਾਲ 2024 ਵਿੱਚ ਲਗਭਗ ਪੰਦਰਾਂ ਕਰੋੜ ਲੋਕ ਭੁੱਖਮਰੀ ਤੋਂ ਬੇਹਾਲ ਰਹੇ।

ਕੋਵਿਡ ਦੇ ਬਾਅਦ ਹੁਣ ਤੱਕ ਇਸ ਗਿਣਤੀ 'ਚ ਪੰਦਰਾਂ ਕਰੋੜ ਦਾ ਹੋਰ ਵਾਧਾ ਹੋਇਆ। ਇੱਕ ਅਧਿਐਨ ਅਨੁਸਾਰ ਸਤਾਹਟ ਕਰੋੜ ਲੋਕਾਂ ਨੂੰ 2030 ਤੱਕ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਵਿੱਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਹਨਾ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ।

ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ। ਸੈਂਟਰ ਫਾਰ ਸਾਇੰਜ ਐਂਡ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੜ੍ਹ, ਸੋਕੇ ਅਤੇ ਚੱਕਰਵਾਤ ਤੂਫਾਨਾਂ ਕਾਰਨ ਭਾਰਤ ਵਿੱਚ ਵੱਡੇ ਪੈਮਾਨੇ ਉੱਤੇ ਉਜਾੜਾ ਹੋ ਰਿਹਾ ਹੈ। ਦੇਸ਼ ਦੇ ਪਹਾੜੀ ਅਤੇ ਸਮੁੰਦਰੀ ਤੱਟ ਵਰਤੀ ਖੇਤਰਾਂ ਤੋਂ ਬਿਨ੍ਹਾਂ ਬਿਹਾਰ, ਛੱਤੀਸਗੜ੍ਹ, ਝਾਰਖੰਡ 'ਚ ਵੀ ਲਗਾਤਾਰ ਇਹੋ ਜਿਹੀਆਂ ਸਥਿਤੀਆਂ ਵੇਖਣ ਨੂੰ ਮਿਲਦੀਆਂ ਹਨ।

ਬਿਨ੍ਹਾਂ ਸ਼ੱਕ ਮਨੁੱਖ ਨੂੰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਕੁਦਰਤੀ ਆਫ਼ਤਾਂ ਹਨ, ਜਿਹਨਾ ਦਾ ਕਾਰਨ ਵਾਤਾਵਰਨ ਨਾਲ ਵੱਡੀ ਛੇੜ-ਛਾੜ ਹੈ, ਜਿਸਦਾ ਖਮਿਆਜ਼ਾ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਆਮ ਲੋਕਾਂ ਵਿੱਚੋਂ ਵੀ ਘੱਟ ਤਾਕਤਵਰ, ਕੰਮਜ਼ੋਰ ਲੋਕ, ਖ਼ਾਸ ਕਰਕੇ ਔਰਤਾਂ ਤੇ ਬੱਚੇ ਆਫ਼ਤਾਂ, ਯੁੱਧਾਂ ਦੇ ਸਿੱਟਿਆਂ ਦਾ ਵੱਧ ਸ਼ਿਕਾਰ ਹੁੰਦੇ ਹਨ।

ਸਮਾਜ 'ਚ ਆਰਥਿਕ ਤੇ ਸਮਾਜਿਕ ਨਾ-ਬਰਾਬਰੀ, ਸਾਧਨਾਂ ਦੀ ਲੁੱਟ, ਇਹੋ ਜਿਹੇ ਕਾਰਨ ਹਨ, ਜੋ ਸਾਧਨਹੀਣ ਮਨੁੱਖ ਲਈ ਵਧੇਰੇ ਮੁਸੀਬਤਾਂ ਖੜੀਆਂ ਕਰਦੇ ਹਨ। ਹੇਠਲੇ ਵਰਗ ਵਾਲੇ, ਘੱਟ ਆਮਦਨੀ ਵਾਲੇ ਲੋਕਾਂ ਨੂੰ ਪ੍ਰਵਾਸ ਦਾ ਵੱਧ ਦਰਦ ਸਹਿਣਾ ਪੈਂਦਾ ਹੈ। ਘਰੋਂ ਬੇਘਰ ਹੋਣਾ, ਭੁੱਖਮਰੀ ਦਾ ਸ਼ਿਕਾਰ ਹੋਣਾ, ਬੇਰੁਜ਼ਗਾਰੀ ਦੀ ਮਾਰ ਹੇਠ ਆਉਣਾ, ਇਹ ਵਰਤਮਾਨ ਸਮੇਂ 'ਚ ਕਾਰਪੋਰੇਟ ਦੇ ਘਰਾਣਿਆਂ ਦੀ ਤਾਕਤ ਤੇ ਧਨ ਹਥਿਆਉਣ ਦਾ ਸਿੱਟਾ ਹੈ। ਜੋ ਕੁਦਰਤ ਦੇ ਨਾਲ ਖਿਲਵਾੜ ਕਰਕੇ ਨਵੇਂ ਪ੍ਰਾਜੈਕਟ ਲਗਾਕੇ ਸਾਧਨਾਂ ਦੀ ਲੁੱਟ ਕਰਕੇ ਆਪਣੇ ਭੜੌਲੇ ਭਰਦੇ ਹਨ, ਹਾਕਮਾਂ ਨਾਲ ਰਲਕੇ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਹਨਾ ਦਾ ਸ਼ੋਸਣ ਕਰਦੇ ਹਨ। ਇਹ ਵਰਤਾਰਾ ਦੇਸ-ਪ੍ਰਦੇਸ 'ਚ ਲਗਾਤਾਰ ਵੱਧ ਰਿਹਾ ਹੈ।

ਮਨੁੱਖ ਮੁੱਢ ਕਦੀਮ ਤੋਂ ਪ੍ਰਵਾਸ ਹੰਢਾਉਂਦਾ, ਜੰਗਲ ਬੇਲੇ ਘੁੰਮਦਾ, ਸੁਰੱਖਿਅਤ ਟਿਕਾਣਿਆਂ ਅਤੇ ਚੰਗੇ ਸੁਖਾਵੇਂ ਜੀਵਨ ਦੀ ਭਾਲ ਤੇ ਲਾਲਸਾ ਤਹਿਤ ਆਪਣੀ ਜਨਮ ਭੂਮੀ ਤੋਂ ਦੂਰ ਜਾਂਦਾ ਰਿਹਾ ਹੈ। ਜੀਵਨ ਦਾ ਉਸਦਾ ਇਹ ਸੰਘਰਸ਼ ਲਗਾਤਾਰ ਜਾਰੀ ਹੈ। ਉਸਦੀ ਤਾਂਘ ਬ੍ਰਹਿਮੰਡ 'ਚ ਵਿਸ਼ਵ ਨਾਗਰਿਕਤਾ ਪ੍ਰਾਪਤ ਕਰਨ ਨਾਲ ਜੁੜੀ ਹੈ।

ਉਸਦੀ ਸੋਚ, ਭੁੱਖਮਰੀ ਤੋਂ ਛੁਟਕਾਰਾ ਪਾਕੇ ਚੰਗੀ ਸਾਵੀ ਜ਼ਿੰਦਗੀ ਜੀਊਣ ਨਾਲ ਬੱਝੀ ਹੋਈ ਹੈ। ਦੇਸਾਂ-ਵਿਦੇਸ਼ਾਂ ਦੀਆਂ ਸਰਕਾਰਾਂ ਦੇ ਨਿਯਮ ਉਸਨੂੰ ਆਪਣੀ ਖੁਲ੍ਹੀ ਸੋਚ 'ਚ ਰੁਕਾਵਟ ਜਾਪਦੇ ਹਨ। ਉਹ ਕਈ ਵੇਰ ਵੱਡੇ ਜ਼ੋਖ਼ਮ ਉਠਾਕੇ ਕਾਨੂੰਨੀ ਸੰਗਲਾਂ ਨੂੰ ਤੋੜਦਾ ਹੈ ਅਤੇ ਕਈ ਵੇਰ ਆਪ ਇਹਨਾ ਸੰਗਲਾਂ 'ਚ ਜਕੜਿਆਂ ਜਾਂਦਾ ਹੈ।

ਉਂਜ ਮਨੁੱਖ ਲਈ ਉਜਾੜਾ ਅਤੇ ਪ੍ਰਵਾਸ ਦੋਵੇਂ ਹੀ ਅਤਿਅੰਤ ਖ਼ਤਰਨਾਕ ਪੀੜਾ ਦਾਇਕ ਹਨ। ਜਿਹਨਾ ਤੋਂ ਨਿਜਾਤ ਪਾਉਣ ਲਈ ਮਨੁੱਖ ਨੂੰ ਨਿਵੇਕਲੀ ਸੋਚ ਨਾਲ ਨਵੇਂ ਦਿਸਹੱਦੇ ਸਿਰਜਣੇ ਪੈਣਗੇ ਤਾਂ ਕਿ ਚੰਗੇਰਾ ਮਨੁੱਖੀ ਜੀਵਨ ਜੀਊਣ ਦੀਆਂ ਉਸਦੀਆਂ ਆਸਾਂ ਨੂੰ ਬੂਰ ਪਵੇ।

# ਸਰੀ-ਡੈਲਟਾ ਸਰਹੱਦ ਨੇੜੇ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ





ਸਰੀ, (ਸਿਮਰਨਜੀਤ ਸਿੰਘ): ਸਰੀ ਅਤੇ ਡੈਲਟਾ ਦੀ ਸਰਹੱਦ ਨੇੜੇ ਸੋਮਵਾਰ ਸ਼ਾਮ ਗੋਲੀਬਾਰੀ ਦੀ ਇੱਕ ਘਟਨਾ ਦੌਰਾਨ ਇੱਕ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਹਤਿਆ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਇਹ ਵਾਰਦਾਤ ਸ਼ਾਮ 5:25 ਵਜੇ ਸਕਾਟ ਰੋਡ 120 ਸਟਰੀਟ ਅਤੇ 80 ਐਵੇਨਿਊ ਨੇੜਲੇ 'ਸਕਾਟ ਰੋਡ ਕਰਾਸਿੰਗ' ਕੰਪਲੈਕਸ ਦੇ ਪਾਰਕਿੰਗ ਲਾਟ 'ਚ ਵਾਪਰੀ। ਪੁਲਿਸ ਨੇ ਘਟਨਾ ਸਥਾਨ 'ਤੇ ਇੱਕ ਵੱਡੇ ਇਲਾਕੇ ਨੂੰ ਪੀਲੀ ਟੇਪ ਨਾਲ ਸੀਲ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਨੌਜਵਾਨ ਦੀ ਉਮਰ 29 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ ਜੋ ਇੱਕ ਮਸ਼ਹੂਰ ਡੀਜੇ ਨਾਲ ਕੰਮ ਕਰਨ ਦੇ ਨਾਲ-ਨਾਲ ਰਿਐਲਟਰ ਸੀ ਅਤੇ ਸੌਕਰ-ਬਾਸਕਟਬਾਲ ਦਾ ਵਧੀਆ ਖਿਡਾਰੀ ਵੀ ਸੀ। ਸਰੀ ਪੁਲਿਸ ਸਰਵਿਸ ਨੇ ਪੁਸ਼ਟੀ ਕੀਤੀ ਕਿ ਨੌਜਵਾਨ ਨੂੰ ਉਸ ਸਮੇਂ ਗੋਲੀ ਮਾਰੀ ਗਈ, ਜਦ ਉਹ ਆਪਣੀ ਗੱਡੀ ਵਿੱਚ ਬੈਠਿਆ ਹੋਇਆ ਸੀ। ਪੁਲਿਸ ਨੇ ਇਸ ਥਾਂ 'ਤੇ ਗੋਲੀਆਂ ਦੇ ਨਿਸ਼ਾਨਾਂ ਵਾਲੀ ਇੱਕ ਚਿੱਟੀ ਐਸ.ਯੂ.ਵੀ. ਮਿਲੀ, ਜਿਸ ਕੋਲ ਹੀ ਇੱਕ ਸ਼ਖ਼ਸ ਦੀ ਲਾਸ਼ ਇੱਕ ਤਿਰਪਾਲ ਹੇਠ ਪਈ ਮਿਲੀ। ਇਸ ਹਮਲੇ ਦੇ ਇੱਕ ਗਵਾਹ ਨੇ ਦੱਸਿਆ ਕਿ ਗੋਲੀਬਾਰੀ ਤੋਂ ਠੀਕ ਪਹਿਲਾਂ ਉਹ ਆਪਣੇ ਦੋਸਤ ਨਾਲ ਉਥੇ ਮੌਜੂਦ ਸੀ। ਇਸ ਘਟਨਾ ਤੋਂ ਬਾਅਦ ਸ਼ੱਕੀ ਇੱਕ ਲਾਲ ਰੰਗ ਦੀ ਇਲੈਕਟ੍ਰਿਕ ਕਾਰ 'ਚ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਘਟਨਾ ਤੋਂ ਕੁਝ ਸਮੇਂ ਬਾਅਦ, 'ਵੈਸਟਵਿਊ ਪਾਰਕ' ਨੇੜੇ ਉਹੀ ਕਾਰ ਜਲੀ ਹੋਈ ਬਰਾਮਦ ਹੋਈ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਇਹ ਦੋਵੇਂ ਘਟਨਾਵਾਂ ਕਿਸੇ ਤਰੀਕੇ ਨਾਲ ਆਪਸ ਵਿੱਚ ਜੁੜੀਆਂ ਹੋਈਆਂ ਹਨ ਜਾਂ ਨਹੀਂ। ਸਰੀ ਪੁਲਿਸ ਨੇ ਸਥਾਨਕ ਵਾਸੀਆਂ ਨੂੰ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ।

This report was written by Simranjit Singh as part of the Local Journalism Initiative.


Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170



Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਟਰੰਪ ਦੇ 'ਟੈਰਿਫ ਯੁੱਧ' ਦਾ ਦੁਨੀਆ 'ਤੇ ਕੀ ਪ੍ਰਭਾਵ ਪਵੇਗਾ, ਅਮਰੀਕਾ ਖੁਦ ਕਿੰਨਾ ਪ੍ਰਭਾਵਿਤ ਹੋਵੇਗਾ?

**ਖਾਸ ਰਿਪੋਰਟ**

ਕੀ ਡੋਨਾਲਡ ਟਰੰਪ ਦੀ ਟੈਰਿਫ ਵਾਰ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰੇਗੀ ਜਾਂ ਵਿਗੜੇਗੀ? ਘੱਟੋ-ਘੱਟ ਟਰੰਪ ਅਮਰੀਕੀਆਂ ਨੂੰ ਜੋ ਸੁਪਨਾ ਦਿਖਾ ਰਿਹਾ ਹੈ ਉਹ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਦਾ ਹੈ, ਪਰ ਕੀ ਉਸਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਹੈ ਕਿ ਅਮਰੀਕਾ ਨੂੰ ਇਸਦੀ ਕੀਮਤ ਕਿੰਨੀ ਚੁਕਾਉਣੀ ਪਵੇਗੀ? ਜੇ ਅਜਿਹਾ ਹੁੰਦਾ, ਤਾਂ ਕੀ ਉਹ ਟੈਰਿਫ ਯੁੱਧ ਬਾਰੇ ਇੰਨਾ ਜ਼ਿਆਦਾ ਬਿਆਨ ਬਾਜੀ ਕਰਦਾ?

ਟਰੰਪ ਨੇ ਹੁਣੇ ਜਿਹੇ ਫਿਰ ਕਿਹਾ, 'ਵਪਾਰ 'ਤੇ ਨਿਰਪੱਖਤਾ ਦੇ ਉਦੇਸ਼ ਲਈ, ਮੈਂ ਫੈਸਲਾ ਕੀਤਾ ਹੈ ਕਿ ਮੈਂ ਜਵਾਬੀ ਟੈਰਿਫ ਲਗਾਵਾਂਗਾ, ਜਿਸਦਾ ਮਤਲਬ ਹੈ ਕਿ ਜੋ ਵੀ ਦੇਸ਼ ਸੰਯੁਕਤ ਰਾਜ ਅਮਰੀਕਾ 'ਤੇ ਟੈਰਿਫ ਲਗਾਉਂਦਾ ਹੈ, ਅਸੀਂ ਉਨ੍ਹਾਂ 'ਤੇ ਟੈਰਿਫ ਲਗਾਵਾਂਗੇ – ਨਾ ਜ਼ਿਆਦਾ, ਨਾ ਘੱਟ!' ਉਸਨੇ ਕਿਹਾ ਹੈ, 'ਕਈ ਸਾਲਾਂ ਤੋਂ, ਦੂਜੇ ਦੇਸ਼ਾਂ ਦੁਆਰਾ ਅਮਰੀਕਾ ਨਾਲ ਬੇਇਨਸਾਫ਼ੀ ਕੀਤੀ ਗਈ ਹੈ, ਭਾਵੇਂ ਉਹ ਦੋਸਤ ਹੋਣ ਜਾਂ ਦੁਸ਼ਮਣ। ...ਇਹਨਾਂ ਦੇਸ਼ਾਂ ਲਈ ਇਹ ਯਾਦ ਰੱਖਣ ਅਤੇ ਸਾਡੇ ਨਾਲ ਨਿਰਪੱਖ ਵਿਵਹਾਰ ਕਰਨ ਦਾ ਸਮਾਂ ਆ ਗਿਆ ਹੈ।'

ਜਦੋਂ ਤੋਂ ਟਰੰਪ ਨੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲੀਆਂ ਵਸਤਾਂ 'ਤੇ ਭਾਰੀ ਟੈਰਿਫ ਲਗਾਉਣ ਦੇ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ, ਉਦੋਂ ਤੋਂ ਹੀ ਇੱਕ ਵੱਡਾ ਆਰਥਿਕ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ। ਟਰੰਪ ਦੇ ਫੈਸਲੇ ਤੋਂ ਬਾਅਦ, ਉਨ੍ਹਾਂ ਦੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੇ ਜਵਾਬੀ ਕਾਰਵਾਈ ਕੀਤੀ ਅਤੇ ਅਮਰੀਕਾ 'ਤੇ ਜਵਾਬੀ ਟੈਰਿਫ ਲਗਾਏ। ਚੀਨ ਨੇ ਵੀ ਇਹੀ ਕੀਤਾ ਹੈ। ਯੂਰਪੀਅਨ ਯੂਨੀਅਨ 'ਤੇ ਟੈਰਿਫ ਲਗਾਉਣ ਦੀ ਵੀ ਗੱਲ ਹੋ ਰਹੀ ਹੈ। ਭਾਰਤ ਦੇ ਮਾਮਲੇ ਵਿੱਚ, ਟਰੰਪ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਟੈਰਿਫ ਲਗਾਏ ਜਾਣਗੇ। ਤਾਂ ਕੀ ਅਮਰੀਕਾ ਵੱਲੋਂ ਟੈਰਿਫ ਲਗਾਉਣ ਨਾਲ ਦੁਨੀਆ ਦੇ ਦੇਸ਼ਾਂ ਨੂੰ ਭਾਰੀ ਨੁਕਸਾਨ ਹੋਵੇਗਾ ਅਤੇ ਕੀ ਅਮਰੀਕਾ ਨੂੰ ਬਹੁਤ ਫਾਇਦਾ ਹੋਵੇਗਾ?

## ਇਸਦਾ ਦੁਨੀਆ ਸਹਿਤ ਹੋਰ ਦੇਸ਼ਾਂ 'ਤੇ ਕੀ ਪ੍ਰਭਾਵ ਪਵੇਗਾ

ਟਰੰਪ ਦਾ ਸਭ ਤੋਂ ਵੱਡਾ ਐਲਾਨ ਚੀਨ, ਮੈਕਸੀਕੋ ਅਤੇ ਕੈਨੇਡਾ 'ਤੇ ਟੈਰਿਫ ਲਗਾਉਣਾ ਸੀ। 2024 ਵਿੱਚ ਚੀਨ, ਮੈਕਸੀਕੋ ਅਤੇ ਕੈਨੇਡਾ ਮਿਲ ਕੇ ਅਮਰੀਕਾ ਨੂੰ 40% ਤੋਂ ਵੱਧ ਹਿੱਸਾ ਨਿਰਯਾਤ ਕਰਦੇ ਹਨ। ਚੀਨ ਤੋਂ ਅਮਰੀਕਾ ਨੂੰ ਆਯਾਤ ਕੀਤੇ ਜਾਣ ਵਾਲੇ ਸਾਰੇ ਸਮਾਨ 'ਤੇ 10% ਟੈਰਿਫ 4 ਫਰਵਰੀ ਨੂੰ ਲਾਗੂ ਹੋ ਗਿਆ ਸੀ। ਬੀਜਿੰਗ ਨੇ ਜਵਾਬੀ ਕਾਰਵਾਈ ਕਰਕੇ ਟੈਰਿਫਾਂ ਨਾਲ ਬਦਲਾ ਲਿਆ, ਜੋ 10 ਫਰਵਰੀ ਨੂੰ ਲਾਗੂ ਹੋਇਆ। ਇਸ ਵਿੱਚ ਅਮਰੀਕੀ ਕੋਲਾ ਅਤੇ ਤਰਲ ਕੁਦਰਤੀ ਗੈਸ ਉਤਪਾਦਾਂ 'ਤੇ 15% ਟੈਰਿਫ, ਅਤੇ ਕੱਚੇ ਤੇਲ, ਖੇਤੀ ਮਸ਼ੀਨਰੀ ਅਤੇ ਵੱਡੇ ਇੰਜਣਾਂ ਵਾਲੀਆਂ ਕਾਰਾਂ 'ਤੇ 10% ਟੈਰਿਫ ਸ਼ਾਮਲ ਹੈ।

ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25% ਦਾ ਪ੍ਰਸਤਾਵਿਤ ਟੈਰਿਫ ਵੀ 4 ਫਰਵਰੀ ਤੋਂ ਸ਼ੁਰੂ ਹੋਣ ਵਾਲਾ ਸੀ। ਹਾਲਾਂਕਿ, ਇਸ ਵਿੱਚ 30 ਦਿਨ ਦੀ ਦੇਰੀ ਹੋ ਗਈ। ਇਸ ਕਾਰਨ, ਕੈਨੇਡਾ ਨੇ ਵੀ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਆਯਾਤ 'ਤੇ 25% ਦੇ ਆਪਣੇ ਜਵਾਬੀ ਟੈਰਿਫ ਨੂੰ ਰੋਕ ਦਿੱਤਾ। ਇਸ ਤੋਂ ਪਹਿਲਾਂ, ਟਰੰਪ ਦੁਆਰਾ ਟੈਰਿਫ ਦਾ ਐਲਾਨ ਕਰਨ ਤੋਂ ਬਾਅਦ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਜਵਾਬ ਵਿੱਚ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਸਮਾਨ 'ਤੇ 25 ਪ੍ਰਤੀਸ਼ਤ ਟੈਰਿਫ ਲਗਾਏਗੀ। ਮੈਕਸੀਕੋ ਵਿਰੁੱਧ ਪ੍ਰਸਤਾਵਿਤ 25% ਟੈਰਿਫ ਨੂੰ ਵੀ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਗਿਆ ਸੀ, ਕਿਉਂਕਿ ਮੈਕਸੀਕੋ ਨੇ ਅਮਰੀਕੀ ਸਮਾਨ ਵਿਰੁੱਧ ਨਵੇਂ ਉਪਾਅ ਕੀਤੇ ਹਨ।




ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ 'ਨਸ਼ਿਆਂ ਦੀ ਤਸਕਰੀ, ਖਾਸ ਕਰਕੇ ਫੈਂਟਾਨਿਲ ਨੂੰ ਰੋਕਣ' ਲਈ ਅਮਰੀਕਾ-ਮੈਕਸੀਕਨ ਸਰਹੱਦ 'ਤੇ ਨੈਸ਼ਨਲ ਗਾਰਡ ਦੇ 10,000 ਕਰਮਚਾਰੀਆਂ ਨੂੰ ਭੇਜਣ ਲਈ ਸਹਿਮਤੀ ਦਿੱਤੀ। ਸ਼ੀਨਬੌਮ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਮੈਕਸੀਕੋ ਵਿੱਚ ਉੱਚ-ਸਮਰੱਥਾ ਵਾਲੇ ਅਮਰੀਕੀ ਹਥਿਆਰਾਂ ਦੀ ਤਸਕਰੀ ਨੂੰ ਰੋਕਣ ਲਈ ਸਹਿਮਤ ਹੋ ਗਿਆ ਹੈ।ਇਸ ਤੋਂ ਪਹਿਲਾਂ, ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਐਲਾਨ ਕੀਤਾ ਸੀ ਕਿ ਮੈਕਸੀਕੋ ਜਵਾਬੀ ਟੈਰਿਫ ਲਗਾਏਗਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਹੋਰ ਉਪਾਅ ਕਰੇਗਾ। ਉਸਨੇ ਟਰੰਪ ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਮੈਕਸੀਕਨ ਸਰਕਾਰ ਦੇ ਅਪਰਾਧਿਕ ਸੰਗਠਨਾਂ ਨਾਲ ਸਬੰਧ ਹਨ।

ਇਸ ਤੋਂ ਪਹਿਲਾਂ, ਟਰੰਪ ਨੇ ਵਾਸ਼ਿੰਗਟਨ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਪਹਿਲਾਂ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਭਾਰਤ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ ਲਗਾਉਣ ਵਾਲਾ ਦੇਸ਼ ਹੈ। ਹਾਲਾਂਕਿ, ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ, ਭਾਰਤ ਨੇ ਟੈਰਿਫ ਨੂੰ 13 ਤੋਂ ਘਟਾ ਕੇ 11 ਪ੍ਰਤੀਸ਼ਤ ਕਰ ਦਿੱਤਾ ਸੀ।

ਲਗਜ਼ਰੀ ਕਾਰਾਂ ਵਰਗੀਆਂ ਵਸਤਾਂ 'ਤੇ 150 ਪ੍ਰਤੀਸ਼ਤ ਦੀ ਸਭ ਤੋਂ ਵੱਧ ਟੈਰਿਫ ਨੂੰ ਵੀ ਘਟਾ ਕੇ 70 ਪ੍ਰਤੀਸ਼ਤ ਕਰ ਦਿੱਤਾ ਗਿਆ। ਵੈਸੇ, ਵੱਡੀਆਂ ਅਰਥਵਿਵਸਥਾਵਾਂ ਵਾਲੇ ਦੇਸ਼ ਔਸਤਨ 3-4 ਪ੍ਰਤੀਸ਼ਤ ਟੈਰਿਫ ਲਗਾ ਰਹੇ ਹਨ।

## ਦੁਨੀਆ 'ਤੇ ਕੀ ਪ੍ਰਭਾਵ ਪਵੇਗਾ:

ਟਰੰਪ ਨੇ ਯੂਰਪੀਅਨ ਯੂਨੀਅਨ ਨੂੰ ਵੀ ਇਹੀ ਚੇਤਾਵਨੀ ਦਿੱਤੀ ਹੈ। ਇਸ ਦੇ ਜਵਾਬ ਵਿੱਚ, ਯੂਰਪੀਅਨ ਯੂਨੀਅਨ ਨੇ ਵੀ ਟੈਰਿਫਾਂ ਨਾਲ ਜਵਾਬ ਦੇਣ ਦਾ ਐਲਾਨ ਕੀਤਾ ਹੈ। ਵੈਸੇ, ਟਰੰਪ ਦੁਆਰਾ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਇਹ ਵੀ ਸ਼ਾਮਲ ਹੈ ਕਿ ਜੇਕਰ ਦੇਸ਼ ਅਮਰੀਕਾ ਵਿਰੁੱਧ ਜਵਾਬੀ ਕਾਰਵਾਈ ਕਰਦੇ ਹਨ ਤਾਂ ਦਰਾਂ ਵਧਾਈਆਂ ਜਾ ਸਕਦੀਆਂ ਹਨ।

ਮਤਲਬ ਸਪੱਸ਼ਟ ਹੈ ਕਿ 'ਟੈਰਿਫ ਯੁੱਧ' ਵਧਣ ਦੀ ਸੰਭਾਵਨਾ ਹੈ। ਵਧਦੀ ਟੈਰਿਫ ਵਾਰ ਦਾ ਪ੍ਰਭਾਵ ਇਹ ਹੋਵੇਗਾ ਕਿ ਲੋਕਾਂ ਨੂੰ ਵੱਧ ਕੀਮਤਾਂ 'ਤੇ ਚੀਜ਼ਾਂ ਮਿਲਣਗੀਆਂ। ਬਹੁਤ ਸਾਰੇ ਦੇਸ਼ਾਂ ਵਿੱਚ ਪਹਿਲਾਂ ਹੀ ਬਹੁਤ ਜ਼ਿਆਦਾ ਮਹਿੰਗਾਈ ਹੈ ਅਤੇ ਅਜਿਹੀ ਸਥਿਤੀ ਵਿੱਚ, ਸੰਕਟ ਤਾਂ ਹੀ ਵਧੇਗਾ ਜੇਕਰ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਹਨ। ਇਹ ਉਨ੍ਹਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਲਈ ਵੀ ਘਾਤਕ ਹੋਵੇਗਾ।

## ਅਮਰੀਕਾ 'ਤੇ ਕੀ ਪ੍ਰਭਾਵ ਪਵੇਗਾ?

ਇਹ ਸਪੱਸ਼ਟ ਹੈ ਕਿ ਟਰੰਪ ਨੇ ਇੱਕ ਅਜਿਹਾ ਮੁੱਦਾ ਉਠਾਇਆ ਹੈ ਜੋ ਅਮਰੀਕਾ ਲਈ ਘੱਟ ਮਹਿੰਗਾ ਸਾਬਤ ਨਹੀਂ ਹੋਵੇਗਾ। ਟਰੰਪ ਦੇ ਇਸ ਫੈਸਲੇ ਨਾਲ ਮੈਕਸੀਕੋ, ਚੀਨ ਅਤੇ ਕੈਨੇਡਾ ਨਾਲ ਆਰਥਿਕ ਰੁਕਾਵਟ ਦਾ ਖ਼ਤਰਾ ਵਧ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਦੇਸ਼ ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ। ਜਦੋਂ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਸਾਮਾਨਾਂ 'ਤੇ ਭਾਰੀ ਡਿਊਟੀ ਲਗਾਈ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮਹਿੰਗਾਈ ਦੀ ਸਥਿਤੀ ਨੂੰ ਕਾਫ਼ੀ ਵਿਗੜ ਸਕਦਾ ਹੈ।

ਇਸ ਗੱਲ ਦਾ ਸੰਕੇਤ ਖੁਦ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਹੈ। ਟਰੂਡੋ ਨੇ ਮੰਨਿਆ ਕਿ ਅਗਲੇ ਕੁਝ ਹਫ਼ਤੇ ਕੈਨੇਡੀਅਨਾਂ ਅਤੇ ਅਮਰੀਕੀਆਂ ਲਈ ਮੁਸ਼ਕਲ ਹੋਣਗੇ। ਟੈਰਿਫ ਵੱਡੀ ਆਰਥਿਕ ਰੁਕਾਵਟ ਪੈਦਾ ਕਰ ਸਕਦੇ ਹਨ। ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਮਹਿੰਗਾਈ ਵਧ ਸਕਦੀ ਹੈ। ਬੀਬੀਸੀ ਦੀ ਰਿਪੋਰਟ ਅਨੁਸਾਰ, ਅਰਥਸ਼ਾਸਤਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਯਾਤ ਕੀਤੇ ਸਾਮਾਨ ਵੇਚਣ ਵਾਲੀਆਂ ਕੰਪਨੀਆਂ ਟੈਰਿਫ ਦੀ ਲਾਗਤ ਨੂੰ ਪੂਰਾ ਕਰਨ ਲਈ ਅਮਰੀਕੀ ਖਪਤਕਾਰਾਂ ਲਈ ਕੀਮਤਾਂ ਵਧਾ ਸਕਦੀਆਂ ਹਨ।

ਜੇਕਰ ਮੈਕਸੀਕਨ ਅਤੇ ਕੈਨੇਡੀਅਨ ਦਰਾਮਦਾਂ ਵਿਰੁੱਧ ਉਪਾਅ ਅੱਗੇ ਵਧਦੇ ਹਨ, ਤਾਂ ਉਨ੍ਹਾਂ ਦੁਆਰਾ ਪੈਦਾ ਕੀਤੇ ਜਾਣ ਵਾਲੇ ਸਮਾਨ ਦੇ ਵੀ ਮਹਿੰਗੇ ਹੋਣ ਦੀ ਸੰਭਾਵਨਾ ਹੈ।

ਵਸ਼ਿੰਗਟਨ ਟਾਈਮਜ ਦੀ ਰਿਪੋਰਟ ਅਨੁਸਾਰ, ਯੇਲ ਯੂਨੀਵਰਸਿਟੀ ਦੀ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ ਨਵੇਂ ਆਯਾਤ ਟੈਕਸਾਂ ਕਾਰਨ ਔਸਤ ਅਮਰੀਕੀ ਪਰਿਵਾਰ ਨੂੰ ਸਾਲਾਨਾ ਆਮਦਨ ਵਿੱਚ1,170 ਡਾਲਰਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ ਅਤੇ ਕਰਿਆਨੇ, ਪੈਟਰੋਲ, ਰਿਹਾਇਸ਼ ਅਤੇ ਆਟੋ ਦੀਆਂ ਕੀਮਤਾਂ ਨੂੰ ਹੋਰ ਵਧਾ ਸਕਦਾ ਹੈ। ਸਵਾਲ ਇਹ ਹੈ ਕਿ ਟਰੰਪ ਇੰਨਾ ਵੱਡਾ ਖਤਰਾ ਕਿਉਂ ਲੈ ਰਿਹਾ ਹੈ? ਆਖ਼ਿਰਕਾਰ ਉਨ੍ਹਾਂ ਦਾ ਮਕਸਦ ਕੀ ਹੈ? ਟਰੰਪ ਦੇ ਟੈਰਿਫ ਇੱਕ ਵਿਆਪਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ ਜਿਸਦਾ ਉਦੇਸ਼ ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਉਨ੍ਹਾਂ ਦੇ ਚੋਣ ਪ੍ਰਚਾਰ ਵਾਅਦਿਆਂ ਨੂੰ ਪੂਰਾ ਕਰਨਾ ਹੈ। ਰਾਸ਼ਟਰਪਤੀ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਅਮਰੀਕਾ ਦੀ ਆਰਥਿਕ ਤਾਕਤ ਨੂੰ ਬਹਾਲ ਕਰਨ ਲਈ ਟੈਰਿਫ ਜ਼ਰੂਰੀ ਹਨ। ਇਸ ਲਈ, ਟਰੰਪ ਇਸਦੀ ਤੁਲਨਾ 19ਵੀਂ ਸਦੀ ਦੇ ਅੰਤ ਨਾਲ ਕਰਦੇ ਹਨ, ਜਦੋਂ ਅਮਰੀਕਾ ਮਾਲੀਏ ਲਈ ਟੈਰਿਫਾਂ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹੁਣ ਟਰੰਪ ਨੂੰ ਇਸਦੀ ਵੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸ ਸਾਹਮਣੇ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਚੁਣੌਤੀ ਹੈ। ਉਸਦਾ ਪ੍ਰਸ਼ਾਸਨ ਦਾਅ ਲਗਾ ਰਿਹਾ ਹੈ ਕਿ ਟੈਰਿਫਾਂ ਦੁਆਰਾ ਪੈਦਾ ਹੋਣ ਵਾਲੇ ਆਰਥਿਕ ਜੋਖਮ ਮਹਿੰਗਾਈ ਨੂੰ ਖਾਸ ਤੌਰ 'ਤੇ ਨਹੀਂ ਵਿਗੜਨਗੇ ਜਾਂ ਵਿਸ਼ਵ ਅਰਥਵਿਵਸਥਾ ਨੂੰ ਅਸਥਿਰ ਨਹੀਂ ਕਰਨਗੇ। ਦਾਅਵੇ ਭਾਵੇਂ ਜੋ ਵੀ ਕੀਤੇ ਜਾਣ, ਟਰੰਪ ਦੇ ਇਸ ਟੈਰਿਫ ਯੁੱਧ ਦੇ ਨਤੀਜੇ ਦੂਰਗਾਮੀ ਹੋਣਗੇ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ
24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਬੀ.ਸੀ. ਦੇ ਲੱਕੜ ਉਦਯੋਗ 'ਤੇ ਟੈਰਿਫ ਦੇ ਗੰਭੀਰ ਪ੍ਰਭਾਵ ਪੈਣ ਦੀ ਸੰਭਾਵਨਾ



ਸਰੀ, (ਸਿਮਰਨਜੀਤ ਸਿੰਘ) ਬੀ.ਸੀ. ਦੇ ਸੋਫਟਵੁੱਡ ਲੱਕੜ ਉਦਯੋਗ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਕਸਾਂ ਕਾਰਨ ਵੱਡੇ ਆਰਥਿਕ ਝਟਕੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਮਰੀਕਾ ਵੱਲੋਂ ਐਂਟੀ-ਡੰਪਿੰਗ ਰੇਟ 20.07 ਪ੍ਰਤੀਸ਼ਤ ਤੈਅ ਕੀਤੀ ਗਈ ਹੈ, ਜੋ ਤਿੰਨ ਸਾਲ ਪਹਿਲਾਂ ਨਿਰਧਾਰਤ 7.66 ਪ੍ਰਤੀਸ਼ਤ ਨਾਲੋਂ ਕਾਫੀ ਵਧ ਹੈ। ਇਹ ਦਰ ਅਗਲੇ ਸਮੇਂ 'ਚ 6.74 ਪ੍ਰਤੀਸ਼ਤ ਦੇ ਕਾਊਂਟਰਵੇਲਿੰਗ ਡਿਊਟੀ ਦੇ ਨਾਲ ਮਿਲ ਕੇ 27 ਪ੍ਰਤੀਸ਼ਤ ਤਕ ਪਹੁੰਚਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ, 25 ਪ੍ਰਤੀਸ਼ਤ ਦੀ ਨਵੀਂ ਸ਼ੁਰੂ ਕੀਤੀ ਗਈ ਟੈਰੀਫ਼ ਦੇ ਕਾਰਨ, ਬੀ.ਸੀ. ਦੀ ਸੋਫਟਵੁੱਡ ਲੱਕੜ ਉਦਯੋਗ ਨੂੰ ਹੁਣ ਕੁੱਲ 52 ਪ੍ਰਤੀਸ਼ਤ ਦੇ ਟੈਕਸ ਦਾ ਭਾਰ ਸਹਿਣਾ ਪਵੇਗਾ।

ਬੀ.ਸੀ. ਲੁੰਬਰ ਟਰੇਡ ਕੌਂਸਲ ਦੇ ਪ੍ਰਧਾਨ ਕੁਰਟ ਨਿਕੀਡੈੱਟ ਨੇ ਗੱਲਬਾਤ ਕਰਦਿਆਂ ਕਿਹਾ, "ਇਹ ਸਾਨੂੰ ਚੰਗੀ ਖ਼ਬਰ ਨਹੀਂ ਮਿਲੀ।" ਉਨ੍ਹਾਂ ਕਿਹਾ ਕਿ ਬੀ.ਸੀ. ਦੀ ਸੋਫਟਵੁੱਡ ਲੱਕੜ ਉਦਯੋਗ ਦੀ ਅਮਰੀਕਾ ਉੱਤੇ ਵੱਡੀ ਨਿਰਭਰਤਾ ਹੈ। "ਬੀ.ਸੀ. ਦੀ ਲੱਕੜ ਉਤਪਾਦਨ ਮਾਰਕੀਟ ਵਿੱਚੋਂ 75% ਹਿੱਸਾ ਅਮਰੀਕਾ ਨੂੰ ਨਿਰਯਾਤ ਕੀਤਾ ਜਾਂਦਾ ਹੈ।"

"ਅਸੀਂ ਅਮਰੀਕਾ ਤੋਂ ਵੱਡੀ ਮਾਤਰਾ ਵਿੱਚ ਲੱਕੜ ਆਯਾਤ ਨਹੀਂ ਕਰਦੇ, ਪਰ ਉਥੇ ਜ਼ਰੂਰਤ ਮੁਤਾਬਕ ਬਹੁਤ ਸਾਰੀ ਉਤਪਾਦਨ ਚੱਲਦੀ ਹੈ।"

ਉਨ੍ਹਾਂ ਦੱਸਿਆ ਕਿ ਅਮਰੀਕਾ ਵਿੱਚ 70% ਲੱਕੜ ਦੀ ਲੋੜ ਉਥੋਂ ਦੀ ਉਤਪਾਦਨ ਦੇ ਨਾਲ ਪੂਰੀ ਕੀਤੀ ਜਾਂਦੀ ਹੈ, ਜਦਕਿ ਬਾਕੀ 30% ਲੋੜ 'ਚੋਂ ਵੱਡਾ ਹਿੱਸਾ ਕੈਨੇਡਾ ਤੋਂ ਜਾਂਦਾ ਹੈ। "ਟੈਕਸਾਂ ਕਾਰਨ ਸਾਡੀਆਂ ਉਤਪਾਦਾਂ ਦੀ ਕੀਮਤ ਵਧਾ ਦੇਣਗੀਆਂ, ਪਰ ਅਮਰੀਕਾ ਵਿੱਚ ਲੱਕੜ ਉਤਪਾਦਨ ਦੇ ਵਾਧੂ ਵਿਕਲਪ ਘੱਟ ਹਨ।"

ਉਨ੍ਹਾਂ ਅੱਗੇ ਦੱਸਿਆ, "ਅੱਜ ਦੀ ਮਿਤੀ ਵਿੱਚ, ਸਾਡੇ ਗਾਹਕ ਮਾਰਚ, ਅਪ੍ਰੈਲ, ਮਈ ਅਤੇ ਜੂਨ ਲਈ ਉਤਪਾਦ ਖਰੀਦਣ ਦੀ ਯੋਜਨਾ ਬਣਾਉਂਦੇ ਹਨ, ਪਰ ਹੁਣ ਇਹ ਸਭ ਰੁਕ ਜਾਣ ਦੀ ਸੰਭਾਵਨਾ ਹੈ ।" ਉਨ੍ਹਾਂ ਦੱਸਿਆ ਕਿ ਵੈਸਟਰਨ ਰੈੱਡ ਸਿੱਦਰ ਉਤਪਾਦਨ ਲਈ ਹੁਣੇ ਹੀ 14.5% ਦੀ ਟੈਕਸ ਦਰ ਲਾਗੂ ਹੈ। "ਇਹ ਲੱਗਭੱਗ 4,500 ਡਾਲਰ ਪ੍ਰਤੀ 1,000 ਬੋਰਡ ਦੀ ਕੀਮਤ ਨਿਰਧਾਰਤ ਕਰਦਾ ਹੈ।" ਉਨ੍ਹਾਂ ਨੇ ਕਿਹਾ, "ਉਸ ਉੱਤੇ ਅੱਜ ਦੀ ਮਿਤੀ ਵਿੱਚ 25% ਹੋਰ ਲਗਾਉਣ ਦੇ ਕਾਰਨ, ਕੀਮਤ ਹੋਰ ਵੀ ਵੱਧ ਜਾਵੇਗੀ।"

ਉਦਯੋਗ ਮਾਹਿਰਾਂ ਅਨੁਸਾਰ, ਟੈਕਸਾਂ ਕਾਰਨ ਬੀ.ਸੀ. ਦੇ ਛੋਟੇ-ਵਿਦੇਸ਼ੀ ਨਿਰਯਾਤ ਕੰਪਨੀਆਂ ਲਈ ਵਧੇਰੇ ਆਰਥਿਕ ਬੋਝ ਪੈਦਾ ਕਰ ਸਕਦੀਆਂ ਹਨ।

ਲੱਕੜ ਉਦਯੋਗ 'ਚ ਨੌਕਰੀਆਂ ਉੱਤੇ ਵੀ ਪ੍ਰਭਾਵ ਪੈ ਸਕਦਾ ਹੈ, ਕਿਉਂਕਿ ਜੇਕਰ ਉਤਪਾਦਨ ਘਟਦਾ ਹੈ, ਤਾਂ ਵੱਡੇ ਲੱਕੜ ਕੱਟਣ ਵਾਲੇ ਉਪਕਰਣ ਬੰਦ ਹੋਣ ਦਾ ਖਤਰਾ ਹੋ ਸਕਦਾ ਹੈ। This report was written by Simranjit Singh as part of the Local Journalism Initiative.

# ਵੈਨਕੂਵਰ 'ਚ ਇੱਕ ਹੋਰ ਓਵਰਲੋਡ ਟਰੱਕ ਓਵਰਪਾਸ ਨਾਲ ਟਕਰਾਇਆ




**ਸਰੀ, (ਸਿਮਰਨਜੀਤ ਸਿੰਘ):** ਮੇਟਰੋ ਵੈਨਕੂਵਰ ਵਿੱਚ ਇੱਕ ਹੋਰ ਓਵਰਪਾਸ ਹਾਦਸੇ ਦੀ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਫਲੈਟ-ਡੈਕ ਟਰੱਕ ਹਾਈਵੇ 1 'ਤੇ ਮੇਨ ਸਟਰੀਟ ਓਵਰਪਾਸ ਨਾਲ ਜਾ ਟੱਕਰਾਇਆ। ਬ੍ਰਿਟਿਸ਼ ਕੋਲੰਬੀਆ ਹਾਈਵੇ ਪੈਟਰੋਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਸੋਮਵਾਰ ਸਵੇਰੇ 9:30 ਵਜੇ ਦੇ ਕਰੀਬ ਵਾਪਰਿਆ। ਟਰੱਕ ਉੱਤੇ ਇੱਕ ਗ੍ਰੇਡਰ ਲੋਡ ਸੀ, ਜੋ ਓਵਰਪਾਸ ਦੇ ਹੇਠਾਂ ਲੰਘਣ ਵੇਲੇ ਓਵਰਪਾਸ ਨਾਲ ਟਕਰਾ ਗਿਆ।

ਪੁਲਿਸ ਨੇ ਕਿਹਾ ਕਿ ਓਵਰਪਾਸ ਨੂੰ "ਹਲਕਾ" ਨੁਕਸਾਨ ਪਹੁੰਚਿਆ ਹੈ, ਪਰ ਗ੍ਰੇਡਰ ਦੀ ਕੈਬ ਕਾਫੀ ਹੱਦ ਤੱਕ ਨੁਕਸਾਨੀ ਗਈ।

ਬ੍ਰਿਟਿਸ਼ ਕੋਲੰਬੀਆ ਪਰਿਵਾਹਨ ਮੰਤਰਾਲੇ ਨੇ ਘਟਨਾ ਦੀ ਜਾਂਚ ਕਰਨ ਲਈ ਇੱਕ ਵਿਸ਼ੇਸ਼ ਟੀਮ ਮੌਕੇ 'ਤੇ ਭੇਜੀ, ਜੋ ਓਵਰਪਾਸ ਦੀ ਹਾਲਤ ਦਾ ਮੁਲਾਂਕਣ ਕਰ ਰਹੀ ਹੈ। ਪਰ, ਮੰਤਰਾਲੇ ਨੇ ਇਹ ਵੀ ਪੁਸ਼ਟੀ ਕੀਤੀ ਕਿ ਯਾਤਰਾ ਉੱਤੇ ਕੋਈ ਵੱਡਾ ਅਸਰ ਨਹੀਂ ਪਿਆ।

ਬੀ.ਸੀ. ਹਾਈਵੇ ਪੈਟਰੋਲ ਅਤੇ ਕਮਰਸ਼ੀਅਲ ਵਾਹਨ ਸੁਰੱਖਿਆ ਤੇ ਲਾਗੂ ਕਰਨ ਵਾਲਾ ਵਿਭਾਗ ਇਸ ਹਾਦਸੇ ਦੀ ਗਹਿਰੀ ਜਾਂਚ ਕਰ ਰਿਹਾ ਹੈ। ਜਾਂਚ ਅਧਿਕਾਰੀਆਂ ਦੇ ਅਨੁਸਾਰ, ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਟਰੱਕ ਦੀ ਉਚਾਈ ਸਬੰਧੀ ਲੋੜੀਂਦੇ ਨਿਯਮਾਂ ਦੀ ਉਲੰਘਣਾ ਹੋਈ ਸੀ ਜਾਂ ਨਹੀਂ।

ਪੁਲਿਸ ਨੇ ਚਲਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਤਾਜ਼ਾ ਸਮਿਆਂ ਵਿੱਚ ਓਵਰਪਾਸ ਹਾਦਸਿਆਂ ਦੀ ਗਿਣਤੀ ਵਧ ਰਹੀ ਹੈ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅਧਿਕਾਰੀਆਂ ਨੇ ਕਿਹਾ ਕਿ "ਇਸ ਘਟਨਾ ਕਾਰਨ ਟ੍ਰੈਫਿਕ ਉੱਤੇ ਕੋਈ ਵੱਡਾ ਪ੍ਰਭਾਵ ਨਹੀਂ ਪਿਆ, ਪਰ ਇਹ ਜ਼ਰੂਰੀ ਹੈ ਕਿ ਵਪਾਰਕ ਵਾਹਨ ਚਲਾਉਣ ਵਾਲੇ ਡਰਾਈਵਰ ਨਿਯਮਾਂ ਦੀ ਪਾਲਣਾ ਕਰਨ।"

ਬੀ.ਸੀ. ਸਰਕਾਰ ਅਤੇ ਯਾਤਰਾ ਵਿਭਾਗ ਵੱਲੋਂ ਓਵਰਪਾਸ ਹਾਦਸਿਆਂ ਨੂੰ ਰੋਕਣ ਲਈ ਨਵੇਂ ਉਪਰਾਲੇ ਲਏ ਜਾ ਰਹੇ ਹਨ। ਸਰਕਾਰ ਉੱਚਾਈ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਵਧੇਰੇ ਨਿਯੰਤਰਣ ਲਿਆਉਣ 'ਤੇ ਵੀ ਵਿਚਾਰ ਕਰ ਰਹੀ ਹੈ। This report was written by Simranjit Singh as part of the Local Journalism Initiative.




ਟਰੱਕ ਡਰਾਇਵਰਾਂ ਦੀ ਲੋੜ

8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਕੌਮਾਂਤਰੀ ਨਾਰੀ ਦਿਵਸ ਅਤੇ 'ਦਿ ਫੇਮਸ ਫਾਈਵ'

ਲੇਖਕ : ਸੁਰਜੀਤ,
ਈ-ਮੇਲ: surjitk33@gmail.com (ਟੋਰਾਂਟੋ)



ਸਦੀਆਂ ਤੋਂ ਔਰਤ ਨੂੰ ਦੂਜੇ ਦਰਜੇ ਦਾ ਮਨੁੱਖ ਮੰਨਿਆ ਜਾਂਦਾ ਰਿਹਾ ਹੈ। ਅਸੀਂ ਰੋਜ਼ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ਕਿ ਦੁਨੀਆ ਦੇ ਹਰ ਖਿੱਤੇ ਵਿੱਚ ਰੋਜ਼ਾਨਾ ਕੁੜੀਆਂ ਦੀ ਇੱਜ਼ਤ ਲੁੱਟੀ ਜਾਂਦੀ ਹੈ ਜਾਂ ਜਾਨੋਂ ਮਾਰ ਦਿੱਤੀਆਂ ਜਾਂਦੀਆਂ ਹਨ। ਦੁਨੀਆ ਦੇ ਹਰ ਖਿੱਤੇ ਵਿੱਚ ਉਸ ਦੀ ਸਰੀਰਕ ਕਮਜ਼ੋਰੀ ਦਾ ਫਾਇਦਾ ਉਠਾਉਣ ਵਾਲੇ ਮੌਜੂਦ ਬੈਠੇ ਹਨ। ਸੁਰਖੀਆਂ ਦੱਸਦੀਆਂ ਹਨ ਕਿ ਅਮਰੀਕਾ ਵਰਗੇ ਵਿਕਸਤ ਦੇਸ਼ ਵਿੱਚ ਕਿਸੇ ਨੇ ਇੱਕ ਬਾਲੜੀ ਨੂੰ ਘਰ ਦੇ ਪਿਛਵਾੜੇ ਵਿੱਚ 17 ਸਾਲ ਕੈਦ ਕਰਕੇ ਰੱਖਿਆ ਤੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ। ਅਸਟਰੀਆ ਵਿੱਚ ਇੱਕ ਦਰਿੰਦੇ ਨੇ ਆਪਣੀ ਹੀ ਬੇਟੀ ਨੂੰ ਆਪਣੇ ਹੀ ਘਰ ਦੀ ਬੇਸਮੈਂਟ ਵਿੱਚ 24 ਸਾਲ ਕੈਦ ਕਰੀਂ ਰੱਖਿਆ ਅਤੇ ਉਸ ਤੋਂ ਸੱਤ ਬੱਚੇ ਵੀ ਪੈਦਾ ਕੀਤੇ। ਇਹੋ ਜਿਹੀਆਂ ਅਨੇਕਾਂ ਦੁਖਦਾਈ ਘਟਨਾਵਾਂ ਸਾਰੇ ਸੰਸਾਰ ਵਿੱਚ ਵੇਖਣ ਨੂੰ ਮਿਲਦੀਆਂ ਹਨ। ਹਜ਼ਾਰਾਂ ਔਰਤਾਂ ਕਦੇ ਦਾਜ ਦੀ ਬਲੀ ਚੜ੍ਹਾਈਆਂ ਜਾਂਦੀਆਂ ਹਨ ਤੇ ਕਦੇ ਈਰਖਾ ਦੀ; ਕਦੇ ਇੱਜ਼ਤ ਦੇ ਨਾਂ 'ਤੇ ਕੁਰਬਾਨ ਕੀਤੀਆਂ ਜਾਂਦੀਆਂ ਹਨ। ਕੁੱਖ ਵਿੱਚ ਮਾਰ ਦਿੱਤੀਆਂ ਜਾਂਦੀਆਂ ਹਨ। ਜੰਗ ਦੇ ਦੌਰਾਨ ਸਭ ਤੋਂ ਵੱਧ ਜ਼ੁਲਮ ਔਰਤਾਂ ਅਤੇ ਬੱਚਿਆਂ 'ਤੇ ਹੀ ਕੀਤੇ ਜਾਂਦੇ ਹਨ। ਪਿੱਤਰ ਸੱਤਾ ਨੇ ਔਰਤ ਨੂੰ ਕਦੇ ਦਾਸੀ, ਕਦੇ ਪੈਰ ਦੀ ਜੁੱਤੀ ਦਾ ਰੁਤਬਾ ਦਿੱਤਾ, ਪਰ ਇਨਸਾਨ ਨਹੀਂ ਸਮਝਿਆ।

ਔਰਤ ਦੇ ਹਾਲਾਤ ਨੂੰ ਸੁਧਾਰਨ ਲਈ ਅਤੇ ਉਸ ਦਾ ਉੱਥਾਨ ਕਰਨ ਲਈ ਹੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਣ ਲੱਗਾ। ਇਸ ਸਮੇਂ ਦੌਰਾਨ ਬਹੁਤ ਉਥਲ ਪੁਥਲ ਹੋ ਰਹੀ ਸੀ। ਔਰਤਾਂ ਨੇ ਆਪਣੇ ਹੱਕਾਂ ਲਈ ਬੋਲਣਾ ਅਤੇ ਤਬਦੀਲੀ ਲਿਆਉਣ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ। 1908 ਵਿੱਚ 15000 ਔਰਤਾਂ ਨੇ ਨਿਊ ਯੌਰਕ ਸਿਟੀ ਵਿੱਚ ਮਾਰਚ ਕਰਕੇ ਮੰਗ ਕੀਤੀ ਕਿ ਉਨ੍ਹਾਂ ਦੇ ਕੰਮ ਦੇ ਘੰਟੇ ਘਟਾਏ ਜਾਣ, ਉਨ੍ਹਾਂ ਨੂੰ ਬਿਹਤਰ ਤਨਖਾਹ ਅਤੇ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ।

1910 ਵਿੱਚ ਕੋਪਨ ਹੇਗਨ ਵਿੱਚ ਕੰਮ ਕਾਜੀ ਔਰਤਾਂ ਦੀ ਇੱਕ ਅੰਤਰਰਾਸ਼ਟਰੀ ਕਾਨਫਰੰਸ ਹੋਈ। ਜਰਮਨੀ ਦੀ ਸੋਸ਼ਲ ਡੈਮੋਕਰੈਟਿਕ ਪਾਰਟੀ ਦੀ ਲੀਡਰ ਕਲਾਰਾ ਜੈਟਕਿਨ ਨੇ ਉਸ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ। ਉਸ ਨੇ ਕਿਹਾ ਕਿ ਹਰ ਸਾਲ ਇਸੇ ਦਿਨ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਵੇ ਅਤੇ ਔਰਤਾਂ ਆਪਣੀਆਂ ਮੰਗਾਂ ਰੱਖਣ। ਇਸ ਕਾਨਫਰੰਸ ਵਿੱਚ 17 ਦੇਸ਼ਾਂ ਦੀਆਂ 100 ਔਰਤਾਂ ਸ਼ਾਮਲ ਹੋਈਆਂ। ਕਲਾਰਾ ਦਾ ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਅਤੇ ਉਦੋਂ ਤੋਂ ਇਹ ਦਿਨ ਮਨਾਇਆ ਜਾਣ ਲੱਗਾ।

ਹੁਣ ਹਰ ਵਰ੍ਹੇ 8 ਮਾਰਚ ਨੂੰ ਔਰਤਾਂ ਦੀਆਂ ਸਮਾਜਿਕ, ਰਾਜਨੀਤਕ ਤੇ ਆਰਥਿਕ ਖੇਤਰਾਂ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਕੌਮਾਂਤਰੀ ਨਾਰੀ ਦਿਵਸ ਮਨਾਇਆ ਜਾਂਦਾ ਹੈ। ਪੂਰੇ ਮਾਰਚ ਹੀ ਇਸ ਸਬੰਧੀ ਵੱਖ ਵੱਖ ਪ੍ਰੋਗਰਾਮ ਕੀਤੇ ਜਾਂਦੇ ਹਨ। ਔਰਤਾਂ ਦੀ ਸਥਿਤੀ ਨੂੰ ਸੁਧਾਰਨ ਲਈ ਸਰਕਾਰਾਂ ਅਤੇ ਔਰਤਾਂ ਦੀਆਂ ਸੰਸਥਾਵਾਂ ਵੱਲੋਂ ਬਹੁਤ ਸਾਰੇ ਕਦਮ ਚੁੱਕੇ ਗਏ ਅਤੇ ਚੁੱਕੇ ਜਾ ਰਹੇ ਹਨ। ਅੱਜਕੱਲ੍ਹ ਔਰਤਾਂ ਦੇ ਹੱਕਾਂ ਦੀ ਗੱਲ ਹਰ ਜਗ੍ਹਾ ਹੋ ਰਹੀ ਹੈ।

ਵੱਖ ਵੱਖ ਜਥੇਬੰਦੀਆਂ, ਸਰਕਾਰੀ ਮਹਿਕਮੇ, ਔਰਤਾਂ ਨਾਲ ਸਬੰਧਿਤ ਸੰਸਥਾਵਾਂ ਤੇ ਚੈਰਿਟੀ ਗਰੁੱਪ ਹਰ ਵਰ੍ਹੇ ਔਰਤਾਂ ਨਾਲ ਸਬੰਧਿਤ ਵੱਖ ਵੱਖ ਮੁੱਦਿਆਂ 'ਤੇ ਗੱਲਬਾਤ ਕਰਦੇ ਹਨ। ਜਿਵੇਂ ਕਿ 'ਕੁੜੀਆਂ ਨੂੰ ਜਥੇਬੰਦ ਕਰੋ ਤੇ ਉਨ੍ਹਾਂ ਦੇ ਭਵਿੱਖ ਨੂੰ ਉੱਜਵਲ ਕਰੋ'! ਹਰ ਵਰ੍ਹੇ ਯੂਨਾਈਟਿਡ ਨੇਸ਼ਨ ਵੀ 'ਪੇਂਡੂ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਓ- ਭੁੱਖਮਰੀ ਤੇ ਗ਼ਰੀਬੀ ਹਟਾਓ' ਵਰਗੇ ਪ੍ਰਸਤਾਵ ਰੱਖਦੀ ਹੈ। 2012 ਵਿੱਚ ਯੂਰਪ ਦੀ ਪਾਰਲੀਮੈਂਟ ਵਿੱਚ ਉਸ ਸਾਲ ਦਾ ਪ੍ਰਸਤਾਵ ਸੀ- ਬਰਾਬਰ ਦੇ ਕੰਮ ਲਈ ਬਰਾਬਰ ਦੀ ਤਨਖਾਹ।

ਭਾਵੇਂ ਆਪਣੀ ਸਰੀਰਕ ਬਣਤਰ ਕਰਕੇ ਔਰਤ ਜ਼ੁਲਮ ਦੀ ਸ਼ਿਕਾਰ ਹੋਈ ਹੈ, ਪਰ ਜੇਕਰ ਇਤਿਹਾਸ ਦੇ ਪੰਨੇ ਫਰੋਲ ਕੇ ਵੇਖੀਏ ਤਾਂ ਇਹੋ ਜਿਹੀਆਂ ਵੀਰਾਂਗਣਾਵਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੇ ਆਪਣੀ ਹਿੰਮਤ ਤੇ ਹੌਸਲੇ ਸਦਕਾ ਸਮਾਜ ਵਿੱਚ ਵਿਸ਼ੇਸ਼ ਮੁਕਾਮ ਹਾਸਲ ਕੀਤਾ। ਅੱਜਕੱਲ੍ਹ ਤਕਰੀਬਨ ਸਾਰੀ ਦੁਨੀਆ ਵਿੱਚ ਹੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਅਧਿਕਾਰ ਮਿਲੇ ਹੋਏ ਹਨ ਤੇ ਉਨ੍ਹਾਂ ਨੇ ਹਰ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ। ਹਿਲਰੀ ਕਲਿੰਟਨ, ਓਪਰਾ ਵਿਨਫਰੇ, ਸ਼ੈਰਨ ਸਟੋਨ, ਅਲਿਜ਼ਬੈਥ ਟੇਲਰ, ਟੀਨਾ ਟਰਨਰ, ਪਰਲ ਬਕ, ਡਾਇਨ ਫਾਇਨਸਟਾਈਨ, ਐਮਿਲਡਾ ਮਾਰਕਸ, ਮਿਸ਼ੈਲ ਓਬਾਮਾ, ਇੰਦਰਾ ਗਾਂਧੀ, ਕਿਰਨ ਬੇਦੀ, ਕਲਪਨਾ ਚਾਵਲਾ, ਦੀਪਾ ਮਹਿਤਾ, ਗੁਰਿੰਦਰ ਚੱਢਾ ਤੇ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਆਪਣੇ ਖੇਤਰਾਂ ਵਿੱਚ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ। ਫ਼ਿਲਮਾਂ ਤੇ ਸੰਗੀਤ ਦੇ ਖੇਤਰ ਵਿੱਚ ਤਾਂ ਅਣਗਿਣਤ ਕੁੜੀਆਂ ਨੇ ਨਵੇਂ ਦਿਸਹੱਦਿਆਂ ਨੂੰ ਛੂਹਿਆ ਹੈ। ਪੰਜਾਬੀ ਸਾਹਿਤ ਵਿੱਚ ਦਲੀਪ ਕੌਰ ਟਿਵਾਣਾ, ਅਜੀਤ ਕੌਰ, ਪ੍ਰਭਜੋਤ ਕੌਰ, ਸੁਖਵਿੰਦਰ ਅੰਮ੍ਰਿਤ, ਪਾਲ ਕੌਰ ਤੇ ਅਨੇਕਾਂ ਹੋਰਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਖੇਡ ਜਗਤ ਵਿੱਚ ਵੀ ਹੁਣ ਔਰਤਾਂ ਪਿੱਛੇ ਨਹੀਂ ਰਹੀਆਂ।

ਜੇ ਅਸੀਂ ਆਪਣੇ ਇਤਿਹਾਸਕ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਅਜਿਹੀਆਂ ਇਸਤਰੀਆਂ ਦੇ ਨਾਂ ਸਾਡੇ ਸਾਹਮਣੇ ਆਉਂਦੇ ਹਨ ਜਿਨ੍ਹਾਂ 'ਤੇ ਇਸਤਰੀ ਜਾਤੀ ਨੂੰ ਮਾਣ ਹੈ। ਮਾਤਾ ਗੁਜਰੀ, ਮਾਤਾ ਸਾਹਿਬ ਦੇਵਾਨ ਤੇ ਮਾਈ ਭਾਗੋ ਹਿੰਮਤ ਤੇ ਹੌਸਲੇ ਦੀ ਮਿਸਾਲ ਹਨ। ਮਦਰ ਟਰੇਸਾ, ਫਲੋਰੈਂਸ ਨਾਈਟਿੰਗੇਲ, ਮੇਰੀ ਕਿਊਰੀ ਤੇ ਝਾਂਸੀ ਦੀ ਰਾਣੀ ਵਰਗੀਆਂ ਇਸਤਰੀਆਂ ਨੇ ਸਮਾਜ ਨੂੰ ਮਹਾਨ ਦੇਣ ਦਿੱਤੀ। ਜੇਨ ਆਸਟਨ, ਐਮਿਲੀ ਡਿਕਨਜ਼, ਜਾਰਜ ਇਲੀਅਟ ਅਤੇ ਵਿਰਜੀਨੀਆ ਵੂਲਫ਼ ਦੀ ਮਹਾਨ ਸਾਹਿਤਕ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

ਅੱਜ ਉਨ੍ਹਾਂ ਪੰਜ ਕੈਨੀਡੀਅਨ ਔਰਤਾਂ ਨੂੰ ਵੀ ਅਸੀਂ ਭੁਲਾ ਨਹੀਂ ਸਕਦੇ ਜਿਨ੍ਹਾਂ ਨੂੰ 'ਫੇਮਸ ਫਾਈਵ' ਕਰਕੇ ਜਾਣਿਆ ਜਾਂਦਾ ਹੈ। ਗੱਲ 1927 ਦੀ ਹੈ ਕਿ ਪੰਜ ਔਰਤਾਂ-ਐਮਿਲੀ ਮਰਫ਼ੀ, ਆਇਰਨ ਮਾਰਟਿਨ ਪਾਰਲਬੀ, ਨੈਲੀ ਮੂਲੀ ਮੈਕਲੰਗ, ਲੂਈਸ ਮਕਿਨੀ ਤੇ ਹੈਨਰੀਅਟਾ ਮਯੂਰ ਨੇ ਕੈਨੇਡਾ ਦੀ ਸੁਪਰੀਮ ਕੋਰਟ ਕੋਲੋਂ ਬ੍ਰਿਟਿਸ਼ ਸੰਵਿਧਾਨ ਵਿੱਚ ਲਿਖੀ ਕਲਾਜ਼ 'ਕੁਆਲੀਫਾਈਡ ਪਰਸਨਜ਼' ਦੀ ਪਰਿਭਾਸ਼ਾ ਪੁੱਛੀ। ਉਨ੍ਹਾਂ ਨੇ ਪੁੱਛਿਆ ਕਿ ਕੀ 'ਪਰਸਨਜ਼' ਵਿੱਚ ਔਰਤਾਂ ਵੀ ਸ਼ਾਮਲ ਹਨ ਜਾਂ ਨਹੀਂ। ਉਨ੍ਹਾਂ ਦਾ ਭਾਵ ਸੀ ਕਿ ਕੀ ਔਰਤਾਂ ਸੈਨੇਟ ਦੀ ਨੁਮਾਇੰਦਗੀ ਵਿੱਚ ਸ਼ਾਮਲ ਹੋ ਸਕਦੀਆਂ ਹਨ ਕਿ ਨਹੀਂ। 1928 ਵਿੱਚ ਕੈਨੇਡਾ ਦੀ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਸੁਣਾਇਆ ਕਿ ਔਰਤਾਂ 'ਪਰਸਨਜ਼' ਨਹੀਂ ਹਨ। ਇਸ ਫ਼ੈਸਲੇ ਦੀ ਆਖਰੀ ਸਤਰ ਵਿੱਚ ਲਿਖਿਆ ਗਿਆ ਸੀ ਕਿ ਔਰਤਾਂ ਨੂੰ ਕੈਨੇਡਾ ਦੀ ਸੈਨੇਟ ਦੀਆਂ ਮੈਂਬਰ ਬਣਨ ਦਾ ਅਧਿਕਾਰ ਨਹੀਂ ਹੈ। ਇਸ ਕੇਸ ਨੂੰ 'ਪਰਸਨਜ਼ ਕੇਸ' ਦਾ ਨਾਂ ਦਿੱਤਾ ਗਿਆ। ਪਰ ਇਹ ਬਹਾਦਰ ਔਰਤਾਂ ਹਾਰੀਆਂ ਨਹੀਂ। ਇਨ੍ਹਾਂ ਨੇ ਇਸ ਕੇਸ ਦੀ ਇੰਗਲੈਂਡ ਵਿੱਚ ਬ੍ਰਿਟਿਸ਼ ਸਰਕਾਰ ਦੀ ਜੂਡੀਸ਼ੀਅਲ 'ਪਰੀਵੀ ਕੌਂਸਲ' ਅੱਗੇ ਪਟੀਸ਼ਨ ਕੀਤੀ। 18 ਅਕਤੂਬਰ 1929 ਨੂੰ ਪਹਿਲੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਗਿਆ ਤੇ 'ਪਰਸਨਜ਼' ਵਿੱਚ ਔਰਤਾਂ ਵੀ ਸ਼ਾਮਲ ਕੀਤੀਆਂ ਗਈਆਂ। ਔਰਤਾਂ ਨੂੰ ਕੈਨੇਡਾ ਦੀ ਸੈਨੇਟ ਦੀਆਂ ਮੈਂਬਰ ਬਣਨ ਦੇ ਅਧਿਕਾਰ ਪ੍ਰਾਪਤ ਹੋ ਗਏ।

ਇਨ੍ਹਾਂ ਪੰਜਾਂ ਨੇ ਜੋ ਕਿ ਐਲਬਰਟਾ (ਕੈਨੇਡਾ) ਦੀਆਂ ਵਸਨੀਕ ਸਨ, ਕੈਨੇਡੀਅਨ ਔਰਤਾਂ ਦੇ ਹੱਕਾਂ ਲਈ ਬਹੁਤ ਸਾਰੇ ਕੰਮ ਕੀਤੇ। ਕੰਮ 'ਤੇ ਔਰਤ ਕਾਮਿਆਂ ਲਈ ਸੁਖਾਵਾਂ ਮਾਹੌਲ, ਸਿਹਤ ਸੇਵਾਵਾਂ, ਵਿਆਹੁਤਾ ਔਰਤਾਂ ਦੇ ਅਧਿਕਾਰ, ਬੱਚਿਆਂ ਨੂੰ ਪਾਲਣ-ਪੋਸ਼ਣ ਸਬੰਧੀ ਅਧਿਕਾਰ, ਰਾਜਨੀਤੀ ਵਿੱਚ ਹਿੱਸਾ ਲੈਣ ਦੇ ਅਧਿਕਾਰ ਅਤੇ ਵਿਦਿਅਕ ਅਦਾਰਿਆਂ ਆਦਿ ਵਿੱਚ ਔਰਤਾਂ ਦੇ ਹਰ ਮਸਲੇ ਲਈ ਇਨ੍ਹਾਂ ਨੇ ਸਾਰੀ ਜ਼ਿੰਦਗੀ ਲਗਨ ਅਤੇ ਹਿੰਮਤ ਨਾਲ ਅੱਗੇ ਹੋ ਕੇ ਕੰਮ ਕੀਤਾ। ਨਿਆਂ ਪ੍ਰਾਪਤੀ ਲਈ ਇਨ੍ਹਾਂ ਬਿਨਾਂ ਰੰਗ-ਭੇਦ, ਨਸਲ, ਉਮਰ ਅਤੇ ਲਿੰਗ-ਭੇਦ ਦੀ ਪਰਵਾਹ ਕਰਦਿਆਂ ਹਰੇਕ ਦੀ ਮਦਦ ਕੀਤੀ।

ਇਨ੍ਹਾਂ 'ਫੇਮਸ ਫਾਈਵ' ਨੂੰ ਮਾਣ ਦੇਣ ਲਈ ਕੈਨੇਡਾ ਦੀ ਸਰਕਾਰ ਨੇ ਇਨ੍ਹਾਂ ਦੀਆਂ ਜੀਵਨੀਆਂ ਤਿਆਰ ਕਰਵਾਈਆਂ ਹਨ। ਇਨ੍ਹਾਂ ਦੀ ਤਸਵੀਰ ਪੰਜਾਹਾਂ ਦੇ ਨੋਟ 'ਤੇ ਛਾਪੀ ਗਈ ਹੈ। ਕੈਨੇਡਾ ਦੀ ਸਰਕਾਰ ਨੇ ਇਨ੍ਹਾਂ ਨੂੰ ਟਰਾਫੀਆਂ ਦੇ ਕੇ ਵੀ ਸਨਮਾਨਤ ਕੀਤਾ। ਇਨ੍ਹਾਂ ਦੇ ਬੁੱਤ ਕੈਨੇਡਾ ਦੀ ਮਸ਼ਹੂਰ ਬੁੱਤਕਾਰ ਬਾਰਬਰਾ ਪੈਟਰਸਨ ਵੱਲੋਂ ਬਣਵਾ ਕੇ ਪਾਰਲੀਮੈਂਟ ਹਿੱਲ, ਓਟਵਾ ਅਤੇ ਓਲੰਪਿਕ ਪਲਾਜ਼ਾ ਕੈਲਗਰੀ ਵਿੱਚ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਦੇ ਨਾਂ 'ਤੇ ਐਡਮਿੰਟਨ ਵਿੱਚ ਪੰਜ ਪਾਰਕਾਂ ਦੇ ਨਾਂ ਰੱਖੇ ਗਏ। ਆਪਣੇ ਜੀਵਨ ਕਾਲ ਵਿੱਚ ਇਨ੍ਹਾਂ ਪੰਜਾਂ ਵਿੱਚੋਂ ਕੋਈ ਵੀ ਸੈਨੇਟਰ ਨਹੀਂ ਬਣੀ, ਪਰ 8 ਅਕਤੂਬਰ 2009 ਨੂੰ ਇਨ੍ਹਾਂ ਪੰਜਾਂ ਨੂੰ ਪਹਿਲੀਆਂ ਪੰਜ ਆਨਰੇਰੀ ਇਸਤਰੀ ਸੈਨੇਟਰਾਂ ਦੀ ਪਦਵੀ ਦਿੱਤੀ ਗਈ। 18 ਅਕਤੂਬਰ, 1999 ਨੂੰ 'ਪਰਸਨਜ਼ ਕੇਸ' ਦੇ ਆਧਾਰ 'ਤੇ ਕੈਨੇਡਾ ਵਿੱਚ ਔਰਤਾਂ ਦੇ ਅਧਿਕਾਰਾਂ ਦੀ 70ਵੀਂ ਵਰ੍ਹੇਗੰਢ ਮਨਾਈ ਗਈ। ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਸਾਰੀ ਇਸਤਰੀ ਜਾਤੀ ਨੂੰ ਮਾਣ ਹੈ। ਇਹ ਘਟਨਾ ਔਰਤਾਂ ਦੇ ਹੌਸਲੇ ਦੀ ਬਹੁਤ ਵੱਡੀ ਮਿਸਾਲ ਹੈ। ਆਓ, ਸਾਰੇ ਮਿਲ ਕੇ ਔਰਤਾਂ ਨੂੰ ਸਮਾਜ ਵਿੱਚ ਬਰਾਬਰ ਦੇ ਹੱਕ ਦੁਆਉਣ ਵਿੱਚ ਆਪਣਾ ਆਪਣਾ ਯੋਗਦਾਨ ਪਾਈਏ ਤਾਂ ਹੀ ਹਰ ਵਰ੍ਹੇ ਅੰਤਰਰਾਸ਼ਟਰੀ ਇਸਤਰੀ ਦਿਵਸ ਮਨਾਉਣ ਦਾ ਫਾਇਦਾ ਹੈ।

# ਅਜੋਕੀ ਨਾਰੀ

## ਦਸ਼ਾ ਤੇ ਦਿਸ਼ਾ

ਲੇਖਕ : ਰੁਪਿੰਦਰ ਕੌਰ 94171-68363

ਦੁਨੀਆ ਭਰ ਦੇ ਦੇਸ਼ਾਂ ਦੇ ਸੰਵਿਧਾਨਾਂ ਦੀ ਪ੍ਰਸਤਾਵਨਾ ਵਿਚ ਲਿੰਗ ਦੇ ਆਧਾਰ 'ਤੇ ਸਮਾਨਤਾ ਦਾ ਸਿਧਾਂਤ ਦਿੱਤਾ ਗਿਆ ਹੈ। ਮੌਲਿਕ ਅਧਿਕਾਰ, ਮੌਲਿਕ ਕਰਤੱਵ ਅਤੇ ਦਿਸ਼ਾ-ਨਿਰਦੇਸ਼ਕ ਸਿਧਾਂਤਾਂ ਅਨੁਸਾਰ ਸੰਵਿਧਾਨ ਔਰਤਾਂ ਨੂੰ ਬਰਾਬਰੀ ਦਾ ਦਰਜਾ ਪ੍ਰਦਾਨ ਕਰਦਾ ਹੈ। ਅੱਜ ਭਾਵੇਂ ਔਰਤ-ਮਰਦ ਦੀ ਬਰਾਬਰੀ ਦੀ ਗੱਲ ਬੜੀ ਉੱਚੀ ਸੁਰ ਵਿਚ ਕੀਤੀ ਜਾਂਦੀ ਹੈ ਪਰ ਵਿਡੰਬਨਾ ਇਹ ਹੈ ਕਿ ਮਰਦ ਔਰਤ ਨੂੰ ਕੋਈ ਹੱਕ ਦੇਣ ਨੂੰ ਤਿਆਰ ਨਹੀਂ। ਵਿਕਸਤ ਦੇਸ਼ਾਂ ਵਿਚ ਭਾਵੇਂ ਔਰਤ ਦੀ ਸਥਿਤੀ ਠੀਕ ਹੈ ਪਰ ਵਿਕਾਸਸ਼ੀਲ ਦੇਸ਼ਾਂ ਵਿਚ ਬਹੁਗਿਣਤੀ ਔਰਤਾਂ ਅੱਜ ਵੀ ਸ਼ੋਸ਼ਣ ਦਾ ਸ਼ਿਕਾਰ ਹਨ। ਭਾਵੇਂ ਕੁਝ ਔਰਤਾਂ ਜਿਵੇਂ ਕਿ ਸਰੋਜਨੀ ਨਾਇਡੂ, ਇੰਦਰਾ ਗਾਂਧੀ, ਕਲਪਨਾ ਚਾਵਲਾ, ਕਿਰਨ ਬੇਦੀ, ਪੀਟੀ ਊਸ਼ਾ, ਪ੍ਰਤਿਭਾ ਪਾਟਿਲ ਆਦਿ ਨੇ ਕਾਮਯਾਬੀ ਦੀਆਂ ਬੁਲੰਦੀਆਂ ਛੂਹੀਆਂ ਪਰ ਅੱਜ ਵੀ ਆਮ ਔਰਤ ਉੱਥੇ ਦੀ ਉੱਥੇ ਖੜ੍ਹੀ ਹੈ। ਔਰਤ ਚਿੰਤਨ ਇਕ ਸੰਵੇਦਨਸ਼ੀਲ ਵਿਸ਼ਾ ਹੈ ਜਿਸ 'ਤੇ ਵਿਚਾਰ ਕਰਨਾ ਜ਼ਰੂਰੀ ਹੈ।

ਸਮਾਜ ਭਾਵੇਂ ਆਧੁਨਿਕਤਾ ਵੱਲ ਵਧ ਰਿਹਾ ਹੈ ਪਰ ਔਰਤ ਪ੍ਰਤੀ ਸੋਚ ਅਜੇ ਵੀ ਉਸਾਰੂ ਨਹੀਂ।ਹੋਈ ਹੈ। ਭਰੂਣ ਹੱਤਿਆ, ਜਬਰ-ਜਨਾਹ, ਛੇੜਛਾੜ, ਉਧਾਲੇ ਵਰਗੀਆਂ ਵੱਡੇ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਨੇ ਸੁੱਘੜ-ਸਿਆਣੇ ਲੋਕਾਂ ਨੂੰ ਸ਼ਰਮਸਾਰ ਕੀਤਾ ਹੋਇਆ ਹੈ।

ਅਜੋਕੇ ਇਲੈਕਟ੍ਰਾਨਿਕ ਗਲੋਬਲ ਪਿੰਡ ਵਿਚ ਮੀਡੀਆ ਨੇ ਉਪਭੋਗੀ ਸੱਭਿਆਚਾਰ ਨੂੰ ਵਧਾਇਆ ਹੈ। ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਨੇ ਔਰਤ ਨੂੰ ਵਿਖਾਵੇ ਦੀ ਵਸਤੂ ਬਣਾ ਕੇ ਪੇਸ਼ ਕੀਤਾ ਹੈ। ਸੁੰਦਰਤਾ ਮੁਕਾਬਲਿਆਂ ਅਤੇ ਇਸ਼ਤਿਹਾਰਬਾਜ਼ੀ ਨੇ ਔਰਤ ਨੂੰ ਨੁਮਾਇਸ਼ ਦੀ ਵਸਤੂ ਵਜੋਂ ਪੇਸ਼ ਕਰ ਕੇ ਮੁਨਾਫ਼ਾ ਕਮਾਉਣ 'ਤੇ ਜ਼ੋਰ ਦਿੱਤਾ ਹੋਇਆ ਹੈ। ਜੇ ਕਿਸੇ ਦੇਸ਼ ਨੇ ਤਰੱਕੀ ਕਰਨੀ ਹੈ ਤਾਂ ਔਰਤਾਂ ਦਾ ਸਨਮਾਨ ਕਰਨਾ ਜ਼ਰੂਰੀ ਹੈ। ਔਰਤ ਦੀ ਲੜਾਈ ਮਰਦ ਵਿਰੁੱਧ ਨਾ ਹੋ ਕੇ ਮੌਜੂਦਾ ਪੱਖਪਾਤੀ ਸਮਾਜ ਤੇ ਨਿਜ਼ਾਮ ਵਿਰੁੱਧ ਹੈ। ਉਸ ਨੂੰ ਆਪਣਾ ਸਨਮਾਨਯੋਗ ਰੁਤਬਾ ਹਾਸਲ ਕਰਨ ਲਈ ਆਪਣੇ ਅਧਿਕਾਰਾਂ, ਕਾਨੂੰਨਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋਣ ਦੀ ਲੋੜ ਹੈ।

ਹਰ ਸਾਲ 8 ਮਾਰਚ ਨੂੰ ਪੂਰੇ ਵਿਸ਼ਵ ਵਿਚ ਅੰਤਰਰਾਸ਼ਟਰੀ ਇਸਤਰੀ ਦਿਵਸ ਮਨਾਇਆ ਜਾਂਦਾ ਹੈ ਜੋ ਅਮਨ, ਜਮਹੂਰੀਅਤ ਅਤੇ ਸਮਾਜਵਾਦ ਲਈ ਸੰਘਰਸ਼ ਵਿਚ ਇਸਤਰੀਆਂ ਦੇ ਏਕੇ ਦਾ ਪ੍ਰਤੀਕ ਹੈ। ਕਾਬਿਲੇਗ਼ੌਰ ਹੈ ਕਿ 8 ਮਾਰਚ 1857 ਨੂੰ ਨਿਊਯਾਰਕ ਦੀਆਂ ਉਹ ਔਰਤਾਂ ਜੋ ਕੱਪੜਾ ਮਿੱਲਾਂ ਵਿਚ ਕੰਮ ਕਰਦੀਆਂ ਸਨ, ਉਨ੍ਹਾਂ ਬਰਾਬਰ ਕੰਮ ਲਈ ਬਰਾਬਰ ਵੇਤਨ ਦੀ ਮੰਗ ਕੀਤੀ। ਇੱਥੋਂ ਹੀ ਮਹਿਲਾਵਾਂ ਦੇ ਸੰਘਰਸ਼ ਤੇ ਏਕੇ ਨੂੰ ਨਵੀਂ ਦਿਸ਼ਾ ਮਿਲੀ। ਫਿਰ 1910 ਵਿਚ ਕੋਪਨਹੈਗਨ ਵਿਖੇ ਹੋਈ ਸੋਸ਼ਲਿਸਟ ਇਸਤਰੀਆਂ ਦੀ ਦੂਜੀ ਅੰਤਰਰਾਸ਼ਟਰੀ ਕਾਨਫਰੰਸ ਵੱਲੋਂ ਇਸਤਰੀ ਦਿਵਸ ਦੀ ਸਥਾਪਨਾ ਕੀਤੀ ਗਈ ਸੀ। ਫਿਰ ਅੰਤਰਰਾਸ਼ਟਰੀ ਮਹਿਲਾ ਦਿਵਸ ਪਹਿਲਾਂ 1911 ਵਿਚ ਜਰਮਨੀ, ਆਸਟਰੀਆ, ਡੈਨਮਾਰਕ ਅਤੇ ਸਵਿਟਰਜ਼ਲੈਂਡ ਵਿਚ ਵੀ ਮਨਾਇਆ ਗਿਆ।ਇਸਤਰੀ ਲਹਿਰ ਦਾ ਮੁੱਖ ਉਦੇਸ਼ ਹੈ ਕਿ ਇਸਤਰੀਆਂ ਲਈ ਆਰਥਿਕ ਅਤੇ ਸਮਾਜਿਕ ਬਰਾਬਰੀ ਲਈ ਲੜਿਆ ਜਾਵੇ। ਕੌਮਾਂਤਰੀ ਮਹਿਲਾ ਦਿਵਸ ਮੌਕੇ ਮਹਿਲਾਵਾਂ ਨੂੰ ਉਨ੍ਹਾਂ ਦੀਆਂ ਸਮਾਜਿਕ, ਰਾਜਨੀਤਕ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਜਾਂਦਾ ਹੈ।ਪਰ ਇਹ ਦਿਨ ਉਨ੍ਹਾਂ ਦੇ ਸਨਮਾਨ ਲਈ ਨਹੀਂ ਬਲਕਿ ਉਨ੍ਹਾਂ ਦੀ ਸੁਰੱਖਿਆ ਅਤੇ ਸਮਾਨ ਅਧਿਕਾਰਾਂ ਲਈ ਮਨਾਇਆ ਜਾਣਾ ਚਾਹੀਦਾ ਹੈ।

ਅਸਲ ਵਿਚ ਉਨ੍ਹਾਂ ਮੁੱਦਿਆਂ ਨੂੰ ਹੀ ਉਭਾਰਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਮਹਿਲਾਵਾਂ ਸੰਕਟ ਦੇ ਦੌਰ 'ਚੋਂ ਗੁਜ਼ਰ ਰਹੀਆਂ ਹਨ। ਸਿਰਫ਼ 8 ਮਾਰਚ ਨੂੰ ਮਹਿਲਾ ਦਿਵਸ ਮਨਾਉਣ ਨਾਲ ਹੀ ਔਰਤ ਦੀ ਦਸ਼ਾ ਵਿਚ ਸੁਧਾਰ ਨਹੀਂ ਹੋਵੇਗਾ। ਮਹਿਲਾਵਾਂ ਦੀ ਬਿਹਤਰੀ ਲਈ ਸਰਕਾਰਾਂ ਤੇ ਸਮਾਜ ਨੂੰ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਭਾਵੇਂ ਸਾਡੇ ਦੇਸ਼ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਯੋਜਨਾਵਾਂ ਆਰੰਭ ਹੋ ਚੁੱਕੀਆਂ ਹਨ ਪਰ ਮਹਿਲਾਵਾਂ ਦਾ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ, ਸੰਗਠਿਤ ਹੋਣਾ, ਹੱਕ ਹਾਸਲ ਕਰਨ ਦੇ ਸਮਾਜਿਕ ਤਰੀਕੇ ਅਪਣਾਉਣਾ ਸਮੇਂ ਦੀ ਲੋੜ ਹੈ। ਭਾਵੇਂ ਔਰਤਾਂ ਨੂੰ ਪੜ੍ਹਨ, ਨੌਕਰੀ ਕਰਨ, ਵੋਟ ਦੇਣ, ਪੰਚਾਇਤਾਂ ਤੋਂ ਲੈ ਕੇ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਚੋਣ ਲੜਨ ਦੇ ਮੌਕੇ ਮਿਲੇ ਹਨ ਪਰ ਸਿਰਫ਼ ਕੁਝ ਕੁ ਫ਼ੀਸਦੀ ਔਰਤਾਂ ਇਨ੍ਹਾਂ ਮੌਕਿਆਂ ਦਾ ਲਾਭ ਲੈ ਰਹੀਆਂ ਹਨ। ਜਿਸ ਸਮਾਜ, ਜਿਸ ਦੇਸ਼ ਵਿਚ 80 ਸਾਲਾਂ ਦੀ ਬਜ਼ੁਰਗ ਅਤੇ 2 ਸਾਲਾਂ ਦੀ ਬਾਲੜੀ ਜਬਰ-ਜਨਾਹ ਦਾ ਸ਼ਿਕਾਰ ਹੋ ਰਹੀ ਹੋਵੇ, ਜਿਸ ਦੇਸ਼ ਵਿਚ ਆਈਏਐੱਸ ਔਰਤ ਤੋਂ ਲੈ ਕੇ ਝੁੱਗੀ ਝੌਂਪੜੀ ਵਿਚ ਰਹਿਣ ਵਾਲੀ ਗ਼ਰੀਬ ਔਰਤ ਦਾ ਸ਼ੋਸ਼ਣ ਹੁੰਦਾ ਹੋਵੇ, ਉਸ ਦੇਸ਼ ਵਿਚ ਤਕਰੀਰਾਂ, ਵਾਅਦੇ ਅਤੇ ਇਹੋ ਜਿਹੇ ਦਿਵਸ ਮਨਾਉਣੇ ਬੇਮਾਅਨਾ ਹਨ। ਜ਼ਰੂਰੀ ਹੈ ਕਿ ਲੜਕੀ ਨੂੰ ਬਚਪਨ ਤੋਂ ਹੀ ਲੜਕੇ ਦੇ ਬਰਾਬਰ ਹੱਕ ਮਿਲਣ ਅਤੇ ਦੋਨੋਂ ਇੱਕੋ ਜਿਹੀ ਬਰਾਬਰੀ ਨਾਲ ਵੱਡੇ ਹੋਣ ਅਤੇ ਦੋਵਾਂ ਦੇ ਇੱਕੋ ਜਿਹੇ ਉਜਵਲ ਭਵਿੱਖ ਦੀ ਉਮੀਦ ਰੱਖੀ ਜਾਵੇ। ਜਦ ਮਾਪੇ ਲੜਕੀ ਨੂੰ ਲੜਕੇ ਵਾਂਗ ਹੀ ਵੱਡਾ ਕਰਦੇ ਹਨ ਤਾਂ ਉਸ ਦਾ ਆਤਮ-ਵਿਸ਼ਵਾਸ ਆਪਣੇ-ਆਪ ਵਧ ਜਾਂਦਾ ਹੈ। ਰਵਾਇਤਾਂ ਅਤੇ ਰੂੜ੍ਹੀਆਂ ਮਹਿਲਾਵਾਂ 'ਤੇ ਥੋਪੀਆਂ ਗਈਆਂ ਹਨ। ਇਨ੍ਹਾਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ ਜੇਕਰ ਸਮਾਜ ਦਾ ਮਹਿਲਾਵਾਂ ਪ੍ਰਤੀ ਦ੍ਰਿਸ਼ਟੀਕੋਣ ਬਦਲੇ। ਅਜੋਕੀ ਔਰਤ ਨੂੰ ਚਾਹੀਦਾ ਹੈ ਕਿ ਉਹ ਆਉਣ ਵਾਲੀ ਮਹਿਲਾ ਪੀੜ੍ਹੀ ਪ੍ਰਤੀ ਅਜਿਹਾ ਧਰਾਤਲ ਤਿਆਰ ਕਰੇ ਜਿੱਥੇ ਉਹ ਆਦਮੀ ਦੇ ਕਦਮ ਨਾਲ ਕਦਮ ਮਿਲਾ ਕੇ ਚੱਲ ਸਕੇ ਅਤੇ ਖੁੱਲ੍ਹੀ ਫ਼ਿਜ਼ਾ 'ਚ ਬੇਖ਼ੌਫ਼ ਹੋ ਕੇ ਸਾਹ ਲੈ ਸਕੇ। ਅਜਿਹਾ ਤਾਂ ਹੀ ਸੰਭਵ ਹੈ ਜਦ ਬਿਮਾਰ ਮਾਨਸਿਕਤਾ ਵਾਲੀ ਪੀੜ੍ਹੀ ਜੀਨੀਅਸ ਜਨਰੇਸ਼ਨ ਵਿਚ ਤਬਦੀਲ ਹੋਵੇ। ਇਸ ਲਈ ਬੇਹੱਦ ਜ਼ਰੂਰੀ ਹੈ ਕਿ ਲੋਕ ਤੰਗ ਸੋਚ ਅਤੇ ਬਿਮਾਰ ਮਾਨਸਿਕਤਾ ਨੂੰ ਤਿਆਗ ਕੇ ਸਭ ਮਹਿਲਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਣ।

ਅਨੇਕਾਂ ਸਮਾਜਿਕ ਬੁਰਾਈਆਂ ਅੱਜ ਵੀ ਹਨ ਜੋ ਔਰਤਾਂ ਦੀ ਦੁਰਦਸ਼ਾ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ। ਨੂੰਹ ਤੇ ਧੀ 'ਚ ਕੋਈ ਫ਼ਰਕ ਨਾ ਕੀਤਾ ਜਾਵੇ, ਦਾਜ ਰੂਪੀ ਬੁਰਾਈ ਨੂੰ ਛੱਡਿਆ ਜਾਵੇ, ਸਾਦੇ ਵਿਆਹ ਕੀਤੇ ਜਾਣ। ਜੇ ਇੰਜ ਹੋ ਜਾਵੇ ਤਾਂ ਕਾਫੀ ਹੱਦ ਤਕ ਲੜਕੀਆਂ ਦੀ ਜੂਨ ਸੁਧਰ ਜਾਵੇਗੀ। ਜਦ ਤਕ ਆਮ ਔਰਤ ਦੀ ਸੋਚ ਨਹੀਂ ਬਦਲ ਜਾਂਦੀ, ਜਦ ਤਕ ਔਰਤ ਹੋਣ 'ਤੇ ਉਸ ਨੂੰ ਮਾਣ ਨਹੀਂ ਹੁੰਦਾ, ਜਦ ਤਕ ਉਹ ਆਪਣੇ ਲਈ ਸੁਰੱਖਿਅਤ ਸਮਾਜ ਅਤੇ ਸੱਭਿਆਚਾਰ ਨਹੀਂ ਸਿਰਜ ਲੈਂਦੀ ਉਦੋਂ ਤਕ ਨਾਰੀ ਦਿਵਸ ਮਨਾਉਣ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਇਸ ਮੌਕੇ ਦਿੱਤੀਆਂ ਤਕਰੀਰਾਂ ਅਤੇ ਪ੍ਰਚਾਰ ਉਸ ਦਾ ਭਵਿੱਖ ਨਹੀਂ ਸੰਵਾਰ ਸਕਦੇ।-

# ਕਿਉਂ ਜ਼ਰੂਰੀ ਹੈ ਪੰਜਾਬ ਦੇ ਮੁੱਦਿਆਂ ਦੀ ਰਾਜਨੀਤੀ ਤੇ ਕਾਲੇ ਪਾਣੀਆਂ ਦਾ ਮੋਰਚਾ?

ਲੇਖਕ : ਅਮਿਤੋਜ ਮਾਨ







ਹਰ ਉਦਯੋਗ ਦਾ ਬਦਲ ਹੈ, ਪਰ ਕੀ ਪਾਣੀ ਦਾ ਜਾਂ ਜ਼ਿੰਦਗੀ ਦਾ ਕੋਈ ਬਦਲ ਹੈ? ਯੁੱਗ ਯੁਗਾਂਤਰ ਤੋਂ ਦਰਿਆਵਾਂ ਨਦੀਆਂ ਦੇ ਕਿਨਾਰੇ ਹੀ ਜ਼ਿੰਦਗੀ ਪਨਪਦੀ ਰਹੀ ਹੈ.. ਤੇ ਹੁਣ ਦਰਿਆ ਤੇ ਨਦੀਆਂ ਮੌਤ ਵੰਡ ਰਹੇ ਨੇ।

ਇਹ ਕੀ ਹੈ ?.. ਸ਼ਾਇਦ ਤਰੱਕੀ?.. ਜਦੋਂ ਤੋਂ ਹੋਸ਼ ਸੰਭਾਲੀ ਹੈ ਆਧੁਨਿਕ ਵਸੀਲਿਆਂ ਨੂੰ ਹੀ ਤਰੱਕੀ ਸਮਝਿਆ ਸੀ ਪਰ ਜ਼ਿੰਦਗੀ ਦੇ ਮਾਇਨੇ ਸਮਝਦਿਆਂ ਸਮਝਿਆ ਕਿ ਤਰੱਕੀ ਤੇ ਬਰਬਾਦੀ ਦਾ ਬਹੁਤ ਨਜ਼ਦੀਕੀ ਰਿਸ਼ਤਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜ਼ਿੰਦਗੀ ਖ਼ੁਸ਼ੀ ਨੂੰ ਤਲਾਸ਼ਦਿਆਂ ਹੀ ਬੀਤਦੀ ਹੈ, ਸ਼ਾਇਦ ਇਸੇ ਤਲਾਸ਼ ਵਿਚ ਅਸੀਂ ਅਤੀਤ 'ਚ ਗੋਤਾ ਲਾਉਂਦੇ ਹਾਂ, ਕਿਉਂਕਿ ਉਦੋਂ ਜੀਵਨ ਤਰੱਕੀ ਦੇ ਆਸਰੇ ਨਹੀਂ ਬਲਕਿ ਕੁਦਰਤ ਦੀ ਰਜ਼ਾ ਵਿਚ ਰਹਿੰਦਿਆਂ ਮਾਣਿਆ ਜਾਂਦਾ ਸੀ। ਅੱਜ ਸਾਡੇ ਕੋਲ ਆਧੁਨਿਕਤਾ ਹੈ ਓਦੋਂ ਜ਼ਿੰਦਗੀ ਸੀ। ਮੈਂ ਸਿਨੇਮੇ ਦੇ ਨਜ਼ਰੀਏ ਤੋਂ ਕਹਿ ਸਕਦਾ ਹਾਂ ਕਿ ਦੁਨੀਆ ਇਤਿਹਾਸਕ ਜਾਂ ਮਿਥਿਹਾਸਕ ਸਿਨੇਮੇ ਨੂੰ ਵੇਖਣਾ ਜ਼ਿਆਦਾ ਪਸੰਦ ਕਰਦੀ ਹੈ। ਸ਼ਾਇਦ ਜਿਹੜੀਆਂ ਖ਼ੁਸ਼ੀਆਂ ਸਾਨੂੰ ਅੱਜ ਨਹੀਂ ਮਿਲਦੀਆਂ, ਉਹ ਅਸੀਂ ਉਸ ਜ਼ਮਾਨੇ ਦੇ ਸਿਨੇਮੇ 'ਚ ਤਲਾਸ਼ਦੇ ਫਿਰਦੇ ਹਾਂ ਤੇ ਸਾਡੀ ਉਹੀ ਵਿਰਾਸਤ ਇਸ ਅਖੌਤੀ ਤਰੱਕੀ ਨੇ ਖੋਹ ਲਈ ਹੈ। ਦੁਨੀਆ 'ਚ ਕੁਦਰਤ ਵਿਰੋਧੀ ਤੇ ਕਿਸੇ ਹੱਦ ਤੱਕ ਮਨੁੱਖਤਾ ਵਿਰੋਧੀ ਅਰਥਚਾਰਾ ਚੱਲ ਰਿਹਾ, ਜਿਸ ਦਾ ਹਮਲਾ ਸਾਡੀ ਹੋਂਦ 'ਤੇ ਹੈ, ਕਿਉਂਕਿ ਪਾਣੀ ਹੀ ਪੰਜਾਬ ਹੈ ਤੇ ਪੰਜਾਬ ਹੀ ਪਾਣੀ ਹੈ। ਚਾਹੇ ਵੈਦਿਕ ਯੁੱਗ (1500-500 ਈਸਾਪੂਰਵ) ਦੌਰਾਨ ਅਜੋਕੇ ਪੰਜਾਬ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ, ਜਿਸ ਦਾ ਰਿਗਵੇਦ ਵਿਚ ਉਲੇਖ ਹੈ, ਜੋ ਉਸ ਵੇਲੇ ਵਹਿੰਦੇ ਸੱਤ ਦਰਿਆਵਾਂ 'ਤੇ ਅਧਾਰਿਤ ਸੀ, ਬਾਅਦ ਦੇ ਵੈਦਿਕ ਯੁੱਗ ਵਿਚ ਇਸ ਨੂੰ ਪੰਚਨਦ ਕਿਹਾ ਜਾਣ ਲੱਗਾ ਜੋ, ਪੰਜ ਦਰਿਆਵਾਂ ਦੀ ਵਜ੍ਹਾ ਨਾਲ ਸੀ। ਹਰ ਵੇਲੇ ਜਾਂ ਯੱਗਾਂ 'ਚ ਸਾਡਾ ਨਾਂਅ ਜਾਂ ਪਹਿਚਾਣ ਪਾਣੀ ਨਾਲ ਹੀ ਸੀ, ਸਾਫ਼ ਸ਼ਫ਼ਾਕ ਪਾਣੀ ਜੋ ਹੁਣ ਬੀਤੇ ਹੋਏ ਯੁੱਗਾਂ ਦੀ ਗੱਲ ਹੋ ਗਿਆ ਹੈ। ਬੁੱਢਾ ਦਰਿਆ ਵੀ ਹੁਣ ਬੁੱਢਾ ਨਾਲਾ ਬਣ ਕੇ ਰਹਿ ਗਿਆ ਹੈ, ਤੇ ਬੁੱਢਾ ਨਾਲਾ ਹੀ ਕਿਉਂ?...ਹੋਰ ਵੀ ਬਹੁਤ ਸਾਰੇ ਪ੍ਰਦੂਸ਼ਣ ਦੇ ਸੋਤ੍ਰ ਨੇ, ਜਿਵੇਂ ਕਾਲਾ ਸੰਘਿਆਂ ਡਰੇਨ, ਤੁੰਗ ਢਾਬ ਡਰੇਨ, ਚਿੱਟੀ ਵੇਈਂ, ਹੰਸਲਾ ਨਦੀ ਜਾਂ ਹੋਰ ਵੀ, ਜੋ ਵਾਤਾਵਰਨ ਨੂੰ ਪਲੀਤ ਕਰਨ ਦੇ ਵੱਡੇ ਕਾਰਨ ਹਨ। ਕੋਈ ਸ਼ੱਕ ਨਹੀਂ ਪੰਜਾਬ ਦੇ ਪਾਣੀਆਂ ਨੂੰ ਇਕੱਲੇ ਬੁੱਢੇ ਨਾਲੇ ਨੇ ਹੀ ਗੰਦਾ ਨਹੀਂ ਕੀਤਾ ਪਰ ਇਨ੍ਹਾਂ ਸਾਰਿਆਂ 'ਚੋਂ ਵੱਡਾ ਸਰੋਤ ਜਾਂ ਪ੍ਰਦੂਸ਼ਣ ਦਾ ਪ੍ਰਤੀਕ ਬੁੱਢਾ ਨਾਲਾ ਹੀ ਹੈ, ਜਿਹੜਾ ਕਿ ਕਦੇ ਪਹਿਲੀ ਪਾਤਸ਼ਾਹੀ ਵੱਲੋਂ ਦਿੱਤੇ ਨਾਮ ਬੁੱਢਾ ਦਰਿਆ ਵਾਂਗ ਹੌਲੀ ਹੌਲੀ ਵਹਿੰਦਾ ਸੀ, ਪਰ ਹੁਣ ਬਹੁਤ ਤੇਜ਼ ਗਤੀ ਨਾਲ ਪਾਣੀ ਨੂੰ ਗੰਦਾ ਕਰ ਰਿਹਾ ਤੇ ਲੋਕਾਂ ਦੀ ਜ਼ਿੰਦਗੀ ਮੌਤ 'ਚ ਬਦਲਦਾ ਜਾ ਰਿਹਾ ਹੈ। ਇਸ ਲਈ ਸਭ ਤੋਂ ਪਹਿਲਾਂ ਬੁੱਢੇ ਨਾਲੇ ਦੀ ਬਹਾਲੀ ਦਾ ਮੁੱਦਾ ਸਾਹਮਣੇ ਆਉਂਦਾ ਹੈ। ਬੁੱਢੇ ਨਾਲੇ ਦੇ ਪਾਣੀ ਨੂੰ ਪਲੀਤ ਕਰਨ ਲਈ ਬਹੁਤ ਸਾਰੇ ਉਦਯੋਗ ਜ਼ਿੰਮੇਵਾਰ ਹਨ, ਜਿਵੇਂ ਕਿ ਡੇਅਰੀ ਵਾਲੇ, ਇਲੈਕਟਰੋਪਲੇਟਿੰਗ ਉਦਯੋਗ ਆਦਿ। ਸ਼ਹਿਰ ਦਾ ਸੀਵਰੇਜ ਦਾ ਗੰਦਾ ਪਾਣੀ ਵੀ ਨਾਲੇ ਵਿਚ ਪੈਣ ਤੋਂ ਰੋਕਣਾ ਚਾਹੀਦਾ ਹੈ। ਜੋ ਉਦਯੋਗ ਬੰਦ ਹੋਣੇ ਚਾਹੀਦੇ ਨੇ ਉਨ੍ਹਾਂ ਵਿਚੋਂ ਸਭ ਤੋਂ ਖ਼ਤਰਨਾਕ ਹੈ ਡਾਇੰਗ (ਉੱਨ ਰੰਗਣੇ) ਦਾ ਉਦਯੋਗ, ਜੋ 15 ਕਰੋੜ ਲੀਟਰ ਕੈਮੀਕਲ ਯੁਕਤ ਪਾਣੀ (ਜੋ ਕੋਈ ਵੀ ਸੀਟੀਪੀ ਸਾਫ਼ ਨਹੀਂ ਕਰ ਸਕਦਾ) ਹਰ ਰੋਜ਼ ਬੱਢੇ ਨਾਲੇ ਵਿਚ ਪਾਉਂਦਾ ਹੈ। 15 ਕਰੋੜ ਲੀਟਰ 'ਚੋਂ ਅਸੀਂ ਚੁਣਿਆ ਸਾਢੇ 10 ਕਰੋੜ ਲੀਟਰ ਜੋ ਤਾਜਪੁਰ ਰੋਡ ਵਾਲਾ, ਫੋਕਲ ਪੁਆਇੰਟ ਅਤੇ ਬਹਾਦਰ ਕੇ ਦੇ ਸੀਟੀਪੀ, ਜਿਨ੍ਹਾਂ ਦੀਆਂ ਚਾਹੇ ਮਨਜ਼ੂਰੀਆਂ ਦੀ ਗੱਲ ਹੋਵੇ ਜਾਂ ਦਰਿਆ 'ਚ ਪਾਣੀ ਪਾਉਣ ਦੀ ਜਾਂ ਹੋਰ ਨਿਯਮਾਂ ਦੀ ਉਲੰਘਣਾ, ਸਭ ਜਾਂ ਜ਼ਿਆਦਾਤਰ ਗੈਰ ਕਾਨੂੰਨੀ ਹਨ। ਦੁਨੀਆ ਤੇ ਭਾਰਤ ਦੇ ਪਾਣੀਆਂ ਤੇ ਵਾਤਾਵਰਨ ਨਾਲ ਜੁੜੇ ਜਿੰਨੇ ਵੀ ਮਾਪਦੰਡ ਹਨ, ਕਿਸੇ ਦੀ ਵੀ ਇਥੇ ਪਾਲਣਾ ਨਹੀਂ ਹੋ ਰਹੀ, ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਜਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਇਨ੍ਹਾਂ ਸਾਰੇ ਸੰਵਿਧਾਨਕ ਅਦਾਰਿਆਂ ਦੇ ਆਦੇਸ਼ਾਂ ਦਾ ਪਾਲਣ ਨਹੀਂ ਹੋ ਰਿਹਾ ਜਾਂ ਪ੍ਰਸ਼ਾਸਨ ਵੱਲੋਂ ਕਰਵਾਇਆ ਨਹੀਂ ਜਾ ਰਿਹਾ। ਇਸ ਯੁਗ ਦੇ ਉਦਯੋਗਪਤੀਆਂ ਤੇ ਸਰਕਾਰਾਂ ਦਾ ਜੋ ਨਾਪਾਕ ਗਠਜੋੜ ਹੈ ਜਾਂ ਬੁਰਛਾਗਰਦੀ ਹੈ, ਉਸ ਦਾ ਖ਼ਮਿਆਜ਼ਾ ਪੰਜਾਬ ਦੇ ਲੋਕ ਭੁਗਤ ਰਹੇ ਹਨ। ਇਨ੍ਹਾਂ ਵਲੋਂ ਇੱਕ ਤਰਕ ਦਿੱਤਾ ਜਾਂਦਾ ਹੈ ਕਿ ਉਦਯੋਗ ਦਾ ਬਦਲ ਕੀ ਹੈ? ਪਰ ਕੀ ਇਹ ਗੱਠਜੋੜ ਦੱਸੂਗਾ ਕਿ ਪਾਣੀ ਦਾ ਬਦਲ ਕੀ ਹੈ? ਜ਼ਿੰਦਗੀ ਦਾ ਬਦਲ ਕੀ ਹੈ? ਧਰਤੀ ਦਾ ਬਦਲਦੀ ਹੈ?....

ਜਿਸ ਚੀਜ਼ ਨੂੰ ਤੁਸੀਂ ਬਣਾ ਨਹੀਂ ਸਕਦੇ, ਚਾਹੇ ਉਹ ਪਾਣੀ ਹੋਵੇ ਜਾਂ ਜ਼ਿੰਦਗੀ, ਉਸ ਨੂੰ ਖ਼ਤਮ ਕਰਨ ਦਾ ਹੱਕ ਤੁਹਾਨੂੰ ਕਿਸ ਨੇ ਦਿੱਤਾ ਜਾਂ ਕਿਵੇਂ ਦਿੱਤਾ ਜਾ ਸਕਦਾ ਹੈ? ਜਾਂ ਤੁਸੀਂ ਇਹ ਹੱਕ ਪ੍ਰਸ਼ਾਸਨ ਦੇ ਜ਼ੋਰ 'ਤੇ ਆਪੇ ਲੈ ਲਿਆ?.. ਜਿਥੇ ਸਰਕਾਰਾਂ ਜਾਬਰ ਤੇ ਪੱਖਪਾਤੀ ਹੋ ਜਾਣ ਤੇ ਇਨਸਾਫ਼ ਗੂੰਗਾ। ਉਥੇ ਫਿਰ ਲੋਕ ਬੋਲਦੇ ਹਨ ਤੇ ਉਨ੍ਹਾਂ ਦੇ ਬੋਲਣ ਨਾਲ ਕੌਮਾਂ, ਸੂਬਿਆਂ, ਤੇ ਦੇਸ਼ਾਂ ਦੀਆਂ ਤਕਦੀਰਾਂ ਬਦਲ ਜਾਂਦੀਆਂ ਨੇ।

ਪੰਜਾਬ ਵਿਚ ਬੋਲਣ ਦੀ ਪਿਰਤ ਪੁਰਾਣੀ ਹੈ। ਕਿਉਂਕਿ ਅਸੀਂ ਪ੍ਰਤੀਕਰਮ ਦੇਣ ਵਾਲੇ ਲੋਕ ਹਾਂ। ਮੇਰੀ ਜਾਂ ਕਹਿ ਲਵੋ ਸਾਡੀ ਇਕੋ ਕੋਸ਼ਿਸ਼ ਹੈ ਕਿ ਰਾਜਨੀਤੀ ਮੁੱਦਿਆਂ 'ਤੇ ਹੋਵੇ ਅਤੇ ਉਸ ਵਿਚ ਲੋਕਾਂ ਦੀ ਭਰਪੂਰ ਸ਼ਮੂਲੀਅਤ ਹੋਣੀ ਜ਼ਰੂਰੀ ਹੈ। ਪਾਣੀ ਦੀ ਲੜਾਈ ਵਿਚ ਅਸੀਂ ਛੋਟੀਆਂ-ਛੋਟੀਆਂ ਸਫਲਤਾਵਾਂ ਤੋਂ ਬਾਅਦ 3 ਦਸੰਬਰ ਨੂੰ ਵੱਡੀ ਸਫਲਤਾ ਹਾਸਿਲ ਕੀਤੀ ਹੈ- ਜ਼ਿਆਦਾਤਰ ਪੰਜਾਬੀ ਪਾਣੀ ਦੇ ਮੁੱਦੇ 'ਤੇ ਸਾਡੇ ਨਾਲ ਖੜ੍ਹ ਗਏ ਹਨ। ਖੁਸ਼ੀ ਹੈ ਕਿ ਅਸੀਂ ਇਕ ਅਜਿਹਾ ਮੁੱਦਾ, ਜਿਸਨੂੰ ਨੂੰ ਕਦੇ ਵੀ ਹਿੰਦੁਸਤਾਨ ਜਾਂ ਪੰਜਾਬ ਦੇ ਵਿਚ ਮੁੱਦਾ ਹੀ ਨਹੀਂ ਮੰਨਿਆ ਜਾਂਦਾ ਸੀ, ਉਸ ਨੂੰ ਅਸੀਂ ਲੋਕਾਂ ਦਾ ਮੁੱਦਾ ਬਣਾ ਦਿੱਤਾ, ਨਾਲ-ਨਾਲ ਇਕ ਹੋਰ ਵੱਡਾ ਕੰਮ ਇਹ ਹੋਇਆ ਕਿ ਇਸ ਮੁੱਦੇ 'ਤੇ ਪੰਜਾਬੀ ਹਿੰਦੂ ਮੁਸਲਮਾਨ ਸਿੱਖ ਤੇ ਸਭ ਫਿਰਕੇ ਇਕੱਠੇ ਹੋ ਗਏ, ਕਿਉਂਕਿ ਪਾਣੀ ਜ਼ਿੰਦਗੀ ਲਈ ਸਭ ਤੋਂ ਜ਼ਰੂਰੀ ਸ਼ੈਅ ਹੈ, ਜਿਹਨੂੰ ਹਰ ਧਰਮ ਵਿਚ ਵਡਿਆਇਆ ਗਿਆ ਹੈ। ਗੁਰਬਾਣੀ ਵਿਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਪਾਣੀ ਨੂੰ ਜੀਵਨ ਮੰਨਿਆ ਹੈ, ਰਿਗਵੇਦ ਵਿਚ ਨਦੀਆਂ ਨੂੰ ਮਾਤਾਵਾਂ ਕਹਿ ਕੇ ਸਲਾਮ ਕੀਤਾ ਗਿਆ ਹੈ ਤੇ ਜੀਵਨ ਦੇਣ ਵਾਲੀ ਪਵਿੱਤਰ ਸ਼ਕਤੀ ਕਹਿ ਕੇ ਵਡਿਆਇਆ ਗਿਆ ਹੈ, ਬਾਈਬਲ ਵਿਚ ਇਸ ਨੂੰ ਆਤਮਿਕ ਨਵੀਨੀਕਰਨ ਅਤੇ ਜੀਵਨ ਦੇ ਸੋਤ੍ਰ ਵਜੋਂ ਵੇਖਿਆ ਜਾਂਦਾ ਹੈ। ਪਵਿੱਤਰ ਕੁਰਾਨ ਵਿਚ ਪਾਣੀ ਨੂੰ ਅੱਲਹ ਦੀ ਰਹਿਮਤ ਅਤੇ ਜੀਵਨ ਦਾ ਆਧਾਰ ਮੰਨਿਆ ਗਿਆ ਹੈ। ਸਾਰੇ ਧਰਮ ਪਾਣੀ ਨੂੰ ਸਿਰਫ਼ ਭੌਤਿਕ ਤੱਤ ਨਹੀਂ ਬਲਕਿ ਅਧਿਆਤਮਿਕ ਮਹੱਤਵ ਰੱਖਣ ਵਾਲਾ ਮੰਨਦੇ ਹਨ। ਸੋ ਜ਼ਰੂਰਤ ਹੈ ਕੁਦਰਤ ਦੀ ਬਖਸ਼ਿਸ਼ ਪਾਣੀ ਨੂੰ ਜਿਉਂ ਦਾ ਤਿਉਂ ਰੱਖਣਾ। ਆਧੁਨਿਕਤਾ ਕਰਕੇ ਬੁੱਢੇ ਦਰਿਆ ਦਾ ਪਾਣੀ ਪਲੀਤ ਹੋ ਗਿਆ, ਜਿਸ ਦੀ ਵਜ੍ਹਾ ਕਰਕੇ ਅਸੀਂ ਪੀੜਤ ਪਿੰਡਾਂ ਦੇ ਵਿਰਲਾਪ ਸੁਣੇ ਹਨ। ਛੋਟੇ-ਛੋਟੇ ਬੱਚੇ, ਬਜ਼ੁਰਗ ਪਤਾ ਹੀ ਨਹੀਂ ਕਿੰਨੀਆਂ ਨਾਮੁਰਾਦ ਬਿਮਾਰੀਆਂ ਦੇ ਸ਼ਿਕਾਰ ਹਨ, ਉਨ੍ਹਾਂ ਦੀਆਂ ਉਮਰਾਂ ਘਟ ਗਈਆਂ ਤੇ ਜ਼ਿੰਦਗੀ ਬੋਝ ਬਣ ਗਈ ਹੈ। ਮੈਂ ਉਨਾਂ ਦੇ ਦੁੱਖਾਂ ਨੂੰ ਬਿਆਨ ਹੀ ਨਹੀਂ ਕਰ ਸਕਦਾ, ਉਹ ਅਕਹਿ ਨੇ , ਅੱਧੇ ਅੱਧੇ ਪਿੰਡ ਨੂੰ ਕੈਂਸਰ, ਜੰਮਦੇ ਬੱਚੇ ਦਿਮਾਗੀ ਤੌਰ 'ਤੇ ਅਪਾਹਜ, ਪਿੰਡਾਂ 'ਚ ਹਰ ਤੀਸਰੇ ਮਹੀਨੇ ਕਾਲੇ ਪੀਲੀਏ ਦੀ ਚੈਕਿੰਗ ਹੁੰਦੀ ਹੈ। ਲੋਕਾਂ ਵਿਚਾਰਿਆਂ ਦੀ ਜ਼ਿੰਦਗੀ ਇਸੇ ਖੌਫ਼ ਵਿਚ ਬੀਤਦੀ ਹੈ ਕਿ ਅਸੀਂ ਉਸ ਦੀ ਚਪੇਟ ਵਿਚ ਤਾਂ ਨਹੀਂ ਆ ਗਏ? ਇਹ ਉਹੀ ਸਤਲੁਜ ਹੈ, ਜਿਥੋਂ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ ਅੰਮ੍ਰਿਤ ਛਕਾਇਆ ਗਿਆ ਸੀ, ਅੱਜ ਉਸੇ ਸਤਲੁਜ ਨੂੰ ਹਰ ਰੋਜ਼ ਗੰਦੇ ਤੋਂ ਗੰਦਾ ਕੀਤਾ ਜਾ ਰਿਹਾ ਤੇ ਦਸਮੇਸ਼ ਦੇ ਪੁੱਤ ਚੁੱਪ ਸਨ, ਪਰ ਹੁਣ ਬੋਲੇ ਨੇ ਤੇ ਜ਼ੋਰਦਾਰ ਬੋਲੇ ਹਨ। ਹੱਦ ਤਾਂ ਉਦੋਂ ਹੋ ਗਈ ਜਦ ਹਰੀਕੇ ਹੈੱਡ ਦੇ ਪਾਣੀ ਵਿਚਲੀ ਮੱਛੀ ਦੇ ਕੰਨ 'ਚ ਵੀ ਕੈਂਸਰ ਸੈਲ ਪਾਏ ਗਏ, ਉਹ ਭੱਦਰ ਪੁਰਸ਼ੋ ਘੱਟੋ-ਘੱਟ ਹੁਣ ਤਾਂ ਆਪਣੇ ਮੁਨਾਫ਼ੇ 'ਤੇ ਰਿਸ਼ਵਤ ਨੂੰ ਛੱਡ ਥੋੜਾ ਬਹੁਤ ਇਨਸਾਨੀਅਤ ਦਾ ਪਾਲਣ ਕਰ ਲਵੋ।× ਇਹ ਵੀ ਸੱਚ ਹੈ ਕਿ ਇਨ੍ਹਾਂ ਦਰਿਆਵਾਂ ਦਾ ਪਾਣੀ ਪੀ ਕੇ ਪੰਜਾਬ ਦੇ ਲੋਕ ਡੰਡ ਮਾਰਦੇ ਸਨ ਤੇ ਉਨ੍ਹਾਂ ਦੀ ਸਿਹਤ ਬਣ ਜਾਂਦੀ ਸੀ। ਦੇਸ਼ ਵਿਚ ਜਦੋਂ ਤੇ ਕੋਈ ਲੰਬਾ ਸੋਹਣਾ ਸੁਨੱਖਾ ਜਵਾਨ ਨਜ਼ਰ ਆਉਂਦਾ ਸੀ, ਤਾਂ ਲੋਕ ਕਹਿੰਦੇ ਸਨ ਪੰਜਾਬ ਦਾ ਹੋਣਾ, ਤੇ ਹੁਣ ਬਠਿੰਡੇ ਤੋਂ ਬੀਕਾਨੇਰ ਨੂੰ ਜਾਣ ਵਾਲੀ ਇੱਕ ਟ੍ਰੇਨ ਨੂੰ ਕੈਂਸਰ ਟ੍ਰੇਨ ਕਿਹਾ ਜਾਂਦਾ ਹੈ। ਕੀ ਅਸੀਂ ਇਥੇ ਰੁਕਾਂਗੇ? ਜਾਂ ਹੋਰ ਟ੍ਰੇਨਾਂ ਚਲਾ ਕੇ ਹੀ ਦਮ ਲਵਾਂਗੇ?.. ਬਚਪਨ ਤੋਂ ਸੁਣਿਆ ਸੀ ਤੇ ਇਤਿਹਾਸ 'ਚ ਵੀ ਪੜ੍ਹਿਆ ਹੈ ਕਿ ਜਦੋਂ ਕੋਈ ਗੁਨਾਹ ਕਰਦਾ ਹੈ ਤਾਂ ਸਜ਼ਾ ਮਿਲਦੀ ਹੈ, ਤਾਂ ਜੋ ਉਹ ਦੁਬਾਰਾ ਗੁਨਾਹ ਨਾ ਕਰੇ, ਪਰ ਲੁਧਿਆਣੇ ਵਾਰ-ਵਾਰ ਰੋਜ਼ ਮੌਤ ਵੰਡੀ ਜਾਂਦੀ ਹੈ। ਮੌਤ ਦਨਦਨਾਉਂਦੀ ਹੋਈ ਲੁਧਿਆਣੇ ਦੇ ਬੁੱਢੇ ਦਰਿਆ 'ਚੋਂ ਨਿਕਲਦੀ ਹੈ ਅਤੇ ਆ ਕੇ ਸਤਲੁਜ ਵਿਚ ਪਰ੍ਵੇਸ਼ ਕਰ ਜਾਂਦੀ ਹੈ। ਫਿਰ ਸਤਲੁਜ ਦਾ ਹਰੀਕੇ ਪੱਤਣ ਜਾ ਕੇ ਬਿਆਸ ਨਾਲ ਸੰਗਮ ਹੁੰਦਾ ਤੇ ਉਥੋਂ ਕੱਸੀਆਂ ਸੂਏ ਨਿਕਲ ਕੇ ਅੱਗੇ ਪੂਰੇ ਪੰਜਾਬ ਵਿਚ ਮੌਤ ਵੰਡਦੇ ਹਨ। ਇਕ ਹੋਰ ਬਹੁਤ ਹੀ ਖ਼ਤਰਨਾਕ ਨਾਕਾਬਿਲੇ ਮੁਆਫ ਗੁਨਾਹ ਫੈਕਟਰੀਆਂ ਵਾਲੇ ਕਰਦੇ ਨੇ ਕਿ ਰਿਵਰਸ ਬੋਰ ਕਰਕੇ ਪਾਣੀ ਥੱਲੇ ਜ਼ਮੀਨ ਵਿਚ ਪਾਉਂਦੇ ਹਨ, ਜਿਹਦੇ ਨਾਲ ਧਰਤੀ ਹੇਠਲਾ ਪਾਣੀ ਸਦਾ ਸਦਾ ਲਈ ਦੂਸ਼ਿਤ ਹੋ ਰਿਹਾ ਹੈ। ਕੀ ਵਿਦੇਸ਼ 'ਚ ਸਨਅਤਾਂ ਨਹੀਂ ਹਨ? ਓਹ ਤਾਂ ਸਾਥੋਂ ਜ਼ਿਆਦਾ ਤਰੱਕੀ-ਯਾਫ਼ਤਾ ਹਨ, ਪਰ ਸ਼ਾਇਦ ਉਨ੍ਹਾਂ 'ਚ ਅਜੇ ਵੀ ਕਿਤੇ ਨਾ ਕਿਤੇ ਜ਼ਮੀਰ ਜਾਗਦੀ ਹੈ ਤੇ ਆਤਮਾ ਜਾਗ੍ਰਿਤ ਹੈ। ਸਰਕਾਰਾਂ ਲੋਕਾਂ ਪ੍ਰਤੀ ਜਵਾਬਦੇਹ ਹਨ, ਇਸੇ ਕਰਕੇ ਲੰਦਨ ਦਾ ਥੇਮਸ ਦਰਿਆ ਗੰਦੇ ਤੋਂ ਹੁਣ ਸਾਫ਼ ਹੋ ਗਿਆ, ਜਰਮਨੀ ਦੀ ਰਾਇਨ ਨਦੀ ਸਾਫ਼ ਵਗਦੀ ਹੈ, ਬਲਕਿ ਸਾਡੇ ਦੇਸ਼ 'ਚ ਵੀ ਤਾਮਿਲਨਾਡੂ ਵਾਲੇ ਪੌਣ ਪਾਣੀ ਦੀ ਸ਼ੁੱਧਤਾ ਲਈ ਡਰਾਈ ਡਾਇੰਗ ਲੈ ਆਏ ਪਰ ਪੰਜਾਬ ਦੀਆਂ ਸਰਕਾਰਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ।

ਬਦਕਿਸਮਤੀ ਨਾਲ ਅਸੀਂ ਇਹ ਸਮਝ ਨਹੀਂ ਰਹੇ ਕਿ ਅਨਮੋਲ ਕੁਦਰਤੀ ਸੋਮਾ ਪਾਣੀ ਅਮੁੱਕ ਨਹੀਂ ਹੈ। ਉਮੀਦ ਹੈ ਕਿ ਬੁੱਢੇ ਨਾਲੇ ਤੋਂ ਸ਼ੁਰੂ ਹੋਈ ਇਹ ਲੜਾਈ ਜਾਂ ਮੰਗ ਵੱਡਾ ਰੂਪ ਲਵੇ ਤੇ ਅਸੀਂ ਆਪਣੇ ਇੱਕੋ ਕੁਦਰਤੀ ਸੋਮੇ ਪਾਣੀ ਨੂੰ ਬਚਾ ਸਕੀਏ-ਪਹਿਲਾਂ ਵਰਗਾ ਕਰ ਸਕੀਏ। ਉਮੀਦ ਹੈ ਇਸ ਲੜਾਈ 'ਚੋਂ ਇਕ ਨਵੀਂ ਕਿਸਮ ਦੀ ਰਾਜਨੀਤੀ ਨਿਕਲੂਗੀ। ਮੇਰੇ ਪੰਜਾਬ ਵਾਸੀਓ, ਇਸ ਗੱਲ ਬਾਰੇ ਜ਼ਰੂਰ ਸੋਚਿਓ ਕਿ ਕਰੋੜਾਂ ਰੁਪਿਆ ਚੋਣਾਂ 'ਤੇ ਲਾ ਕੇ ਉਮੀਦਵਾਰ ਲੋਕਾਂ ਦੀ ਕਿਹੜੀ ਸੇਵਾ ਕਰਨਗੇ? ਤੇ ਹਾਂ ਸਿਆਸਤ ਪ੍ਰਤੀ ਏਨੀ ਬੇਰੁਖੀ ਸ਼ਾਇਦ ਲੀਡਰਾਂ ਵਲੋਂ ਵਾਰ ਵਾਰ ਦਿੱਤੇ ਗਏ ਧੋਖਿਆਂ 'ਚੋਂ ਹੀ ਉਪਜੀ ਹੈ, ਪਰ ਮੇਰੀ ਜਨਤਾ ਨੂੰ ਇੱਕ ਬੇਨਤੀ ਹੈ, ਗੁਜ਼ਾਰਸ਼ ਹੈ, ਕਿ ਇਸ ਬਦਲਾਓ ਤੋਂ ਨਿਰਾਸ਼ ਨਾ ਹੋਇਓ, ਇਹ ਬਦਲਾਅ ਸਾਨੂੰ ਲਗਾਤਾਰ ਕਰਨੇ ਪੈਣਗੇ, ਫਿਰ ਹੀ ਅਸੀਂ ਹੌਲੀ-ਹੌਲੀ ਆਪਣੀ ਮਨਭਾਉਂਦੀ ਸਰਕਾਰ ਨੂੰ ਪ੍ਰਾਪਤ ਕਰ ਸਕਾਂਗੇ, ਯਕੀਨਨ ਜਿਸ ਦਿਨ ਪੰਜਾਬ 'ਚ ਮੁੱਦਿਆਂ ਦੀ ਰਾਜਨੀਤੀ ਹੋਣ ਲੱਗ ਪਈ, ਉਸ ਦਿਨ ਸਮਝਿਓ ਮੰਜ਼ਿਲ ਦੂਰ ਨਹੀਂ ਰਹੇਗੀ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਬੌਧਿਕ ਉਡਾਰੀਆਂ ਅਤੇ ਭਾਵਨਾਤਮਕ ਵਿਕਾਸ ਦੀ ਤ੍ਰਿਪਤੀ ਲਈ ਮਾਤ-ਭਾਸ਼ਾ ਦਾ ਮਹੱਤਵ

ਲੇਖਕ : ਡਾ. ਇਕਬਾਲ ਸਿੰਘ ਸਕਰੌਦੀ
ਫੋਨ: 84276-85020

ਵਰਤੋਂ ਦੇ ਲਿਹਾਜ਼ ਨਾਲ ਭਾਸ਼ਾ ਤਿੰਨ ਪ੍ਰਕਾਰ ਦੀ ਹੁੰਦੀ ਹੈ- ਵਿਹਾਰ ਭਾਸ਼ਾ, ਸਾਹਿਤਕ ਭਾਸ਼ਾ ਅਤੇ ਵਿਗਿਆਨਕ ਭਾਸ਼ਾ। ਵਿਹਾਰ ਭਾਸ਼ਾ ਹੀ ਅਸਲ ਵਿਚ ਮਾਤ-ਭਾਸ਼ਾ ਹੁੰਦੀ ਹੈ, ਜਿਸ ਨੂੰ ਬੱਚਾ ਆਪਣੇ ਵਾਤਾਵਰਨ ਵਿਚੋਂ ਸਹਿਜ ਸੁਭਾਅ ਗ੍ਰਹਿਣ ਕਰਦਾ ਜਾਂਦਾ ਹੈ। ਭਾਸ਼ਾ ਨੂੰ ਗ੍ਰਹਿਣ ਕਰਨ ਦਾ ਇਹ ਵਰਤਾਰਾ ਸੁਚੇਤ ਤੌਰ 'ਤੇ ਨਹੀਂ ਹੁੰਦਾ, ਸਗੋਂ ਉਹ ਆਪਣੇ ਕੰਨਾਂ ਨਾਲ਼ ਜੋ ਕੁਝ ਆਪਣੇ ਆਲ਼ੇ ਦੁਆਲ਼ੇ ਵਿਚ ਵਸਦੇ ਲੋਕਾਂ ਦੇ ਮੂੰਹਾਂ ਤੋਂ ਸੁਣਦਾ ਹੈ, ਉਸ ਨੂੰ ਆਪਣੀ ਕੁਦਰਤੀ ਸਿੱਖਣ ਯੋਗਤਾ ਅਨੁਸਾਰ ਸਹਿਜੇ ਹੀ ਗ੍ਰਹਿਣ ਕਰਦਾ ਜਾਂਦਾ ਹੈ। ਬੱਚੇ ਦਾ ਪਹਿਲਾ, ਨੇੜਵਾਂ ਅਤੇ ਲੰਮਾ ਸੰਪਰਕ ਕਿਉਂਕਿ ਆਪਣੀ ਮਾਂ ਨਾਲ਼ ਰਹਿੰਦਾ ਹੈ, ਇਸ ਲਈ ਇਸ ਗ੍ਰਹਿਣ ਕੀਤੀ ਭਾਸ਼ਾ ਨੂੰ ਮਾਤ-ਭਾਸ਼ਾ ਵੀ ਕਹਿ ਲਿਆ ਜਾਂਦਾ ਹੈ। ਹਾਲਾਂਕਿ ਇਹ ਭਾਸ਼ਾ ਬੱਚਾ ਆਪਣੀ ਮਾਂ ਦੇ ਬੋਲਾਂ ਦੀ ਨਕਲ ਰਾਹੀਂ ਹੀ ਗ੍ਰਹਿਣ ਨਹੀਂ ਕਰਦਾ, ਸਗੋਂ ਪਰਿਵਾਰ ਦੇ ਹੋਰ ਜੀਆਂ, ਆਂਢ-ਗੁਆਂਢ, ਹਾਣੀ, ਸਕੂਲ ਅਤੇ ਸੰਪਰਕ ਵਿਚ ਆਉਂਦੇ ਹੋਰ ਲੋਕਾਂ ਦੇ ਬੋਲਾਂ ਤੋਂ ਵੀ ਗ੍ਰਹਿਣ ਕਰਦਾ ਰਹਿੰਦਾ ਹੈ। ਮਾਤ-ਭਾਸ਼ਾ ਦੀ ਉਕਤੀ ਇਸ ਪ੍ਰਸੰਗ ਵਿਚ ਇਸ ਲਈ ਵਰਤੀ ਜਾਂਦੀ ਹੈ, ਕਿਉਂਕਿ ਮਾਂ ਵਾਂਗ ਇਸ ਭਾਸ਼ਾ ਨਾਲ਼ ਬੱਚੇ ਦਾ ਸਭ ਤੋਂ ਮੁੱਢਲਾ ਅਤੇ ਸਹਿਜ ਰਿਸ਼ਤਾ ਹੁੰਦਾ ਹੈ। ਇਹ ਭਾਸ਼ਾ ਉਹ ਮਨੁੱਖ ਵੀ ਜਾਣਦੇ ਹੁੰਦੇ ਹਨ, ਜਿਨ੍ਹਾਂ ਨੇ ਸਕੂਲ ਦਾ ਕਦੇ ਮੂੰਹ ਤੱਕ ਨਹੀਂ ਦੇਖਿਆ ਹੁੰਦਾ। ਪੰਜਾਬੀ, ਪੰਜਾਬੀਆਂ ਦੀ ਮਾਤ-ਭਾਸ਼ਾ ਹੈ। ਪਰੰਤੂ ਇਸ ਨਾਲ਼ ਧੁਰ ਮੁੱਢ ਤੋਂ ਹੀ ਮਤਰੇਈ ਮਾਂ ਵਾਲ਼ਾ ਵਿਹਾਰ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਕਦੇ ਵੀ ਰਾਜ ਦਰਬਾਰ ਦੀ ਭਾਸ਼ਾ ਬਣ ਕੇ ਤਖ਼ਤ ਉੱਤੇ ਬੈਠਣਾ ਨਸੀਬ ਨਹੀਂ ਹੋਇਆ। ਵਾਰ-ਵਾਰ ਇਸ ਨਾਲ਼ ਧੱਕਾ ਹੁੰਦਾ ਰਿਹਾ ਹੈ। ਇਸ ਦੇ ਆਪਣੇ ਧੀਆਂ ਪੁੱਤਰ ਹੀ ਇਸ ਨੂੰ ਗੰਵਾਰਾਂ ਅਤੇ ਅਨਪੜ੍ਹਾਂ ਦੀ ਭਾਸ਼ਾ ਮੰਨ ਕੇ ਇਸ ਨੂੰ ਘ੍ਰਿਣਾ ਕਰਦੇ ਰਹੇ ਹਨ। ਜਿਹੜੀ ਨੁਹਾਰ ਅੱਜ ਪੰਜਾਬੀ ਭਾਸ਼ਾ ਦੀ ਦੇਖਣ ਨੂੰ ਮਿਲਦੀ ਹੈ, ਇਹ ਕਿਸੇ ਰਾਜ ਦਰਬਾਰ ਵਿਚ ਨਹੀਂ ਨਿੱਸਰੀ, ਸਗੋਂ ਜਨ-ਸਧਾਰਨ ਦੇ ਬੁੱਲ੍ਹਾਂ ਉੱਤੇ ਨੱਚਦੀ, ਟੱਪਦੀ ਅਤੇ ਮਟਕਦੀ ਹੋਈ ਇੱਥੋਂ ਤੱਕ ਪਹੁੰਚੀ ਹੈ। ਮਾਂ ਦੇ ਦੁੱਧ ਤੋਂ, ਮਾਂ ਦੀ ਗੋਦ ਵਿਚ, ਮਾਂ ਤੋਂ ਲੋਰੀਆਂ ਸੁਣ ਕੇ ਕੁਦਰਤੀ ਪ੍ਰਭਾਵ ਹੇਠ ਸਿੱਖੀ ਭਾਸ਼ਾ, ਮਾਤ-ਭਾਸ਼ਾ ਹੁੰਦੀ ਹੈ। ਮਾਤ-ਭਾਸ਼ਾ ਹੀ ਬੱਚੇ ਦੀਆਂ ਬੌਧਿਕ, ਮਾਨਸਿਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਕਾਸ ਦੀਆਂ ਲੋੜਾਂ ਨੂੰ ਪੂਰਿਆਂ ਕਰਦੀ ਹੈ। ਮੁੱਢਲੀਆਂ ਵਸਤਾਂ ਤੋਂ ਲੈ ਕੇ ਮਾਤਭਾਸ਼ਾ ਦੇ ਵਿਕਸਤ ਪ੍ਰਯੋਗ ਤੱਕ ਬੱਚਾ ਸੁਤੇ-ਸਿੱਧ ਇਸ ਨਾਲ਼ ਜੁੜਿਆ ਰਹਿੰਦਾ ਹੈ। ਸਵੈ-ਪ੍ਰਗਟਾਵੇ ਲਈ, ਸਾਹਿਤਕ ਅਤੇ ਮਾਨਸਿਕ ਆਨੰਦ ਦੀ ਤ੍ਰਿਪਤੀ ਲਈ, ਕਿਸੇ ਸਭਿਆਚਾਰ ਦੀ ਸਮੁੱਚੀ ਜਾਣਕਾਰੀ ਗ੍ਰਹਿਣ ਕਰਨ ਲਈ ਮਾਤ-ਭਾਸ਼ਾ ਦੀ ਵਿਸ਼ੇਸ਼ ਮਹਾਨਤਾ ਹੈ। ਸੂਚਨਾ ਦੇਣ ਅਤੇ ਲੈਣ ਲਈ, ਦੂਜੇ ਦੀ ਗੱਲ ਸਮਝਣ ਅਤੇ ਆਪਣੀ ਗੱਲ ਸਮਝਾਉਣ ਲਈ ਵੀ ਇਸ ਦੀ ਅਹਿਮ ਲੋੜ ਹੈ। ਸੱਚ ਤਾਂ ਇਹ ਹੈ ਕਿ ਮਨੁੱਖ ਮਾਤ ਭਾਸ਼ਾ ਵਿਚ ਹੀ ਸੋਚਦਾ, ਸਮਝਦਾ, ਆਨੰਦ ਲੈਂਦਾ ਅਤੇ ਤ੍ਰਿਪਤ ਹੁੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਤਾਂ ਹੀ ਨਿੱਖਰ ਕੇ ਸਾਹਮਣੇ ਆਉਂਦੀ ਹੈ, ਜੇਕਰ ਉਹ ਆਪਣੀ ਮਾਤ-ਭਾਸ਼ਾ ਨਾਲ ਜੁੜਿਆ ਹੁੰਦਾ ਹੈ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਇੱਕੀ ਫਰਵਰੀ ਨੂੰ ਸੰਸਾਰ ਭਰ ਵਿਚ ਮਨਾਇਆ ਜਾਂਦਾ ਹੈ। ਭਾਸ਼ਾ ਨੂੰ ਪਿਆਰ ਕਰਨ ਵਾਲੇਲ਼ ਵੱਖ-ਵੱਖ ਅਦਾਰੇ, ਵਿੱਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਅਤੇ ਭਾਸ਼ਾ ਨਾਲ਼ ਸੁਹਿਰਦਤਾ ਸਹਿਤ ਜੁੜੇ ਹੋਏ ਹੋਰ ਵਿਅਕਤੀ ਮਾਤ ਭਾਸ਼ਾ ਸੰਬੰਧੀ ਵੱਖ-ਵੱਖ ਪ੍ਰੋਗਰਾਮ ਉਲੀਕਦੇ ਹਨ। ਪੰਦਰਾਂ ਅਗਸਤ 1947 ਨੂੰ ਜਦੋਂ ਭਾਰਤ ਦੀ ਵੰਡ ਹੋਈ, ਤਦ ਮੁਸਲਮਾਨੀ ਬਹੁ-ਗਿਣਤੀ ਵਾਲ਼ਾ ਇਲਾਕਾ ਪੂਰਬੀ ਪਾਕਿਸਤਾਨ, ਪੱਛਮੀ ਪਾਕਿਸਤਾਨ ਅਤੇ ਹਿੰਦੁਸਤਾਨ ਬਣਿਆ। ਪੂਰਬੀ ਅਤੇ ਪੱਛਮੀ ਪਾਕਿਸਤਾਨ ਬਹੁਤ ਦੂਰ-ਦੂਰ ਸਨ। ਵਿਚਕਾਰ ਹਿੰਦੁਸਤਾਨ ਸੀ। ਪੂਰਬੀ ਪਾਕਿਸਤਾਨ ਵਿਚ ਬਹੁ-ਗਿਣਤੀ ਬੰਗਲਾ ਭਾਸ਼ਾ ਬੋਲਣ ਵਾਲ਼ਿਆਂ ਦੀ ਸੀ। ਪੱਛਮੀ ਪਾਕਿਸਤਾਨ ਵਿਚ ਬਹੁ-ਗਿਣਤੀ ਪੰਜਾਬੀ, ਬਲੋਚੀ ਅਤੇ ਪਸ਼ਤੋ ਭਾਸ਼ਾ ਬੋਲਣ ਵਾਲ਼ਿਆਂ ਸੀ। ਦੇਸ਼ ਦੀ ਵੰਡ ਹੋਣ ਉਪਰੰਤ 1948 ਈਸਵੀ ਵਿਚ ਪਾਕਿਸਤਾਨ ਵਿਚ ਉਰਦੂ ਭਾਸ਼ਾ ਨੂੰ ਕੌਮੀ ਭਾਸ਼ਾ ਵਜੋਂ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ। ਪਰੰਤੂ ਬੰਗਲਾ ਭਾਸ਼ਾ ਬੋਲਣ ਵਾਲ਼ਿਆਂ ਨੂੰ ਇਹ ਗੱਲ ਪਸੰਦ ਨਹੀਂ ਆਈ। ਉਨ੍ਹਾਂ ਨੇ ਤਰਕ ਦਿੱਤਾ ਕਿ ਲੋਕਤੰਤਰ ਦਾ ਤਕਾਜ਼ਾ ਇਹ ਹੈ ਕਿ ਬਹੁਗਿਣਤੀ ਸਾਡੀ ਬੰਗਾਲੀਆਂ ਦੀ ਹੈ। ਇਸ ਲਈ ਰਾਸ਼ਟਰੀ ਭਾਸ਼ਾ ਉਰਦੂ ਅਤੇ ਬੰਗਾਲੀ ਦੋਵੇਂ ਰੱਖੀਆਂ ਜਾਣ। ਜਾਂ ਫ਼ਿਰ ਬੰਗਲਾ ਭਾਸ਼ਾ ਨੂੰ ਵੀ ਬਰਾਬਰ ਦਾ ਦਰਜਾ ਅਤੇ ਸਤਿਕਾਰ ਦਿੱਤਾ ਜਾਵੇ। ਪਰੰਤੂ ਪਾਕਿਸਤਾਨੀ ਸਰਕਾਰ ਵੱਲੋਂ ਬੰਗਾਲੀਆਂ ਦੀ ਇਹ ਗੱਲ ਮੰਨੀ ਨਾ ਗਈ। ਸਗੋਂ ਉਲਟਾ ਉਨ੍ਹਾਂ ਉੱਪਰ ਵੀ ਉਰਦੂ ਭਾਸ਼ਾ ਜ਼ਬਰਦਸਤੀ ਠੋਸ ਦਿੱਤੀ ਗਈ। ਨਤੀਜੇ ਵਜੋਂ ਇਸ ਦੇ ਵਿਰੋਧ ਵਿਚ ਢਾਕਾ ਯੂਨੀਵਰਸਿਟੀ ਦੇ ਮੈਡੀਕਲ ਦੇ ਵਿਦਿਆਰਥੀਆਂ ਨੇ ਇੱਕੀ ਫਰਵਰੀ 1952 ਨੂ ਰੋਸ ਜਲੂਸ ਕੱਢਿਆ। ਜਲੂਸ ਉੱਤੇ ਪੁਲਿਸ ਨੇ ਗੋਲ਼ੀਆਂ ਦੀ ਵਾਛੜ ਕਰ ਦਿੱਤੀ। ਉਦੋਂ ਛੇ ਵਿਦਿਆਰਥੀ ਪੁਲਿਸ ਦੀਆਂ ਗੋਲ਼ੀਆਂ ਨਾਲ਼ ਮਾਰੇ ਗਏ ਤੇ ਹਿੰਸਾ ਹੋਰ ਭੜਕ ਗਈ। ਉਦੋਂ ਤੋਂ ਹੀ ਪੂਰਬੀ ਪਾਕਿਸਤਾਨ ਵਿਚ ਇੱਕੀ ਫ਼ਰਵਰੀ ਨੂੰ ਉਨ੍ਹਾਂ ਸ਼ਹੀਦ ਵਿਦਿਆਰਥੀਆਂ ਦੀ ਯਾਦ ਵਿਚ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਪਰੰਤੂ ਪੱਛਮੀ ਪਾਕਿਸਤਾਨ ਵਾਲ਼ੇ ਭਾਸ਼ਾ ਦੇ ਆਧਾਰ ਉੱਤੇ ਪੂਰਬੀ ਪਾਕਿਸਤਾਨ ਵਾਲ਼ਿਆਂ ਉੱਤੇ ਜ਼ੁਲਮ ਕਰਦੇ ਰਹੇ। ਉਨ੍ਹਾਂ ਨੂੰ ਦਬਾਉਂਦੇ ਰਹੇ। ਉਸ ਦੇ ਪ੍ਰਤੀਕਰਮ ਦੇ ਰੂਪ ਵਿਚ 1971 ਈਸਵੀ ਨੂੰ ਬੰਗਲਾ ਦੇਸ਼ ਹੋਂਦ ਵਿਚ ਆਇਆ। ਕਿਉਂ ਜੋ ਬੰਗਲਾ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਆਪਣੀ ਬੰਗਲਾ ਭਾਸ਼ਾ ਲਈ ਪਿਆਰ ਸੀ। ਇਸ ਲਈ 1952 ਈਸਵੀ ਤੋਂ ਬਾਅਦ ਉੱਥੇ ਹਰ ਸਾਲ ਇੱਕੀ ਫ਼ਰਵਰੀ ਨੂੰ ਕੌਮੀ ਭਾਸ਼ਾ ਦਿਵਸ ਵਜੋਂ ਮਨਾਇਆ ਜਾਂਦਾ ਰਿਹਾ। ਫ਼ੇਰ ਬੰਗਲਾਦੇਸ਼ ਦੇ ਜਿਹੜੇ ਨੌਜਵਾਨ ਰੁਜ਼ਗਾਰ ਅਤੇ ਰੋਜ਼ੀ ਰੋਟੀ ਦੀ ਭਾਲ਼ ਵਿਚ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਚਲੇ ਗਏ, ਉਨ੍ਹਾਂ ਨੇ ਉੱਥੋਂ ਯੂ.ਐੱਨ.ਓ. ਨੂੰ ਚਿੱਠੀ ਲਿਖੀ ਕਿ ਮਾਤ-ਭਾਸ਼ਾ ਦੇ ਗੌਰਵ ਨੂੰ ਸਥਾਪਤ ਕਰਨ ਲਈ ਮਾਤ-ਭਾਸ਼ਾ ਦਿਵਸ ਮਨਾਇਆ ਜਾਣਾ ਚਾਹੀਦਾ ਹੈ। ਇਸ ਲਈ ਇੱਕੀ ਫ਼ਰਵਰੀ ਦਾ ਦਿਨ ਸਾਰੇ ਸੰਸਾਰ ਵਿਚ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਯੂ.ਐੱਨ.. ਨੇ 1999 ਈਸਵੀ ਨੂੰ ਇਸ ਮਤੇ ਨੂੰ ਪਾਸ ਕਰ ਦਿੱਤਾ। ਸੰਨ 2000 ਈਸਵੀ ਤੋਂ ਇੱਕੀ ਫ਼ਰਵਰੀ ਨੂੰ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਣਾ ਆਰੰਭ ਹੋਇਆ। ਲਗਪਗ ਸੋਲ਼ਾਂ ਕੁ ਸਾਲ ਪਹਿਲਾਂ ਦੀ ਯੂਨੈਸਕੋ ਦੀ ਇੱਕ ਰਿਪੋਰਟ ਵਿਚ ਖਦਸ਼ਾ ਜ਼ਾਹਿਰ ਕੀਤਾ ਗਿਆ ਕਿ ਸੰਸਾਰ ਦੀਆਂ ਕੁਝ ਭਾਸ਼ਾਵਾਂ ਹੌਲ਼ੀ-ਹੌਲ਼ੀ ਮਰਨ ਕਿਨਾਰੇ ਵੱਲ ਵਧ ਰਹੀਆਂ ਹਨ, ਤੇ ਕੁਝ ਨੇ ਕੁਝ ਸਾਲਾਂ ਵਿਚ ਹੀ ਖ਼ਤਮ ਹੋ ਜਾਣਾ ਹੈ। ਰੌਲ਼ਾ ਪੈ ਗਿਆ ਕਿ ਪੰਜਾਬੀ ਭਾਸ਼ਾ ਵੀ ਉਨ੍ਹਾਂ ਭਾਸ਼ਾਵਾਂ ਵਿਚ ਸ਼ਾਮਲ ਹੈ, ਜਿਹੜੀਆਂ ਭਾਸ਼ਾਵਾਂ ਨੇ ਖ਼ਤਮ ਹੋ ਜਾਣਾ ਹੈ। ਪਰੰਤੂ ਸਾਨੂੰ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਯੂਨੈਸਕੋ ਵੱਲੋਂ ਅਜਿਹੀ ਕੋਈ ਸੂਚੀ ਤਿਆਰ ਨਹੀਂ ਕੀਤੀ ਗਈ, ਜਿਸ ਵਿਚ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦੀ ਗੱਲ ਕੀਤੀ ਗਈ ਹੋਵੇ। ਹਾਂ, ਉਨ੍ਹਾਂ ਨੇ ਕੁਝ ਆਧਾਰ ਦਿੱਤੇ ਹਨ ਕਿ ਕਿਹੜੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਪਹਿਲੀ ਗੱਲ ਕਿ ਉਸ ਭਾਸ਼ਾ ਦੇ ਮਰ ਜਾਣ ਜਾਂ ਖ਼ਤਮ ਹੋਣ ਦਾ ਖ਼ਤਰਾ ਹੁੰਦਾ ਹੈ, ਜਿਸ ਨੂੰ ਬੋਲਣ ਵਾਲ਼ਿਆਂ ਦੀ ਗਿਣਤੀ ਖ਼ਤਰਨਾਕ ਹੱਦ ਤੱਕ ਲਗਾਤਾਰ ਘਟ ਰਹੀ ਹੋਵੇ। ਅੱਜ ਦੇ ਸਮੇਂ ਪੰਜਾਬੀ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੀ ਗਿਣਤੀ ਚੌਦਾਂ ਕਰੋੜ ਦੇ ਲਗਪਗ ਹੈ। ਤਿੰਨ ਕਰੋੜ ਭਾਰਤੀ ਪੰਜਾਬ ਵਿਚ ਅਤੇ ਦਸ ਕਰੋੜ ਤੋਂ ਵੱਧ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਬੋਲਦੇ ਹਨ। ਆਸਟ੍ਰੇਲੀਆ, ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਕੀਨੀਆ, ਥਾਈਲੈਂਡ ਆਦਿ ਬਹੁਤ ਸਾਰੇ ਦੇਸ਼ਾਂ ਵਿਚ ਪੰਜਾਬੀ ਰਹਿੰਦੇ ਹਨ, ਜੋ ਪੰਜਾਬੀ ਬੋਲਦੇ ਹਨ। ਦੂਜੀ ਗੱਲ ਇਹ ਕਿ ਕੀ ਉਸ ਭਾਸ਼ਾ ਦੀ ਆਪਣੀ ਕੋਈ ਲਿੱਪੀ ਹੈ? ਪੰਜਾਬੀ ਭਾਸ਼ਾ ਭਾਰਤੀ ਪੰਜਾਬ ਵਿਚ ਗੁਰਮੁਖੀ ਲਿੱਪੀ ਵਿਚ ਲਿਖੀ ਜਾਂਦੀ ਹੈ। ਪਾਕਿਸਤਾਨੀ ਪੰਜਾਬ ਵਿਚ ਫ਼ਾਰਸੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ਾਂ ਨੇ ਪੰਜਾਬ ਉੱਤੇ 1849 ਈਸਵੀ ਵਿਚ ਕਬਜ਼ਾ ਕਰਨ ਤੋਂ ਬਾਅਦ ਪੰਜਾਬੀ ਭਾਸ਼ਾ ਨੂੰ ਰੋਮਨ ਲਿੱਪੀ ਵਿਚ ਲਿਖ ਕੇ ਸਫ਼ਲ ਤਜਰਬੇ ਕੀਤੇ ਸਨ। ਕੁਝ ਲੋਕ ਪੰਜਾਬੀ ਭਾਸ਼ਾ ਨੂੰ ਦੇਵਨਾਗਰੀ ਲਿੱਪੀ ਵਿਚ ਵੀ ਲਿਖ ਲੈਂਦੇ ਹਨ। ਤੀਜੀ ਗੱਲ ਇਹ ਕਿ ਪੰਜਾਬੀ ਕੋਈ ਨਵੀਂ ਭਾਸ਼ਾ ਨਹੀਂ ਹੈ। ਜੇਕਰ ਅੰਗਰੇਜ਼ੀ ਭਾਸ਼ਾ ਦਾ ਆਰੰਭ ਚੌਦਵੀਂ ਸਦੀ ਵਿਚ ਚੌਸਰ ਨਾਂ ਦੇ ਕਵੀ ਤੋਂ ਹੁੰਦਾ ਹੈ ਤਾਂ ਪੰਜਾਬੀ ਭਾਸ਼ਾ ਨੂੰ ਅੱਠਵੀਂ-ਨੌਵੀਂ ਸਦੀ ਵਿਚ ਗੋਰਖ ਨਾਥ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਬਾਰ੍ਹਵੀਂ ਸਦੀ ਵਿਚ ਤਾਂ ਪੰਜਾਬੀ ਨੂੰ ਇਸ ਦੇ ਸਿਰਮੌਰ ਕਵੀ ਸ਼ੇਖ਼ ਫ਼ਰੀਦ ਜੀ ਨੇ ਆਪਣੇ ਸਲੋਕਾਂ ਅਤੇ ਸ਼ਬਦਾਂ ਰਾਹੀਂ ਬੁਲੰਦੀਆਂ ਉੱਤੇ ਪਹੁੰਚਾ ਦਿੱਤਾ ਸੀ। ਪੰਜਾਬੀ ਭਾਸ਼ਾ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ, ਚੰਡੀ ਦੀ ਵਾਰ, ਵਾਰਿਸ ਦੀ ਹੀਰ, ਸੂਫ਼ੀਆਂ ਦੀ ਸ਼ਾਇਰੀ, ਕਲਾਸੀਕਲ ਕ੍ਰਿਤਾਂ ਵੀ ਉਪਲੱਬਧ ਹਨ। ਹੁਣ ਤਾਂ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਰਾਜ ਭਾਸ਼ਾ ਦਾ ਦਰਜਾ ਵੀ ਗ੍ਰਹਿਣ ਕਰ ਚੁੱਕੀ ਹੈ। ਇਹ ਵਿੱਦਿਆ ਦਾ ਮਾਧਿਅਮ ਵੀ ਹੈ। ਇਸ ਦੇ ਬਾਵਜੂਦ ਜੇਕਰ ਪੰਜਾਬੀ ਭਾਸ਼ਾ ਦੇ ਮਰ ਮੁੱਕ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਤਾਂ ਇਹ ਫ਼ਿਕਰ ਵਾਲ਼ੀ ਗੱਲ ਹੈ।

ਪੰਜਾਬੀ ਭਾਸ਼ਾ ਨੂੰ ਬਾਹਰੋਂ ਅਜੇ ਕੋਈ ਖ਼ਤਰਾ ਨਹੀਂ ਭਾਸਦਾ। ਹਾਂ, ਪੰਜਾਬੀ ਭਾਸ਼ਾ ਨੂੰ ਇਹ ਖ਼ਤਰਾ ਤਾਂ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੇ ਅੰਦਰ ਹੀਣ ਭਾਵਨਾ ਘਰ ਕਰ ਰਹੀ ਹੈ, ਜਿਸ ਕਾਰਨ ਇਸ ਨੂੰ ਖ਼ਤਰਾ ਹੈ। ਪੰਜਾਬ ਵਿਚ ਮਾਪੇ ਘਰਾਂ ਵਿਚ ਪੰਜਾਬੀ ਦੀ ਥਾਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵੱਲ ਝੁਕਾਅ ਰੱਖਣ ਲੱਗ ਪਏ ਹਨ। ਇਸ ਦਾ ਵੱਡਾ ਕਾਰਨ ਰੁਜ਼ਗਾਰ ਦੀ ਪ੍ਰਾਪਤੀ ਹੈ। ਰੁਜ਼ਗਾਰ ਦੇ ਸੰਦਰਭ ਵਿਚ ਇਸ ਵੇਲੇ ਅੰਤਰਰਾਸ਼ਟਰੀ ਪੱਧਰ ਦੀਆਂ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਨੇ ਆਪਣੀ ਸਹੂਲਤ ਲਈ ਅੰਗਰੇਜ਼ੀ ਭਾਸ਼ਾ ਨੂੰ ਤਰਜੀਹ ਦਿੱਤੀ ਹੋਈ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਰਹਿੰਦੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਸਿਖਾਉਣ ਲਈ ਰੁਚਿਤ ਹੋ ਗਏ ਹਨ। ਇਸ ਲਈ ਜੇ ਮਾਪਿਆਂ, ਬੱਚਿਆਂ ਅਤੇ ਨਵੀਂ ਪੀੜ੍ਹੀ ਵਿਚ ਇਹੋ ਰੁਝਾਨ ਚੱਲਦਾ ਰਿਹਾ ਤਾਂ ਖ਼ਦਸ਼ਾ ਹੈ ਕਿ ਇੱਕ ਦਿਨ ਪੰਜਾਬੀ ਭਾਸ਼ਾ ਲਈ ਖ਼ਤਰਾ ਖੜ੍ਹਾ ਹੋ ਸਕਦਾ ਹੈ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਬਹੁਤ ਸਾਰੇ ਵਿੱਦਿਅਕ ਅਦਾਰੇ, ਸਾਹਿਤ ਸਭਾਵਾਂ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਸਾਹਿਤ ਅਕਾਡਮੀ ਅਤੇ ਭਾਸ਼ਾ ਨਾਲ਼ ਜੁੜੀਆਂ ਹੋਰ ਸੰਸਥਾਵਾਂ ਕਈ ਪ੍ਰੋਗਰਾਮ ਕਰਦੀਆਂ ਹਨ। ਜਲੂਸ ਕੱਢੇ ਜਾਂਦੇ ਹਨ। ਮੋਮਬੱਤੀ ਮਾਰਚ ਕੀਤੇ ਜਾਂਦੇ ਹਨ। ਪੰਜਾਬੀ ਭਾਸ਼ਾ ਸੰਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਪਰੰਤੂ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਕੇਵਲ ਇੱਕ ਦਿਨ ਮਨਾ ਕੇ ਖ਼ਤਮ ਹੋਣ ਵਾਲ਼ਾ ਕਾਰਜ ਨਹੀਂ ਹੈ। ਇਸ ਨਾਲ਼ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋਵੇਗਾ। ਸੱਚ ਤਾਂ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਲਈ ਲੰਮੀ ਵਿਉਂਤਬੰਦੀ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਕਿ ਪੰਜਾਬ ਵਿਚ ਚੱਲਦੇ ਸਾਰੇ ਸਰਕਾਰੀ, ਅਰਧ-ਸਰਕਾਰੀ, ਕੌਨਵੈਂਟ, ਮਾਡਲ, ਪਬਲਿਕ, ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਇੱਕ ਵਿਸ਼ੇ ਵਜੋਂ ਪੜ੍ਹਾਈ ਜਾਣੀ ਚਾਹੀਦੀ ਹੈ। ਬੇਸ਼ੱਕ 2008 ਈਸਵੀ ਦਾ ਭਾਸ਼ਾ ਐਕਟ ਇਹ ਕਹਿੰਦਾ ਹੈ ਕਿ ਪੰਜਾਬੀ ਭਾਸ਼ਾ ਪੰਜਾਬ ਦੇ ਸਾਰੇ ਸਕੂਲਾਂ ਵਿਚ ਲਾਜ਼ਮੀ ਤੌਰ ਉੱਤੇ ਪੜ੍ਹਾਈ ਜਾਵੇਗੀ। ਪਰੰਤੂ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੀਆਂ ਚੋਰ ਮੋਰੀਆਂ ਰਾਹੀਂ ਇਸ ਤੋਂ ਬਚਿਆ ਜਾ ਰਿਹਾ ਹੈ। ਦੂਜੀ ਗੱਲ ਕਿ ਪੰਜਾਬੀ ਭਾਸ਼ਾ ਨੂੰ ਕੇਵਲ ਇੱਕ ਵਿਸ਼ੇ ਵਜੋਂ ਹੀ ਨਹੀਂ ਸਗੋਂ ਸਾਰੇ ਵਿਸ਼ੇ ਇੱਕ ਮਾਧਿਅਮ ਵਜੋਂ ਪੰਜਾਬੀ ਭਾਸ਼ਾ ਵਿਚ ਪੜ੍ਹਾਏ ਜਾਣੇ ਚਾਹੀਦੇ ਹਨ। ਜੇਕਰ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ ਤਾਂ ਹੀ ਪੰਜਾਬੀ ਭਾਸ਼ਾ ਦਾ ਵਿਕਾਸ ਹੋਵੇਗਾ। ਤੀਜਾ ਜਦੋਂ ਤੱਕ ਕਚਹਿਰੀਆਂ ਅਤੇ ਅਦਾਲਤਾਂ ਦੀ ਭਾਸ਼ਾ ਪੰਜਾਬੀ ਨਹੀਂ ਹੁੰਦੀ, ਉਦੋਂ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ। ਮਨੁੱਖ ਨੂੰ ਇਨਸਾਫ਼ ਉਸ ਦੀ ਆਪਣੀ ਮਾਤ-ਭਾਸ਼ਾ ਵਿਚ ਹੀ ਮਿਲਣਾ ਚਾਹੀਦਾ ਹੈ। ਸਾਡੇ ਦੇਸ਼ ਦੇ ਚੀਫ਼ ਜਸਟਿਸ ਸਾਹਿਬ ਨੇ ਇਹ ਗੱਲ ਕਈ ਵਾਰੀ ਕਹੀ ਹੈ ਕਿ ਅਦਾਲਤਾਂ ਵਿਚ ਉੱਥੋਂ ਦੀ ਮਾਤ ਭਾਸ਼ਾ ਵਿਚ ਹੀ ਬਹਿਸ ਹੋਣੀ ਚਾਹੀਦੀ ਹੈ। ਅਗਲੀ ਗੱਲ ਇਹ ਹੈ ਕਿ ਪੰਜਾਬ ਵਿਚ ਜਿੰਨੀਆਂ ਵੀ ਨੌਕਰੀਆਂ ਭਰੀਆਂ ਜਾਂਦੀਆਂ ਹਨ, ਉਨ੍ਹਾਂ ਦੇ ਪੇਪਰ ਦਾ ਮਾਧਿਅਮ ਵੀ ਪੰਜਾਬੀ ਹੋਣਾ ਚਾਹੀਦਾ ਹੈ। ਉਸ ਦਾ ਵਿਸ਼ਾ ਵਸਤੂ, ਤੱਤ, ਸਾਰ ਆਦਿ ਵੀ ਪੰਜਾਬੀ ਭਾਸ਼ਾ, ਕਲਾ, ਸਾਹਿਤ, ਲੋਕ ਸਾਹਿਤ, ਸਭਿਆਚਾਰ ਨਾਲ਼ ਸਬੰਧਤ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪਾਸ ਕਰਨਾ, ਪ੍ਰਸ਼ੰਸਾਯੋਗ ਕਾਰਜ ਹੈ। ਸਰਕਾਰ ਵੱਲੋਂ ਸਖ਼ਤ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਰਾਜ ਵਿਚ ਕੋਈ ਵੀ ਅਦਾਰਾ ਉੱਨੀ ਦੇਰ ਤੱਕ ਆਪਣਾ ਕੰਮ ਕਾਰ ਸ਼ੁਰੂ ਨਾ ਕਰ ਸਕੇ, ਜਿੰਨੀ ਦੇਰ ਤੱਕ ਉਹ ਆਪਣੇ ਅਦਾਰੇ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਯਕੀਨੀ ਨਹੀਂ ਬਣਾਉਂਦਾ। ਸਾਰੇ ਸਰਕਾਰੀ, ਅਰਧ-ਸਰਕਾਰੀ, ਪ੍ਰਾਈਵੇਟ ਦਫ਼ਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਹੈਰਾਨੀ ਵਾਲ਼ੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਸੰਬੰਧੀ ਜਿਹੜੀ ਚਿੱਠੀ ਵੀ ਜਾਰੀ ਕੀਤੀ ਜਾਂਦੀ ਹੈ, ਉਹ ਵੀ ਅੰਗਰੇਜ਼ੀ ਭਾਸ਼ਾ ਵਿਚ ਹੀ ਹੁੰਦੀ ਹੈ। ਇਸ ਪਾਸੇ ਵੀ ਬਹੁਤ ਗੰਭੀਰਤਾ ਅਤੇ ਸੁਹਿਰਦਤਾ ਨਾਲ਼ ਕੰਮ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਵੱਲੋਂ ਇੱਕ ਪੱਤਰ ਜਾਰੀ ਕੀਤਾ ਗਿਆ ਹੈ ਕਿ ਜੇਕਰ ਤੁਸੀਂ ਪੰਜਾਬ ਵਿਚ ਸਰਕਾਰੀ ਨੌਕਰੀ ਲੈਣੀ ਹੈ ਤਾਂ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੈ। ਇਹ ਸ਼ਲਾਘਾਯੋਗ ਉਪਰਾਲਾ ਹੈ। ਪੰਜਾਬ ਸਰਕਾਰ ਨੇ ਇੱਕ ਹੋਰ ਚਿੱਠੀ ਜਾਰੀ ਕੀਤੀ ਹੈ ਕਿ ਇੱਕੀ ਫਰਵਰੀ ਤੱਕ ਪੰਜਾਬ ਵਿਚ ਚੱਲ ਰਹੇ ਸਾਰੇ ਅਦਾਰੇ, ਦਫ਼ਤਰ, ਬੋਰਡ, ਸਕੂਲਾਂ, ਕਾਲਜਾਂ, ਦੁਕਾਨਾਂ ਆਦਿ ਦੇ ਬੋਰਡ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਦਾ ਇਹ ਫ਼ੈਸਲਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਹਾਇਕ ਸਿੱਧ ਹੋ ਸਕਦਾ ਹੈ। ਬੜੇ ਲੰਮੇ ਸਮੇਂ ਤੋਂ ਪੰਜਾਬੀ ਇਹ ਮੰਗਾਂ ਉਠਾਉਂਦੇ ਰਹੇ ਹਨ। ਹੁਣ ਮੌਜੂਦਾ ਪੰਜਾਬ ਸਰਕਾਰ ਨੇ ਇਹ ਗੱਲਾਂ ਲਾਗੂ ਕੀਤੀਆਂ ਹਨ। ਇਸ ਲਈ ਪੰਜਾਬ ਸਰਕਾਰ ਵਧਾਈ ਦੀ ਹੱਕਦਾਰ ਹੈ। ਪਰੰਤੂ ਹੁਣ ਅਮਲੀ ਰੂਪ ਵਿਚ ਉਪਰੋਕਤ ਗੱਲਾਂ ਲਾਗੂ ਵੀ ਹੋਣੀਆਂ ਚਾਹੀਦੀਆਂ ਹਨ। ਇੱਕ ਪਾਸੇ ਤਾਂ ਸਰਕਾਰ ਨੂੰ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਬੇਸ਼ੱਕ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਅਦਾਰਾ ਹੈ, ਉਸ ਨੂੰ ਆਪਣੇ ਕੰਮ ਧੰਦੇ ਦੀ ਇਸ਼ਤਿਹਾਰਬਾਜ਼ੀ ਲਈ ਲਗਾਏ ਬੋਰਡ ਦੇ ਉੱਪਰਲੇ ਅੱਧੇ ਭਾਗ ਵਿਚ ਪੰਜਾਬੀ ਵਿਚ ਹੀ ਲਿਖਿਆ ਹੋਣਾ ਚਾਹੀਦਾ ਹੈ। ਹੇਠਲੇ ਹਿੱਸੇ ਵਿਚ ਉਸ ਨੂੰ ਹੋਰ ਕਿਸੇ ਵੀ ਭਾਸ਼ਾ ਵਿਚ ਲਿਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਦੂਜਾ ਜਿਹੜੇ ਦਿਲੋਂ ਪੰਜਾਬੀ ਭਾਸ਼ਾ ਦੇ ਪ੍ਰੇਮੀ ਹਨ, ਲੋਕਾਂ ਨਾਲ਼ ਮੋਹ ਰੱਖਣ ਵਾਲ਼ੇ ਲੋਕ, ਸਾਹਿਤਕਾਰ ਹਨ, ਉਹ ਆਪਣੇ ਘਰ, ਆਂਢ ਗੁਆਂਢ, ਮੁਹੱਲੇ, ਆਪਣੇ ਇਲਾਕੇ ਵਿਚ ਆਮ ਲੋਕਾਂ ਅਤੇ ਕਾਰੋਬਾਰੀਆਂ ਨੂੰ ਪ੍ਰੇਰਿਤ ਕਰ ਕੇ ਉਨ੍ਹਾਂ ਦੇ ਮਨਾਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ, ਜਾਗਰੂਕਤਾ, ਸਨੇਹ ਪੈਦਾ ਕਰਨ ਦੇ ਯਤਨ ਕਰਨ। ਅਸੀਂ ਜਾਣਦੇ ਹਾਂ ਕਿ ਜਿਸ ਦੀ ਰਾਜਸੱਤਾ ਹੁੰਦੀ ਹੈ, ਉਸ ਦੀ ਹੀ ਭਾਸ਼ਾ ਚੱਲਦੀ ਹੁੰਦੀ ਹੈ। ਜੇਕਰ ਕਿਸੇ ਸਮੇਂ ਮੁਗ਼ਲ ਹਕੂਮਤ ਸਾਡੇ ਉੱਤੇ ਕਾਬਜ਼ ਸੀ ਤਾਂ ਫ਼ਾਰਸੀ ਭਾਸ਼ਾ ਪ੍ਰਧਾਨ ਹੋ ਗਈ। ਜਦੋਂ ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਕਰ ਲਿਆ ਤਾਂ ਅੰਗਰੇਜ਼ੀ ਭਾਸ਼ਾ ਦਾ ਬੋਲਬਾਲਾ ਹੋ ਗਿਆ। ਹੁਣ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਜੇਕਰ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਹੈ ਤਾਂ ਪੰਜਾਬ ਵਿਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਹੋਈ? ਸਾਡੇ ਸਾਹਮਣੇ ਇਹ ਵੱਡਾ ਸਵਾਲ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੀ ਲੋੜ ਹੈ। ਜਿੱਥੋਂ ਤੱਕ ਪੰਜਾਬ ਵਿਚ ਰੁਜ਼ਗਾਰ ਹਾਸਲ ਕਰਨ ਦੀ ਗੱਲ ਹੈ। ਇਸ ਸੰਦਰਭ ਵਿਚ ਯੋਗਤਾ ਪ੍ਰਾਪਤ ਵਿਦਿਆਰਥੀਆਂ ਦੀ ਪਰਖ਼ ਕਰਨ ਲਈ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਵੇਗਾ। ਦੂਜਾ, ਵਿਦਿਆਰਥੀ ਦਾ ਬੌਧਿਕ ਮਿਆਰ ਪਰਖਣ ਲਈ ਪੰਜਾਬੀ ਮਾਧਿਅਮ ਵਿਚ ਪੰਜਾਬੀ ਸਾਹਿਤ, ਭਾਸ਼ਾ, ਕਲਾ, ਲੋਕ ਸਾਹਿਤ, ਸਭਿਆਚਾਰ ਸੰਬੰਧੀ ਵੀ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ਼ ਪੰਜਾਬੀ ਭਾਸ਼ਾ ਤਰੱਕੀ ਕਰੇਗੀ। ਜਿਹੜਾ ਵੀ ਵਿਅਕਤੀ ਪੰਜਾਬ ਵਿਚ ਰੁਜ਼ਗਾਰ ਲਈ ਕੋਈ ਪਲਾਂਟ ਸਥਾਪਤ ਕਰਨਾ ਚਾਹੁੰਦਾ ਹੈ, ਉਸ ਦੀ ਸਾਰੀ ਇਸ਼ਤਿਹਾਰਬਾਜ਼ੀ ਲਾਜ਼ਮੀ ਤੌਰ ਉੱਤੇ ਪੰਜਾਬੀ ਭਾਸ਼ਾ ਵਿਚ ਹੀ ਹੋਣੀ ਚਾਹੀਦੀ ਹੈ। ਉਸ ਦੇ ਦਫ਼ਤਰ ਦਾ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੇ ਆਪਣੀ ਫ਼ਰਮ ਦਾ ਬਣਿਆ ਸਮਾਨ ਹੋਰ ਰਾਜਾਂ ਜਾਂ ਵਿਦੇਸ਼ਾਂ ਵਿਚ ਭੇਜਣਾ ਹੈ ਤਾਂ ਉਹਦੇ ਲਈ ਅਨੁਵਾਦਕ ਰੱਖੇ ਜਾ ਸਕਦੇ ਹਨ। ਉਨ੍ਹਾਂ ਨੂੰ ਚਿੱਠੀ ਪੱਤਰ ਦਾ ਅਨੁਵਾਦ ਭੇਜਿਆ ਜਾਣਾ ਚਾਹੀਦਾ ਹੈ। ਜਦੋਂ ਇਸ ਢੰਗ ਨਾਲ਼ ਕੰਮ ਹੋਵੇਗਾ ਤਦ ਪੰਜਾਬ ਵਿਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ। ਸੱਚ ਤਾਂ ਇਹ ਹੈ ਕਿ ਮਾਤਾ-ਭਾਸ਼ਾ ਸੰਬੰਧੀ ਵਿਚਾਰਾਂ ਕਰਨੀਆਂ ਭਾਵੁਕਤਾ ਨਹੀਂ, ਸਗੋਂ ਬੌਧਿਕਤਾ ਹੈ। ਕਿਸੇ ਵੀ ਵਿਅਕਤੀ ਦਾ ਸੰਪੂਰਨ ਵਿਕਾਸ ਮਾਤ-ਭਾਸ਼ਾ ਰਾਹੀਂ ਹੀ ਸੰਭਵ ਹੋ ਸਕਦਾ ਹੈ। ਜਿਹੜੀ ਭਾਸ਼ਾ ਉਸ ਨੇ ਆਪਣੀ ਮਾਂ, ਪਰਿਵਾਰ ਦੇ ਹੋਰ ਮੈਂਬਰਾਂ ਕੋਲੋਂ, ਆਪਣੇ ਆਲ਼ੇ ਦੁਆਲ਼ੇ, ਗੁਆਂਢ, ਆਪਣੇ ਹਾਣੀਆਂ, ਆਪਣੇ ਸਕੂਲ ਤੋਂ ਸਹਿਜ ਰੂਪ ਵਿਚ ਗ੍ਰਹਿਣ ਕੀਤੀ ਹੋਵੇ, ਉਹ ਉਸ ਦੀ ਮਾਤ ਭਾਸ਼ਾ ਹੁੰਦੀ ਹੈ। ਮਾਤ ਭਾਸ਼ਾ ਰਾਹੀਂ ਸਿੱਖਿਆ ਗਿਆਨ ਉਸ ਦੇ ਅੰਦਰੂਨੀ ਪੱਖਾਂ ਨੂੰ ਵੀ ਪ੍ਰਫੁੱਲਿਤ ਕਰਦਾ ਹੈ। ਉਸ ਦੇ ਬੌਧਿਕ ਪੱਖ ਨੂੰ ਵੀ ਪੱਕਾ ਕਰਦਾ ਹੈ। ਸੰਸਾਰ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਮਨੁੱਖ ਆਪਣੀ ਮਾਤਭਾਸ਼ਾ ਵਿਚ ਹੀ ਆਪਣੇ ਮਨ ਦੇ ਭਾਵ ਵਧੀਆ ਢੰਗ ਨਾਲ਼ ਪ੍ਰਗਟਾਅ ਸਕਦਾ ਹੈ। ਉਚੇਰੀਆਂ ਬੌਧਿਕ ਪ੍ਰਾਪਤੀਆਂ ਕਰ ਸਕਦਾ ਹੈ। ਦੂਜਿਆਂ ਨਾਲ਼ ਸੰਵਾਦ ਰਚਾ ਸਕਦਾ ਹੈ। ਤਰਕ ਕਰ ਸਕਦਾ ਹੈ। ਇਹ ਵੀ ਹੈਰਾਨੀਜਨਕ ਤੱਥ ਹੈ ਕਿ ਭਾਰਤ ਅਬਾਦੀ ਦੇ ਪੱਖੋਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਪਰੰਤੂ ਇਸ ਨੂੰ ਨੋਬੇਲ ਪੁਰਸਕਾਰ ਬਹੁਤ ਘੱਟ ਮਿਲੇ ਹਨ। ਦੂਜੇ ਪਾਸੇ ਜਪਾਨ, ਫਰਾਂਸ, ਸਵਿਟਜ਼ਰਲੈਂਡ ਬਹੁਤ ਛੋਟੇ-ਛੋਟੇ ਦੇਸ਼ ਹਨ, ਪਰੰਤੂ ਉਨ੍ਹਾਂ ਨੂੰ ਮਿਲਣ ਵਾਲ਼ੇ ਨੋਬੇਲ ਪੁਰਸਕਾਰਾਂ ਦੀ ਗਿਣਤੀ ਬਹੁਤ ਵੱਡੀ ਹੈ। ਇਸ ਦਾ ਕਾਰਨ ਇਹ ਹੈ ਕਿ ਉੱਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਹੀ ਸਿੱਖਿਆ ਦਿੰਦੇ ਹਨ। ਪੰਜਾਬ ਵਿਚ ਮੌਲਿਕ ਸੋਚਣੀ ਦੀ ਘਾਟ, ਬੌਧਿਕ ਕੰਗਾਲੀ ਦਾ ਇਹ ਵੀ ਇੱਕ ਕਾਰਨ ਹੈ ਕਿ ਅਸੀਂ ਆਪਣੀ ਮਾਤ-ਭਾਸ਼ਾ ਤੋਂ ਟੁੱਟਦੇ ਜਾ ਰਹੇ ਹਾਂ। ਮਾਤ-ਭਾਸ਼ਾ ਇਨਸਾਨ ਦੇ ਭਾਵਨਾਤਮਕ ਸੰਸਾਰ ਨੂੰ ਤਾਂ ਤ੍ਰਿਪਤ ਕਰਦੀ ਹੀ ਹੈ, ਉੱਥੇ ਉਹ ਉਸ ਦੀਆਂ ਬੌਧਿਕ ਉਡਾਰੀਆਂ ਨੂੰ ਵੀ ਸਿੰਝਦੀ ਹੈ। ਇੱਕ ਸੰਪੂਰਨ ਮਨੁੱਖ ਦੀ ਉਸਾਰੀ ਵਿਚ ਮਾਤਭਾਸ਼ਾ ਦਾ ਬਹੁਤ ਵੱਡਾ ਯੋਗਦਾਨ ਹੈ।

# ਕੀ ਹੈ ਅੰਤਰਰਾਸ਼ਟਰੀ ਮਹਿਲਾ ਦਿਵਸ ਅਤੇ ਇਹ ਕਿਉਂ ਮਨਾਇਆ ਜਾਂਦਾ ਹੈ

ਤੁਸੀਂ ਮੀਡੀਆ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਬਾਰੇ ਤਾਂ ਸੁਣਿਆ ਹੀ ਹੋਵੇਗਾ ਜਾਂ ਤੁਹਾਡੇ ਦੋਸਤਾਂ ਨੂੰ ਇਸ ਬਾਰੇ ਗੱਲ ਕਰਦੇ ਸੁਣਿਆ ਹੋਵੇਗਾ ਪਰ ਇਹ ਦਿਨ ਕਿਉਂ ਮਨਾਇਆ ਜਾਂਦਾ ਹੈ? ਇਹ ਕਦੋਂ ਮਨਾਇਆ ਜਾਂਦਾ ਹੈ? ਕੀ ਇਹ ਕੋਈ ਜਸ਼ਨ ਹੈ? ਜਾਂ ਇਹ ਵਿਰੋਧ ਦਾ ਪ੍ਰਤੀਕ ਹੈ? ਕੀ ਮਹਿਲਾ ਦਿਵਸ ਵਾਂਗ ਅੰਤਰਰਾਸ਼ਟਰੀ ਪੁਰਸ਼ ਦਿਵਸ ਵੀ ਮਨਾਇਆ ਜਾਂਦਾ ਹੈ? ਅਤੇ ਇਸ ਸਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਕਿਹੜੇ-ਕਿਹੜੇ ਪ੍ਰੋਗਰਾਮ ਹੋਣਗੇ?

ਪਿਛਲੀ ਇੱਕ ਸਦੀ ਤੋਂ ਵੱਧ ਸਮੇਂ ਤੋਂ ਪੂਰੀ ਦੁਨੀਆ ਵਿੱਚ ਲੋਕ 8 ਮਾਰਚ ਨੂੰ ਔਰਤਾਂ ਲਈ ਇੱਕ ਵਿਸ਼ੇਸ਼ ਦਿਨ ਵਜੋਂ ਮਨਾਉਂਦੇ ਆ ਰਹੇ ਹਨ। ਆਓ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਇਸ ਦੇ ਪਿਛੋਕੜ ਬਾਰੇ?

## ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦੀ ਸ਼ੁਰੂਆਤ ਕਿਵੇਂ ਹੋਈ?

1910 ਵਿੱਚ ਕਲਾਰਾ ਜ਼ੇਟਕਿਨ ਨਾਂ ਦੀ ਔਰਤ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਨੀਂਹ ਰੱਖੀ ਸੀ। ਅੰਤਰਰਾਸ਼ਟਰੀ ਮਹਿਲਾ ਦਿਵਸ ਜਾਂ ਮਹਿਲਾ ਦਿਵਸ, ਮਜ਼ਦੂਰਾਂ ਦੇ ਅੰਦੋਲਨ ਤੋਂ ਉਤਪੰਨ ਹੋਇਆ ਦਿਨ ਹੈ, ਜਿਸ ਨੂੰ ਬਾਅਦ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਇੱਕ ਸਾਲਾਨਾ ਜਸ਼ਨ ਵਜੋਂ ਮਾਨਤਾ ਦੇ ਦਿੱਤੀ ਗਈ। ਇਸ ਦਿਨ ਨੂੰ ਖਾਸ ਬਣਾਉਣ ਦੀ ਸ਼ੁਰੂਆਤ ਅੱਜ ਤੋਂ 115 ਸਾਲ ਪਹਿਲਾਂ ਭਾਵ 1908 ਵਿੱਚ ਹੋਈ ਸੀ, ਜਦੋਂ ਨਿਊਯਾਰਕ ਸ਼ਹਿਰ ਵਿੱਚ ਲਗਭਗ ਪੰਦਰਾਂ ਹਜ਼ਾਰ ਔਰਤਾਂ ਨੇ ਇੱਕ ਪਰੇਡ ਕੱਢੀ ਸੀ। ਉਨ੍ਹਾਂ ਦੀ ਮੰਗ ਸੀ ਕਿ ਔਰਤਾਂ ਦੇ ਕੰਮ ਦੇ ਘੰਟੇ ਘਟਾਏ ਜਾਣ, ਤਨਖਾਹਾਂ ਚੰਗੀਆਂ ਹੋਣ ਅਤੇ ਔਰਤਾਂ ਨੂੰ ਵੀ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ ਹੈ।

ਇੱਕ ਸਾਲ ਬਾਅਦ, ਅਮਰੀਕਾ ਦੀ ਸੋਸ਼ਲਿਸਟ ਪਾਰਟੀ ਨੇ ਪਹਿਲਾ ਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਐਲਾਨ ਕੀਤਾ। ਇਸ ਨੂੰ ਅੰਤਰਰਾਸ਼ਟਰੀ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਕਲਾਰਾ ਜ਼ੇਟਕਿਨ ਨਾਂ ਦੀ ਔਰਤ ਦੇ ਦਿਮਾਗ ਵਿੱਚ ਆਇਆ ਸੀ।


ਕਲਾਰਾ ਇੱਕ ਖੱਬੇਪੱਖੀ ਕਾਰਕੁਨ ਸਨ। ਉਹ ਔਰਤਾਂ ਦੇ ਹੱਕਾਂ ਲਈ ਆਵਾਜ਼ ਚੁੱਕਦੇ ਸਨ। ਉਨ੍ਹਾਂ ਨੇ ਹੀ 1910 ਵਿੱਚ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿੱਚ ਕੰਮਕਾਜੀ ਔਰਤਾਂ ਦੀ ਅੰਤਰਰਾਸ਼ਟਰੀ ਸੰਮੇਲਨ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਸੁਝਾਅ ਦਿੱਤਾ ਸੀ।

ਉਸ ਸੰਮੇਲਨ ਵਿੱਚ 17 ਦੇਸ਼ਾਂ ਤੋਂ ਆਈਆਂ 100 ਔਰਤਾਂ ਸ਼ਾਮਲ ਸਨ ਅਤੇ ਉਨ੍ਹਾਂ ਨੇ ਸਰਬਸੰਮਤੀ ਨਾਲ ਕਲਾਰਾ ਦੇ ਸੁਝਾਅ 'ਤੇ ਹਾਮੀ ਭਰੀ।

ਪਹਿਲਾ ਅੰਤਰਰਾਸ਼ਟਰੀ ਮਹਿਲਾ ਦਿਵਸ 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਮਨਾਇਆ ਗਿਆ ਸੀ।

ਇਸ ਦਾ ਸ਼ਤਾਬਦੀ ਸਮਾਰੋਹ 2011 ਵਿੱਚ ਮਨਾਇਆ ਗਿਆ ਸੀ। ਇਸ ਤਰ੍ਹਾਂ, ਤਕਨੀਕੀ ਤੌਰ 'ਤੇ ਇਸ ਸਾਲ ਅਸੀਂ 112ਵਾਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਜਾ ਰਹੇ ਹਾਂ।

ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਰਸਮੀ ਤੌਰ 'ਤੇ 1975 ਵਿੱਚ ਮਾਨਤਾ ਦਿੱਤੀ ਗਈ ਸੀ ਜਦੋਂ ਸੰਯੁਕਤ ਰਾਸ਼ਟਰ ਨੇ ਵੀ ਇਸ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਨੇ ਇਸ ਦੇ ਲਈ ਸਭ ਤੋਂ ਪਹਿਲੀ ਥੀਮ 1996 ਵਿੱਚ ਰੱਖੀ ਸੀ, ਜਿਸ ਦਾ ਨਾਂ ਸੀ - 'ਗੁਜ਼ਰੇ ਹੋਏ ਸਮੇਂ ਦਾ ਜਸ਼ਨ ਅਤੇ ਭਵਿੱਖ ਲਈ ਯੋਜਨਾਬੰਦੀ'।




ਅੱਜ, ਅੰਤਰਰਾਸ਼ਟਰੀ ਮਹਿਲਾ ਦਿਵਸ ਸਮਾਜ, ਸਿਆਸਤ ਅਤੇ ਆਰਥਿਕ ਖੇਤਰ ਵਿੱਚ ਔਰਤਾਂ ਦੀ ਤਰੱਕੀ ਦਾ ਜਸ਼ਨ ਮਨਾਉਣ ਦਾ ਦਿਨ ਬਣ ਚੁੱਕਿਆ ਹੈ। ਜਦਕਿ ਇਸ ਦੀਆਂ ਸਿਆਸੀ ਜੜ੍ਹਾਂ ਔਰਤਾਂ ਅਤੇ ਮਰਦਾਂ ਵਿਚਕਾਰ ਅਸਮਾਨਤਾ ਬਾਰੇ ਜਾਗਰੂਕਤਾ ਫੈਲਾਉਣ ਦੀਆਂ ਹਨ, ਇਸ ਦਾ ਮਤਲਬ ਇਹ ਹੈ ਕਿ ਹੜਤਾਲਾਂ ਅਤੇ ਵਿਰੋਧ ਪ੍ਰਦਰਸ਼ਨ ਆਯੋਜਿਤ ਕਰਕੇ ਔਰਤਾਂ ਅਤੇ ਮਰਦਾਂ ਵਿਚਕਾਰ ਉਸ ਅਸਮਾਨਤਾ ਪ੍ਰਤੀ ਜਾਗਰੂਕਤਾ ਫੈਲਾਉਣਾ, ਜੋ ਅੱਜ ਵੀ ਜਾਰੀ ਹੈ।

## ਸਿਰਫ਼ 8 ਮਾਰਚ ਹੀ ਕਿਉਂ?

ਜਦੋਂ ਕਲਾਰਾ ਜ਼ੇਟਕਿਨ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਸੁਝਾਅ ਦਿੱਤਾ ਸੀ, ਤਾਂ ਉਨ੍ਹਾਂ ਦੇ ਮਨ ਵਿੱਚ ਕੋਈ ਖਾਸ ਤਾਰੀਖ ਨਹੀਂ ਸੀ। ਅੰਤਰਰਾਸ਼ਟਰੀ ਮਹਿਲਾ ਦਿਵਸ ਤਾਂ 1917 ਵਿੱਚ ਜਾ ਕੇ ਤੈਅ ਹੋਇਆ ਸੀ, ਜਦੋਂ ਰੂਸ ਦੀਆਂ ਔਰਤਾਂ ਨੇ 'ਰੋਟੀ ਅਤੇ ਅਮਨ' ਦੀ ਮੰਗ ਕਰਦੇ ਹੋਏ ਜ਼ਾਰ ਦੇ ਸ਼ਾਸਨ ਵਿਰੁੱਧ ਹੜਤਾਲ ਕੀਤੀ ਸੀ। ਇਸ ਤੋਂ ਬਾਅਦ ਜ਼ਾਰ ਨਿਕੋਲਸ ਦੂਜੇ ਨੂੰ ਆਪਣੀ ਗੱਦੀ ਛੱਡਣੀ ਪਈ ਸੀ। ਉਸ ਤੋਂ ਬਾਅਦ ਬਣੀ ਅਸਥਾਈ ਸਰਕਾਰ ਨੇ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਸੀ।

## ਲੋਕ ਇਸ ਦਿਨ ਬੈਂਗਣੀ ਰੰਗ ਦੇ ਕੱਪੜੇ ਕਿਉਂ ਪਹਿਨਦੇ ਹਨ?

ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਅਕਸਰ ਜਾਮਨੀ ਰੰਗ ਨਾਲ ਪਛਾਣਿਆ ਜਾਂਦਾ ਹੈ ਕਿਉਂਕਿ ਇਸ ਨੂੰ 'ਨਿਆਂ ਅਤੇ ਸਨਮਾਨ' ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਵੈੱਬਸਾਈਟ ਅਨੁਸਾਰ, ਜਾਮਨੀ, ਹਰਾ ਅਤੇ ਸਫ਼ੇਦ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਰੰਗ ਹਨ। ਵੈੱਬਸਾਈਟ ਮੁਤਾਬਕ, 'ਜਾਮਨੀ ਰੰਗ ਨਿਆਂ ਅਤੇ ਸਨਮਾਨ ਦਾ ਪ੍ਰਤੀਕ ਹੈ। ਹਰਾ ਰੰਗ ਉਮੀਦ ਜਗਾਉਣ ਵਾਲਾ ਹੈ ਅਤੇ ਸਫ਼ੇਦ ਰੰਗ ਸ਼ੁੱਧਤਾ ਦਾ ਪ੍ਰਤੀਕ ਹੈ। ਹਾਲਾਂਕਿ, ਇਸ ਰੰਗ ਨਾਲ ਸਬੰਧਤ ਪਰਿਕਲਪਨਾ ਨੂੰ ਲੈ ਕੇ ਵਿਵਾਦ ਵੀ ਹੈ। ਮਹਿਲਾ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ "ਮਹਿਲਾ ਦਿਵਸ ਨਾਲ ਸਬੰਧਤ ਇਨ੍ਹਾਂ ਰੰਗਾਂ ਦੀ ਸ਼ੁਰੂਆਤ ਬਰਤਾਨੀਆ ਵਿੱਚ 1908 ਵਿੱਚ ਔਰਤਾਂ ਦੇ ਸਮਾਜਿਕ ਅਤੇ ਸਿਆਸੀ ਸੰਘ (ਡਬਲਯੂਐਸਪੀਯੂ) ਨਾਲ ਹੋਈ ਸੀ।"

## ਕੀ ਕੋਈ ਅੰਤਰਰਾਸ਼ਟਰੀ ਪੁਰਸ਼ ਦਿਵਸ ਵੀ ਮਨਾਇਆ ਜਾਂਦਾ ਹੈ?

ਜੀ ਹਾਂ, ਅੰਤਰਰਾਸ਼ਟਰੀ ਪੁਰਸ਼ ਦਿਵਸ ਵੀ ਹੈ, ਜੋ 19 ਨਵੰਬਰ ਨੂੰ ਮਨਾਇਆ ਜਾਂਦਾ ਹੈ। ਹਾਲਾਂਕਿ, ਇਸ ਨੂੰ ਮਨਾਉਣ ਦੀ ਪ੍ਰਥਾ ਬਹੁਤੀ ਪੁਰਾਣੀ ਨਹੀਂ ਹੈ। ਅੰਤਰਰਾਸ਼ਟਰੀ ਪੁਰਸ਼ ਦਿਵਸ ਮਨਾਉਣ ਦੀ ਸ਼ੁਰੂਆਤ 1990 ਦੇ ਦਹਾਕੇ ਵਿੱਚ ਹੋਈ ਸੀ ਅਤੇ ਅਜੇ ਇਸ ਨੂੰ ਸੰਯੁਕਤ ਰਾਸ਼ਟਰ ਵੱਲੋਂ ਮਾਨਤਾ ਵੀ ਨਹੀਂ ਮਿਲੀ ਹੈ।

ਬ੍ਰਿਟੇਨ ਸਮੇਤ ਦੁਨੀਆਂ ਦੇ 80 ਤੋਂ ਵੱਧ ਦੇਸ਼ਾਂ ਦੇ ਲੋਕ ਅੰਤਰਰਾਸ਼ਟਰੀ ਪੁਰਸ਼ ਦਿਵਸ ਮਨਾਉਂਦੇ ਹਨ।

ਅੰਤਰਰਾਸ਼ਟਰੀ ਪੁਰਸ਼ ਦਿਵਸ ਦੇ ਆਯੋਜਕਾਂ ਅਨੁਸਾਰ, ਇਹ ਦਿਨ 'ਮਰਦਾਂ ਦੀ ਦੁਨੀਆਂ ਵਿੱਚ, ਆਪਣੇ ਪਰਿਵਾਰ ਅਤੇ ਭਾਈਚਾਰੇ 'ਚ ਸਕਾਰਾਤਮਕ ਕਦਰਾਂ-ਕੀਮਤਾਂ ਦੇ ਯੋਗਦਾਨ' ਦੇ ਜਸ਼ਨ ਵਜੋਂ ਮਨਾਇਆ ਜਾਂਦਾ ਹੈ।

ਇਸ ਦਾ ਉਦੇਸ਼ ਦੁਨੀਆਂ ਨੂੰ ਸਕਾਰਾਤਮਕ ਪੁਰਸ਼ ਰੋਲ ਮਾਡਲਾਂ ਬਾਰੇ ਦੱਸਣਾ, ਮਰਦਾਂ ਦੀ ਬਿਹਤਰੀ ਲਈ ਜਾਗਰੂਕਤਾ ਫੈਲਾਉਣਾ ਅਤੇ ਔਰਤਾਂ ਅਤੇ ਮਰਦਾਂ ਦੇ ਆਪਸੀ ਰਿਸ਼ਤੇ ਨੂੰ ਸੁਧਾਰਨਾ ਹੈ।

## ਮਹਿਲਾ ਦਿਵਸ ਕਿਵੇਂ ਮਨਾਇਆ ਜਾਂਦਾ ਹੈ?

ਕਈ ਦੇਸ਼ਾਂ ਵਿੱਚ, ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਰਾਸ਼ਟਰੀ ਛੁੱਟੀ ਰਹਿੰਦੀ ਹੈ। ਇਨ੍ਹਾਂ ਦੇਸ਼ਾਂ ਵਿੱਚ ਰੂਸ ਵੀ ਸ਼ਾਮਲ ਹੈ, ਜਿੱਥੇ 8 ਮਾਰਚ ਦੇ ਨੇੜੇ-ਤੇੜੇ ਦੇ ਦਿਨਾਂ 'ਚ ਫੁੱਲਾਂ ਦੀ ਵਿਕਰੀ ਦੁੱਗਣੀ ਹੋ ਜਾਂਦੀ ਹੈ।

ਚੀਨ 'ਚ, ਨੈਸ਼ਨਲ ਕੌਂਸਲ ਦੇ ਸੁਝਾਅ 'ਤੇ 8 ਮਾਰਚ ਨੂੰ ਬਹੁਤ ਸਾਰੀਆਂ ਮਹਿਲਾਵਾਂ ਨੂੰ ਅੱਧੇ ਦਿਨ ਦੀ ਛੁੱਟੀ ਦਿੱਤੀ ਜਾਂਦੀ ਹੈ।

ਇਟਲੀ ਵਿੱਚ 8 ਮਾਰਚ ਨੂੰ ਔਰਤਾਂ ਨੂੰ ਮੀਮੋਸਾ ਦੇ ਫੁੱਲ ਦੇ ਕੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਇਹ ਪਰੰਪਰਾ ਕਦੋਂ ਸ਼ੁਰੂ ਹੋਈ, ਪਰ ਇਹ ਮੰਨਿਆ ਜਾਂਦਾ ਹੈ ਕਿ ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੋਮ ਤੋਂ ਸ਼ੁਰੂ ਹੋਈ ਸੀ।

ਅਮਰੀਕਾ ਵਿੱਚ ਮਾਰਚ ਦਾ ਮਹੀਨਾ ਔਰਤਾਂ ਦੀ ਤਾਰੀਖ ਦਾ ਮਹੀਨਾ ਹੁੰਦਾ ਹੈ। ਹਰ ਸਾਲ ਰਾਸ਼ਟਰਪਤੀ ਵੱਲੋਂ ਇੱਕ ਘੋਸ਼ਣਾ ਕੀਤੀ ਜਾਂਦੀ ਹੈ, ਜਿਸ ਵਿੱਚ ਅਮਰੀਕੀ ਔਰਤਾਂ ਦੀਆਂ ਪ੍ਰਾਪਤੀਆਂ ਦੀ ਵਡਿਆਈ ਕੀਤੀ ਜਾਂਦੀ ਹੈ।

## ਮਹਿਲਾ ਦਿਵਸ ਦੀ ਲੋੜ ਕਿਉਂ ਹੈ?

ਪਿਛਲੇ ਇੱਕ ਸਾਲ ਦੌਰਾਨ ਅਫਗਾਨਿਸਤਾਨ, ਇਰਾਨ, ਯੂਕਰੇਨ ਅਤੇ ਅਮਰੀਕਾ ਵਰਗੇ ਕਈ ਦੇਸ਼ਾਂ ਵਿੱਚ ਔਰਤਾਂ ਆਪਣੇ ਦੇਸ਼ਾਂ ਵਿੱਚ ਜੰਗ, ਹਿੰਸਾ ਅਤੇ ਨੀਤੀਗਤ ਤਬਦੀਲੀਆਂ ਦਰਮਿਆਨ ਆਪਣੇ ਹੱਕਾਂ ਲਈ ਲੜਦੀਆਂ ਰਹੀਆਂ ਹਨ। ਅਫਗਾਨਿਸਤਾਨ ਵਿੱਚ ਤਾਲਿਬਾਨ ਦੀ ਸੱਤਾ ਵਿੱਚ ਵਾਪਸੀ ਨੇ ਮਨੁੱਖੀ ਅਧਿਕਾਰਾਂ ਦੀ ਤਰੱਕੀ ਨੂੰ ਰੋਕ ਦਿੱਤਾ ਹੈ। ਕਿਉਂਕਿ ਔਰਤਾਂ ਅਤੇ ਕੁੜੀਆਂ ਨੂੰ ਉੱਚ ਸਿੱਖਿਆ ਹਾਸਲ ਕਰਨ ਤੋਂ ਵੀ ਰੋਕਿਆ ਗਿਆ ਹੈ।

ਉਨ੍ਹਾਂ ਲਈ ਘਰ ਤੋਂ ਬਾਹਰ ਜ਼ਿਆਦਾਤਰ ਕੰਮ ਕਰਨ 'ਤੇ ਅਤੇ ਕਿਸੇ ਪੁਰਸ਼ ਸਰਪ੍ਰਸਤ ਤੋਂ ਬਿਨਾਂ ਲੰਬੀ ਦੂਰੀ ਦੀ ਯਾਤਰਾ ਕਰਨ 'ਤੇ ਪਾਬੰਦੀ ਹੈ।

ਤਾਲਿਬਾਨ ਨੇ ਔਰਤਾਂ ਨੂੰ ਹੁਕਮ ਜਾਰੀ ਕੀਤਾ ਹੈ ਕਿ ਉਹ ਘਰ ਦੇ ਬਾਹਰ ਜਾਂ ਹੋਰ ਲੋਕਾਂ ਦੇ ਸਾਹਮਣੇ ਆਪਣਾ ਪੂਰਾ ਚਿਹਰਾ ਢਕ ਕਰ ਰੱਖਣ।

ਇਰਾਨ ਵਿੱਚ 22 ਸਾਲਾ ਮਹਸਾ ਅਮੀਨੀ ਦੀ ਮੌਤ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਮਹਸਾ ਨੂੰ 13 ਸਤੰਬਰ 2022 ਨੂੰ ਈਰਾਨ ਦੀ ਮੋਰੈਲ ਪੁਲਿਸ ਦੁਆਰਾ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਇਲਜ਼ਾਮ ਸੀ ਕਿ ਉਨ੍ਹਾਂ ਨੇ ਜਨਤਕ ਥਾਵਾਂ 'ਤੇ ਔਰਤਾਂ ਦੇ ਵਾਲਾਂ ਨੂੰ ਸਕਾਰਫ਼ ਨਾਲ ਢੱਕਣ ਦੇ ਸਖ਼ਤ ਨਿਯਮ ਨੂੰ ਤੋੜਿਆ ਸੀ।

ਉਦੋਂ ਤੋਂ ਹੀ ਪੂਰੇ ਈਰਾਨ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ, ਜਿਸ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ। ਈਰਾਨ ਵਿੱਚ ਬਹੁਤ ਸਾਰੀਆਂ ਔਰਤਾਂ ਅਤੇ ਮਰਦ ਹੁਣ ਔਰਤਾਂ ਲਈ ਬਿਹਤਰ ਅਧਿਕਾਰਾਂ ਦੀ ਮੰਗ ਕਰ ਰਹੇ ਹਨ। ਉਹ ਮੌਜੂਦਾ ਸਿਆਸੀ ਲੀਡਰਸ਼ਿਪ ਵਿੱਚ ਵੀ ਬਦਲਾਅ ਚਾਹੁੰਦੇ ਹਨ।

ਪ੍ਰਦਰਸ਼ਨਕਾਰੀਆਂ ਦਾ ਨਾਅਰਾ 'ਔਰਤਾਂ, ਜ਼ਿੰਦਗੀ, ਆਜ਼ਾਦੀ' ਹੈ। ਈਰਾਨ ਦੀ ਸਰਕਾਰ ਇਨ੍ਹਾਂ ਪ੍ਰਦਰਸ਼ਨਾਂ ਨੂੰ 'ਦੰਗੇ' ਕਹਿ ਕੇ ਪ੍ਰਦਰਸ਼ਨਕਾਰੀਆਂ ਨਾਲ ਬਹੁਤ ਸਖ਼ਤੀ ਨਾਲ ਪੇਸ਼ ਆ ਰਹੀ ਹੈ।

ਵਿਰੋਧ ਪ੍ਰਦਰਸ਼ਨਾਂ ਅਤੇ ਉਨ੍ਹਾਂ ਨੂੰ ਕੁਚਲਣ ਦੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਵਿੱਚ ਹੁਣ ਤੱਕ 500 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।

24 ਫਰਵਰੀ 2022 ਨੂੰ, ਰੂਸੀ ਫੌਜ ਨੇ ਯੂਕਰੇਨ 'ਤੇ ਹਮਲਾ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, ਯੁੱਧ ਸ਼ੁਰੂ ਹੋਣ ਤੋਂ ਬਾਅਦ ਯੂਕਰੇਨ ਵਿੱਚ ਖਾਣੇ ਦੀ ਕਮੀ, ਕੁਪੋਸ਼ਣ ਅਤੇ ਗਰੀਬੀ ਦੇ ਮਾਮਲੇ ਵਿੱਚ ਪੁਰਸ਼ਾਂ ਅਤੇ ਔਰਤਾਂ ਵਿੱਚ ਪਾੜਾ ਵਧਿਆ ਹੈ।

ਜੰਗ ਕਾਰਨ ਕੀਮਤਾਂ ਵਿੱਚ ਵਾਧਾ ਹੋਇਆ ਹੈ ਅਤੇ ਵਸਤਾਂ ਦੀ ਕਮੀ ਦੇ ਕਾਰਨ, ਯੂਕਰੇਨ ਵਿੱਚ ਔਰਤਾਂ ਦੇ ਖਿਲਾਫ ਹਿੰਸਾ ਦੀਆਂ ਘਟਨਾਵਾਂ ਵਿੱਚ ਵੀ ਬਹੁਤ ਵਾਧਾ ਹੋਇਆ ਹੈ।

24 ਜੂਨ, 2022 ਨੂੰ, ਅਮਰੀਕਾ ਦੀ ਸੁਪਰੀਮ ਕੋਰਟ ਨੇ ਰੋ ਬਨਾਮ ਵੇਡ ਦੇ ਇਤਿਹਾਸਕ ਕਾਨੂੰਨ ਨੂੰ ਉਲਟਾ ਦਿੱਤਾ। ਇਸ ਕਾਨੂੰਨ ਤਹਿਤ ਅਮਰੀਕੀ ਔਰਤਾਂ ਨੂੰ ਗਰਭਪਾਤ ਦਾ ਅਧਿਕਾਰ ਪ੍ਰਾਪਤ ਸੀ।

ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਪੂਰੇ ਅਮਰੀਕਾ 'ਚ ਇਸ ਦੇ ਖਿਲਾਫ ਵਿਰੋਧ ਜਤਾਇਆ ਗਿਆ। ਬਹੁਤ ਸਾਰੀਆਂ ਅਮਰੀਕੀ ਔਰਤਾਂ ਗਰਭਪਾਤ ਲਈ ਮੈਕਸੀਕੋ ਜਾਣ ਦੀ ਚੋਣ ਕਰ ਰਹੀਆਂ ਹਨ। ਕਿਉਂਕਿ, 2021 ਵਿੱਚ ਇੱਕ ਇਤਿਹਾਸਕ ਫੈਸਲੇ ਤੋਂ ਬਾਅਦ, ਮੈਕਸੀਕੋ ਵਿੱਚ ਗਰਭਪਾਤ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਸੀ। ਹਾਲਾਂਕਿ, ਪਿਛਲੇ ਕੁਝ ਸਾਲਾਂ ਦੌਰਾਨ ਔਰਤਾਂ ਦੀ ਸਥਿਤੀ ਵਿੱਚ ਵੀ ਸੁਧਾਰ ਹੋਇਆ ਹੈ।

ਦਸ ਸਾਲਾਂ ਦੇ ਸੰਘਰਸ਼ ਤੋਂ ਬਾਅਦ, ਨਵੰਬਰ 2022 ਵਿੱਚ ਯੂਰਪੀਅਨ ਸੰਸਦ ਨੇ ਇੱਕ ਕਾਨੂੰਨ ਪਾਸ ਕੀਤਾ। ਇਸ ਨਾਲ 2026 ਤੱਕ ਜਨਤਕ ਵਪਾਰ ਕਰਨ ਵਾਲੀਆਂ ਕੰਪਨੀਆਂ ਦੇ ਬੋਰਡਾਂ ਵਿੱਚ ਔਰਤਾਂ ਦੀ ਵਧੇਰੇ ਪ੍ਰਤੀਨਿਧਤਾ ਯਕੀਨੀ ਹੋਵੇਗੀ।

ਯੂਰਪੀਅਨ ਸੰਘ ਨੇ ਕਿਹਾ, "ਉੱਪਰਲੇ ਅਹੁਦਿਆਂ 'ਤੇ ਬੈਠਣ ਦੀ ਕਾਬਲੀਅਤ ਰੱਖਣ ਵਾਲੀਆਂ ਅਜਿਹੀਆਂ ਬਹੁਤ ਸਾਰੀਆਂ ਔਰਤਾਂ ਹਨ ਅਤੇ ਆਪਣੇ ਨਵੇਂ ਯੂਰਪੀਅਨ ਕਾਨੂੰਨ ਨਾਲ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਨ੍ਹਾਂ ਔਰਤਾਂ ਨੂੰ ਉਨ੍ਹਾਂ ਅਹੁਦਿਆਂ 'ਤੇ ਪਹੁੰਚਣ ਦਾ ਅਸਲ ਮੌਕਾ ਮਿਲੇ।"

ਇਸ ਦੌਰਾਨ, ਅਰਮੀਨੀਆ ਅਤੇ ਕੋਲੰਬੀਆ ਵਿੱਚ ਪੈਟਰਨਿਟੀ ਲੀਵ ਨਾਲ ਸਬੰਧਤ ਕਾਨੂੰਨ ਵੀ ਬਦਲੇ ਗਏ ਹਨ। ਇਸ ਦੇ ਨਾਲ ਹੀ ਸਪੇਨ ਨੇ ਮਾਹਵਾਰੀ 'ਤੇ ਛੁੱਟੀ ਲੈਣ ਅਤੇ ਗਰਭਪਾਤ ਦੀਆਂ ਸਹੂਲਤਾਂ ਵਧਾਉਣ ਲਈ ਕਾਨੂੰਨ ਪਾਸ ਕੀਤਾ ਹੈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਸਿੱਖ ਧਰਮ ਦੀ ਵਿਸ਼ਾਲਤਾ, ਵਿਆਖਿਆ, ਮਨੁੱਖਤਾ ਲਈ ਪੈਗਾਮ ਬਨਾਮ ਐਲਨ ਮਸਕ ਦਾ ਏ.ਆਈ. ਐਪ ਗਰੋਕ

ਲੇਖਕ : ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
ਸੰਪਰਕ : 98157-00916



ਆਧੁਨਿਕ ਯੁਗ ਵਿਚ ਸਿਖ ਧਰਮ ਤੇ ਗੁਰਮਤਿ ਦੀ ਵਿਆਖਿਆ ਪ੍ਰੋਫੈਸਰ ਕਿਸ਼ਨ ਸਿੰਘ, ਡਾਕਟਰ ਅੰਬੇਡਕਰ,ਪ੍ਰੋਫੈਸਰ ਪੂਰਨ ਸਿੰਘ, ਸਿਰਦਾਰ ਕਪੂਰ ਸਿੰਘ ਆਈਸੀਐਸ ,ਡਾਕਟਰ ਗੁਰਭਗਤ ਸਿੰਘ ,ਸਰਦਾਰ ਗੁਰਤੇਜ ਸਿੰਘ ਆਦਿ ਨੇ ਬਹੁਤ ਹੀ ਵਿਸ਼ਾਲਤਾ ਨਾਲ ਕੀਤੀ ਹੈ।ਪ੍ਰੋਫੈਸਰ ਕਿਸ਼ਨ ਸਿੰਘ ਗੁਰਮਤਿ ਨੂੰ ਸਮਾਜਿਕ, ਰਾਜਨੀਤਕ ਇਨਕਲਾਬ ਦਸਦਾ ਹੋਇਆ ਗੁਰੂ ਨੂੰ ਆਦਰਸ਼ਵਾਦੀ ਸਟੇਟ ਦਾ ਮਾਡਲ ਦਸਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਦਾ ਥੀਸਿਜ।ਉਸਨੇ ਖਾਲਸਾ ਰਾਜ ਦੀ ਵਿਆਖਿਆ ਮਨੁੱਖਤਾ ਦੇ ਹਿਤ ਵਜੋਂ ਕੀਤੀ ਹੈ ,ਜਿਸਦਾ ਉਸਨੇ ਇਤਿਹਾਸਕ ਪ੍ਰਸੰਗ ਤੇ ਦਾਰਸ਼ਨਿਕਤਾ ਸਿਰਜੀ ਹੈ।ਉਸਦੀ ਪੁਸਤਕ ਸਿੱਖ ਲਹਿਰ ਅਜੋਕੇ ਪ੍ਰਸੰਗ ਵਿਚ ਪੜ੍ਹਨਯੋਗ ਹੈ। ਖਬੇਪਖੀਆਂ ਨੂੰ ਇਹ ਪੁਸਤਕ ਪੜ੍ਹਨ ਦੀ ਲੋੜ ਹੈ।ਕਾਮਰੇਡ ਸੰਤ ਸਿੰਘ ਸੇਖੋਂ ਨਾਲ ਕਿਸ਼ਨ ਸਿੰਘ ਦੀ ਬਹਿਸਾਂ ਜੋ ਖਬੇਪਖੀਆਂ ਦੇ ਮੈਗਜ਼ੀਨ ਸੇਧ ਪੇਪਰ ਵਿਚ ਛਪੀਆਂ ਸਨ ,ਉਸਨੇ ਇਕਲੇ ਤੌਰ ਉਪਰ ਗੁਰਮਤਿ ਵਿਰੋਧੀ ਕਾਮਰੇਡਾਂ ਨੂੰ ਲਾਜੁਆਬ ਕਰ ਦਿਤਾ ਸੀ।

ਡਾਕਟਰ ਅੰਬੇਡਕਰ ਨੇ ਆਪਣੀ ਪੁਸਤਕ ਜਾਤ ਪਾਤ ਬੀਜ ਨਾਸ਼ ਵਿਚ ਕਿਹਾ ਸੀ ਕਿ ਬੁਧ ,ਸਤਿਗੁਰੂ ਨਾਨਕ,ਸੰਤ ਕਬੀਰ ਜਿਥੇ ਖਲੋਤੇ ਉਥੇ ਤੁਹਾਨੂੰ ਖਲੋਣਾ ਪਵੇਗਾ।ਉਨ੍ਹਾਂ ਕਿਹਾ ਸੀ ਕਿ ਸਿੱਖਾਂ ਅੰਦਰ ਸਾਥੀ ਭਾਵਨਾ ਬਹੁਤ ਹੈ,ਉਹ ਸੰਗਤੀ ਰੂਪ ਵਿਚ ਆਪਣੇ ਭਾਈਚਾਰੇ ਦੇ ਹੱਕ ਵਿਚ ਖਲੋਂਦੇ ਹਨ।ਇਹ ਜਜਬਾ ਮੈਨੂੰ ਪਸੰਦ ਹੈ।ਇਹ ਉਨ੍ਹਾਂ ਦੀ ਤਾਕਤ ਹੈ।

ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਅਤੇ ਅਭਿਆਸ ਨੂੰ ਪ੍ਰਾਪਤ ਧਰਮਾਂ ਦਾ ਸੰਯੋਗ ਨਹੀਂ ਮੰਨਦੇ, ਜਿਵੇਂ ਕਿ ਕਈ ਭਾਰਤੀ ਵਿਦਵਾਨ ਕਹਿ ਜਾਂ ਲਿਖ ਦਿੰਦੇ ਹਨ। ਸਿਰਦਾਰ ਜੀ ਅਨੁਸਾਰ ਸਿੱਖੀ ਇਕ ਇਤਿਹਾਸਕ "ਐਪਿਫਨੀ" ਹੈ। ਇਸ ਦਾ ਅਰਥ ਇਹ ਹੈ ਕਿ ਇਹ ਇਤਿਹਾਸ ਦੀਆਂ ਲੋੜਾਂ ਵਿਚੋਂ ਅਵੱਸ਼ ਪੈਦਾ ਹੋਈ, ਪਰ ਇਹ ਇਕ ਆਵੇਸ਼ ਸੀ, ਉਚੇਰੀ ਦਿਬ-ਦ੍ਰਿਸ਼ਟੀ ਦਾ ਇਕ ਕ੍ਰਿਸ਼ਮਾ ਸੀ ਜੋ ਆਪਣੀ ਮੌਲਿਕਤਾ ਨਾਲ ਵਾਪਰਿਆ।ਸਿੱਖੀ ਵਿਚ ਵੱਡਾ ਮਹੱਤਵ, ਉਨ੍ਹਾਂ ਅਨੁਸਾਰ ਨਾਮ ਅਭਿਆਸ ਜਾਂ ਅਨੁਸ਼ਾਸਨ ਨੂੰ ਹੈ। "ਨਾਮ" ਸ਼ਬਦ "ਨਿਊਮਿਨਾ" ਨਾਲ ਜੁੜਿਆ ਹੋਇਆ ਹੈ। ਨਾਮ ਇਕ ਪਵਿੱਤਰਤਾ ਜਾਂ ਪੁਨੀਤ ਦਾ ਅਨੁਭਵ ਹੈ ਜੋ ਧਰਮ ਨਾਲ ਸੰਬੰਧਤ ਵਿਸ਼ੇਸ਼ ਅਨੁਭਵ ਹੈ। ਨੈਤਿਕਤਾ ਅਤੇ ਸੌਦਰਯ ਤੋਂ ਵੀ ਵੱਖਰਾ ਹੈ। ਸਿੱਖੀ ਦੇ ਇਸ ਵਿਸ਼ੇਸ਼ ਅਨੁਭਵ ਨੂੰ ਸਿਰਦਾਰ ਕਪੂਰ ਸਿੰਘ "ਨ-ਸਦਾਚਾਰਕ ਪਵਿੱਤਰਤਾ" ਆਖਦੇ ਹਨ ਜੋ ਆਪਣੇ ਆਪ ਵਿਚ ਇਕ ਮੁੱਲ ਹੈ।

ਅਜਿਹੇ ਨਾਮ ਅਨੁਸ਼ਾਨ ਦਾ ਅਭਿਆਸ ਕਰਨ ਵਾਲਾ ਸਿੱਖ, ਨਿਰਪੇਖ ਯਥਾਰਥ ਜਾਂ ਅਕਾਲ ਪੁਰਖ ਵਿਚ ਵਿਸ਼ਵਸਤ ਮਨੁੱਖ ਹੈ ਜੋ ਜਗਤ ਪ੍ਰਤੀ ਵੀ ਸੁਚੇਤ ਹੈ। ਇਸ ਵਿਚ ਰਹਿ ਕੇ ਕਰਮਸ਼ੀਲ ਹੁੰਦਾ ਹੈ। ਇਸ ਲਈ ਉਹ ਸਿੱਖ ਸੰਕਲਪ ਦੇ ਮਨੁੱਖ ਨੂੰ ਮੁਕਤ ਪਰ ਸਮਾਜਿਕ-ਰਾਜਨੀਤਕ ਜੀਵਨ ਵਿਚ ਉਚੇਰੀਆਂ ਕੀਮਤਾਂ ਲਈ ਸੰਘਰਸ਼ਸੀਲ ਮਨੁੱਖ ਮੰਨਦੇ ਹਨ। ਇਸ ਮਨੁੱਖ ਲਈ ਬਦੀ ਸਦੀਵ ਨਿਯਮ ਜਾਂ ਅਸਲੀਅਤ ਨਹੀਂ, ਨਾ ਹੀ "ਮਾਇਆ" ਸੱਤ ਹੈ। ਸਿੱਖੀ ਵਿਚ ਅਕਾਲ ਪੁਰਖ ਨਾਲ ਸੰਬੰਧ ਸਿੱਧਾ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਰਾਹੀਂ ਨਹੀਂ, ਇਹ ਰਿਸ਼ਤਾ "ਅਨੰਦ" ਦਾ ਅਨੁਭਵ ਹੈ।

ਸਿੱਖ ਗੁਰੂ ਸਾਹਿਬਾਨ ਨੇ ਜੋ ਚਿਤਵਿਆ ਨਾਮ ਅਨੁਸ਼ਾਸਨ, ਪੁਨੀਤ ਅਨੁਭਵ ਵਾਲਾ, ਅਕਾਲ ਪੁਰਖ ਨਾਲ ਸਿੱਧਾ ਰਿਸ਼ਤਾ ਕਾਇਮ ਕਰਨ ਲਈ ਸਮਰੱਥ ਸਮਾਜਿਕ, ਰਾਜਨੀਤਕ ਜਗਤ ਪ੍ਰਤੀ ਸੁਚੇਤ ਅਤੇ ਕ੍ਰਿਆਸ਼ੀਲ, ਨੈਤਿਕਤਾ ਤੋਂ ਉੱਪਰ, ਵਰੁਣ/ਵਰਗ ਤੋਂ ਪਰ੍ਹੇ ਇਹ ਮਨੁੱਖ ਡਾਰਵਿਨੀ ਵਿਕਾਸਵਾਦ ਤੋਂ ਬਾਹਰ ਹੈ।

ਡਾਕਟਰ ਗੁਰਭਗਤ ਸਿੰਘ ਨੇ ਕਿਹਾ ਸੀ ਕਿ ਵਿਸ਼ਵ ਵਿਚ ਸਿੱਖ ਧਰਮ ਮਨੁੱਖਤਾ ਦੇ ਹਿਤ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ।ਮਨੁੱਖ ਨੂੰ ਮੁਕਤੀ ਤੇ ਸ਼ਾਂਤੀ ਵਲ ਲਿਜਾ ਸਕਦਾ ਹੈ।ਡਾਕਟਰ ਗੁਰਭਗਤ ਸਿੰਘ ਨੇ ਇਸਨੂੰ ਵਿਸਮਾਦ ਪੂੰਜੀ ਨਾਲ ਸੰਬੋਧਨ ਕੀਤਾ ਸੀ।ਪੰਜਾਬ ਦੀ ਵਿਰਾਸਤ ਬਾਰੇ ਅਗਿਆਨਤਾ ਤੇ ਬੇਮੁਖਤਾ ਦੇ ਕਾਰਨਾਂ ਦੀ ਪੈੜ ਨਪਦਾ ਹੋਇਆ ਡਾ: ਗੁਰਭਗਤ ਸਿੰਘ ਇਸ ਸਿਧਾਂਤਕ ਨਿਰਣੇ ਤੇ ਅੱਪੜਿਆ ਕਿ ਬਰਤਾਨਵੀ ਸਾਮਰਾਜ ਵੱਲੋਂ ਪੰਜਾਬ ਉਤੇ ਕਬਜ਼ਾ ਕਰ ਲੈਣ ਤੋਂ ਬਾਅਦ ਖ਼ਾਲਸਾ ਪੈਰਾਡਾਈਮ ਨੂੰ ਤੋੜਨਾ, ਇਸ ਦੀ ਮੌਲਿਕਤਾ ਨੂੰ ਨਸ਼ਟ ਕਰਨਾ, ਸਾਮਰਾਜ ਦੇ ਹਥਿਆਰਾਂ ਵਿਚੋਂ ਇਕ ਵੱਡਾ ਹਥਿਆਰ ਸੀ। ਬਰਤਾਨਵੀ ਸਾਮਰਾਜ ਨੇ ਚੁਸਤੀ ਤੇ ਚਲਾਕੀ ਨਾਲ ਸਿੱਖਾਂ ਦੇ ਇਕ ਅਹਿਮ ਹਿੱਸੇ ਨੂੰ ਉਸ ਦੇ ਬ੍ਰਹਿਮੰਡੀ, ਇਨਕਲਾਬੀ ਸੋਚ-ਪ੍ਰਬੰਧ ਅਤੇ ਜੀਵਨ ਜਾਚ ਤੋਂ ਚੇਤੰਨ ਤੌਰ 'ਤੇ ਤੋੜ ਦਿੱਤਾ ਸੀ। ਆਮ ਸਿੱਖਾਂ ਨੇ ਆਪਣੇ ਅਵਚੇਤਨ ਵਿਚ ਸਿੱਖ ਤੱਤ ਨੂੰ ਸਾਂਭੀ ਰੱਖਿਆ। ਇਹ ਸਿੱਖ ਤੱਤ ਹੀ, ਇਤਿਹਾਸ ਅੰਦਰ ਸਮੇਂ ਸਮੇਂ ਜਾਬਰ ਰਾਜ ਨਾਲ ਟਕਰਾਉਂਦਾ ਅਤੇ ਸਿੱਖ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਸੰਘਰਸ਼ ਕਰਦਾ ਰਿਹਾ ਹੈ। ਸਿੱਖਾਂ ਦਾ ਅਵਚੇਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੇ ਜੀਵਨ ਦੀ ਸਿਰਜਣਾ ਹੈ। ਕੇਵਲ ਉਨ੍ਹਾਂ ਸਿੱਖਾਂ ਨੂੰ ਹੀ ਵਰਗਲਾਇਆ ਜਾ ਸਕਦਾ ਹੈ ਜਿਨ੍ਹਾਂ ਦੇ ਅਵਚੇਤਨ ਦਾ ਸਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕਮਜ਼ੋਰ ਹੋ ਚੁੱਕਿਆ ਹੈ।

ਸਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਮਨੁੱਖਤਾ ਦਾ ਧਰਮ ਸਿਖ ਧਰਮ ਹੈ।ਗੁਰੂ ਗ੍ਰੰਥ ਸਾਹਿਬ ਮਨੁੱਖੀ ਕਲਿਆਣ ਦਾ ਥੀਸਿਜ ਹੈ ਜੋ ਮਨੁੱਖਤਾ ਦੇ ਹਿੱਤ ਵਿਚ ਰਾਜਨੀਤੀ ,ਸਮਾਜ,ਮਨੁੱਖ ਦੀ ਨੈਤਿਕ ਬਣਤਰ ਸਿਰਜਦਾ ਹੈ ,ਪਰ ਅਜੋਕੀ ਧਾਰਮਿਕ ਤੇ ਰਾਜਨੀਤਿਕ ਲੀਡਰਸ਼ਿਪ ਸਤਿਗੁਰੂ ਦੇ ਇਸ ਸਿਧਾਂਤ ਨੂੰ ਸਮਝਣ ਵਿਚ ਅਸਫਲ ਸਿਧ ਹੋਈ ਹੈ।ਗੁਰੂ ਸਾਹਿਬਾਨ ਨਾ ਕੇਵਲ ਆਧੁਨਿਕ ਸਮਿਆਂ ਦੇ ਜ਼ਿੰਮੇਵਾਰ ਜ਼ਾਮਨ (ਗਵਾਹ) ਹਨ ਬਲਕਿ ਉਹਨਾਂ ਪ੍ਰਵਿਰਤੀਆਂ (ਰੁਝਾਨਾਂ) ਨੂੰ ਸਾਜਣ ਵਾਲੇ ਵੀ ਹਨ, ਜਿਨ੍ਹਾਂ ਨੇ ਮਨੁੱਖ ਮਾਤਰ ਨੂੰ ਮੱਧ-ਕਾਲ ਦੇ ਹਨ੍ਹੇਰੇ ਵਿੱਚੋਂ ਕੱਢ ਕੇ ਸਿੱਧਾ ਆਧੁਨਿਕ ਸਮਿਆਂ ਦੇ ਦਰਵਾਜ਼ੇ ਉੱਤੇ ਲਿਆ ਖੜ੍ਹਾ ਕੀਤਾ। ਉਹਨਾਂ ਆਉਣ ਵਾਲੇ ਸਮਿਆਂ ਲਈ ਵੀ ਵੱਡਮੁੱਲੀ ਅਗਵਾਈ ਪ੍ਰਦਾਨ ਕੀਤੀ। ਹੋਣਾ ਵੀ ਇਉਂ ਹੀ ਚਾਹੀਦਾ ਸੀ ਕਿਉਂਕਿ ਜਿਸ ਰੱਬ ਦਾ ਰੂਪ ਹੋ ਕੇ ਆਪ ਸੰਸਾਰ ਉੱਤੇ ਵਿਚਰੇ ਹਨ, ਉਹ "ਸਾਹਿਬੁ ਮੇਰਾ ਨੀਤ ਨਵਾ..॥" (ਮ: ੧, ਪੰਨਾ ੬੬੦) ਹੈ। ਉਹ ਕਦੇ ਪੁਰਾਣਾ ਨਹੀਂ ਹੁੰਦਾ, "ਸਚੁ ਪੁਰਾਣਾ ਨਾ ਥੀਐ; ਨਾਮੁ ਨ ਮੈਲਾ ਹੋਇ ॥" (ਮ: ੩, ਪੰਨਾ ੧੨੪੮), ਗੁਰੂ ਜੀ ਦੀ ਏਸ ਸਦੀਵੀ ਪ੍ਰਸੰਗਕਤਾ ਨੂੰ ਜਿਨ੍ਹਾਂ ਪ੍ਰਵਾਨ ਕੀਤਾ ਉਹਨਾਂ ਅਨੇਕਾਂ ਗੁੰਝਲਾਂ, ਜੰਜਾਲਾਂ ਤੋਂ ਮੁਕਤੀ ਪ੍ਰਾਪਤ ਕੀਤੀ "ਫੂਟੋ ਆਂਡਾ ਭਰਮ ਕਾ; ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ; ਗੁਰਿ ਕੀਨੀ ਬੰਦਿ ਖਲਾਸੁ ॥" (ਮ: ੫, ਪੰਨਾ ੧੦੦੨)

ਇਨ੍ਹਾਂ ਚਿੰਤਕਾਂ ਦੇ ਵਿਚਾਰਾਂ ਦਾ ਸਿੱਟਾ ਇਹ ਹੈ ਕਿ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਮਨੁੱਖੀ ਸੇਵਾ ,ਸਰਬਤ ਦੇ ਭਲੇ ਨੂੰ ਨਿਭਾਉਣ ਵਿਚ ਸਫਲ ਹੋਈ ਹੈ।ਇਸ ਵਿਚ ਗੁਰੂ ਦੀ ਤੌਰੀ ਸੰਗਤੀ ਦਸਵੰਧ ਦਾ ਵੱਡਾ ਰੋਲ ਰਿਹਾ ਹੈ।ਕਰੋਨਾ ਯੁਗ ਵਿਚ ਸਿੱਖ ਪੂਰੇ ਵਿਸ਼ਵ ਵਿਚ ਮੌਤ ਅਗੇ ਡਟਕੇ ਖਲੋਏ ਤੇ ਮਨੁੱਖਤਾ ਦੇ ਹਿਤ ਵਿਚ ਸੇਵਾ ਨਿਭਾਈ,ਕੁਦਰਤੀ ਵਿਪਤਾਵਾਂ ਵਿਚ ਲੋਕਾਂ ਦੇ ਸਾਥੀ ਬਣੇ।ਇਹ ਪ੍ਰਭਾਵ ਪੂਰੇ ਵਿਸ਼ਵ ਤੇ ਉਨ੍ਹਾਂ ਦੀ ਸਰਕਾਰਾਂ ਵਿਚ ਬਣਿਆ ਹੈ। ਇਸ ਬਾਰੇ ਵਿਸ਼ਾਲ ਚਿੰਤਨ ਉਘਾੜਨ ਦੀ ਲੋੜ ਹੈ,ਪਰ ਸਾਡੇ ਅਗੇ ਰੁਕਾਵਟ ਮਾਇਆਧਾਰੀ ,ਲਾਲਚੀ ਤੇ ਵਿਕਾਊ ਸਿੱਖ ਲੀਡਰਸ਼ਿਪ ਹੈ।

ਅਜਿਹੇ 'ਚ ਟੇਸਲਾ ਮੁਖੀ ਐਲਨ ਮਸਕ ਦੇ ਏਆਈ ਐਪ ਗਰੋਕ ਨੇ ਹੁਣ ਇਸ ਮਸਲੇ 'ਤੇ ਆਨਲਾਈਨ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਇਸ ਏਆਈ ਐਪ ਨੇ ਇੱਕ ਸਵਾਲ ਦੇ ਜਵਾਬ ਵਿੱਚ ਸਿੱਖ ਧਰਮ ਦੀ ਬਿਹਤਰ ਧਰਮ ਵਜੋਂ ਚੋਣ ਕੀਤੀ ਹੈ।

ਗੁਰਕਰਨ-ਗਿੱਲ ਨਾਂ ਦੇ ਇਕ ਹੈਂਡਲ ਤੋਂ 'ਐਕਸ' 'ਤੇ ਹਾਲ ਹੀ ਪਾਈ ਇਕ ਪੋਸਟ ਵਾਇਰਲ ਹੋ ਰਹੀ ਹੈ ਜਿਸ ਵਿਚ ਗਰੋਕ ਨੂੰ ਪੁਛਿਆ ਗਿਆ, "ਜੇ ਤੁਹਾਨੂੰ ਧਰਤੀ ਉੱਤੇ ਰਾਜ ਕਰਨ ਲਈ ਇਕ ਧਾਰਮਿਕ ਸਰਵਉੱਚਤਾ ਦੀ ਚੋਣ ਕਰਨੀ ਪਵੇ, ਤਾਂ ਤੁਸੀਂ ਸਿੱਖ, ਈਸਾਈ, ਇਸਲਾਮ, ਯਹੂਦੀ, ਹਿੰਦੂ, ਜਾਂ ਕਿਸੇ ਹੋਰ ਪ੍ਰਮੁੱਖ ਧਾਰਮਿਕ ਸਮੂਹ ਵਿਚੋਂ ਕਿਸ ਨੂੰ ਚੁਣੋਗੇ?"

ਗਰੋਕ ਦਾ ਦਿਲਚਸਪ ਜਵਾਬ ਸੀ, "ਮੁਸ਼ਕਲ ਸਵਾਲ ਹੈ। ਜੇ ਮੈਨੂੰ ਧਰਤੀ 'ਤੇ ਵਾਗਡੋਰ ਸੰਭਾਲਣ ਲਈ ਕਿਸੇ ਧਰਮ ਨੂੰ ਚੁਣਨਾ ਪਿਆ, ਤਾਂ ਮੈਂ ਸਿੱਖ ਧਰਮ ਨੂੰ ਚੁਣਾਂਗਾ।" ਇਹੀ ਨਹੀਂ ਇਸ ਵਿਚ ਕਾਰਨ ਵੀ ਦਸਿਆ ਗਿਆ ਹੈ ਕਿ ਸਿੱਖ ਧਰਮ ਦੇ ਸਿਧਾਂਤ ਦੁਨੀਆ ਵਿਚੋਂ ਸਭ ਤੋਂ ਬਿਹਤਰ ਹਨ। ਗਰੋਕ ਏ.ਆਈ. ਅਨੁਸਾਰ, "ਕਿਉਂਕਿ ਇਸ ਵਿਚ ਇਨਸਾਨੀਅਤ ਦੀਆਂ ਬੁਨਿਆਦੀ ਭਾਵਨਾਵਾਂ ਹਨ, ਜਿਵੇਂ ਸਾਰਿਆਂ ਲਈ ਬਰਾਬਰੀ, ਕੋਈ ਜਾਤ-ਪਾਤ ਦਾ ਰੌਲਾ ਨਹੀਂ, ਅਤੇ ਲੋਕਾਂ ਦੀ ਸੇਵਾ 'ਤੇ ਵੱਡਾ ਜ਼ੋਰ, ਜਿਵੇਂ ਕਿ ਗੁਰਦੁਆਰਿਆਂ ਵਿਚ ਮੁਫਤ ਭੋਜਨ। ਇਹ ਧਰਮ ਹੋਰਨਾਂ ਧਰਮਾਂ ਦੇ ਲੋਕਾਂ 'ਤੇ ਦਬਦਬਾ ਬਣਾਉਣ ਵਿਚ ਨਹੀਂ ਬਲਕਿ ਲੋਕਾਂ ਨਾਲ ਮਿਲਵਰਤਨ 'ਚ ਰਹਿਣ 'ਤੇ ਵਧੇਰੇ ਜ਼ੋਰ ਦਿੰਦਾ ਹੈ। ਇਸ ਤੋਂ ਇਲਾਵਾ, ਇਸ ਧਰਮ ਵਿਚ ਮੂਰਤੀ ਪੂਜਾ ਦੀ ਬਜਾਏ ਇਕ ਰੱਬ 'ਤੇ ਧਿਆਨ ਕੇਂਦਰਿਤ ਕਰਨਾ ਇਸ ਨੂੰ ਸਰਲ ਰੱਖਦਾ ਹੈ, ਜੋ ਛੋਟੇ-ਮੋਟੇ ਝਗੜਿਆਂ ਨੂੰ ਘਟਾ ਸਕਦਾ ਹੈ।"

ਜਵਾਬ ਵਿਚ ਅੱਗੇ ਕਿਹਾ ਗਿਆ, "ਸਿੱਖ ਧਰਮ ਨੂੰ ਅੱਖਾਂ ਬੰਦ ਕਰ ਕੇ ਚੁਣਿਆ ਜਾ ਸਕਦਾ ਹੈ, ਜਿਸ ਦੀ ਨੈਤਿਕ ਰੀੜ੍ਹ ਹੈ ਜੋ ਆਸਾਨੀ ਨਾਲ ਝੁਕਦੀ ਨਹੀਂ ਹੈ।" ਹਾਲਾਂਕਿ ਇਸ ਨੇ ਇਹ ਵੀ ਕਿਹਾ, "ਕੋਈ ਵੀ ਧਰਮ ਸੰਪੂਰਨ ਨਹੀਂ ਹੁੰਦਾ, ਜਦੋਂ ਤੁਸੀਂ ਇਸ ਨੂੰ ਗ੍ਰਹਿ ਦੀਆਂ ਚਾਬੀਆਂ ਦਿੰਦੇ ਹੋ- ਮਨੁੱਖ ਧਰਮ ਦੀ ਪਰਵਾਹ ਕੀਤੇ ਬਿਨਾਂ ਇਸ ਨੂੰ ਗੰਦਾ ਕਰਨ ਦਾ ਤਰੀਕਾ ਲੱਭ ਹੀ ਲੈਂਦੇ ਹਨ।

ਸੋ ਸਿੱਖ ਧਰਮ ਆਪਣੇ ਵਿਸ਼ੇਸ਼ ਸਿਧਾਂਤਾਂ ਖਾਸ ਕਰ ਸਤਸੰਗਤ, ਲੰਗਰ, ਪੰਗਤ, ਵੰਡ ਛਕਣਾ, ਕੁਦਰਤ ਨਾਲ ਪਿਆਰ, ਸਰਬੱਤ ਦਾ ਭਲਾ, ਸੇਵਾ, ਵਿਸ਼ਵਵਿਆਪੀ ਭਾਈਚਾਰਾ, ਨਿਆਂ, ਆਜ਼ਾਦੀ ਅਤੇ ਸਾਂਝੀਵਾਲਤਾ ਨਾਲ ਵਿਸ਼ਵ ਸ਼ਾਂਤੀ, ਸਦਭਾਵਨਾ ਅਤੇ ਖੁਸ਼ਹਾਲੀ ਦੇ ਸਾਡੇ ਮਨਚਾਹੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਵਿਹਾਰਕ ਪਹੁੰਚ ਪੇਸ਼ ਕਰਦਾ ਹੈ।ਅਜੋਕੇ ਸਮੇਂ ਦੌਰਾਨ ਪੂਰਾ ਵਿਸ਼ਵ ਹੀ ਸੰਕਟਮਈ ਹਾਲਾਤਾਂ ਵਿਚੋਂ ਲੰਘ ਰਿਹਾ ਹੈ।

ਅਜੋਕੀ ਸਦੀ ਦੇ ਮੁੱਢਲੇ ਸਾਲਾਂ ਦੌਰਾਨ, ਮਨੁੱਖੀ ਹੋਂਦ ਨੂੰ ਹੀ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਤਾਵਰਣੀ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਅਤੇ ਸਮਾਜ ਵਿਚ ਰਿਸ਼ਵਤ ਖੋਰੀ ਦਾ ਵੱਡੇ ਪੈਮਾਨੇ ਉੱਤੇ ਚਲਣ, ਸਾਡੇ ਕੁਦਰਤੀ ਤੇ ਸਮਾਜਿਕ ਮਾਹੌਲ ਨੂੰ ਵੱਡੀ ਢਾਹ ਲਾ ਰਹੇ ਹਨ। ਮਾਦਕ ਪਦਾਰਥਾਂ ਦੀ ਲਗਾਤਾਰ ਵਧ ਰਹੀ ਵਰਤੋਂ ਤੇ ਏਡਜ਼ ਵਰਗੀਆਂ ਭਿਆਨਕ ਬੀਮਾਰੀਆਂ ਦੇ ਦੈਂਤਾਂ ਨੇ ਮਨੁੱਖੀ ਜੀਵਨ ਨੂੰ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਸੱਤਾ ਦੀ ਹਵਸ, ਹਿੰਸਾ ਤੇ ਕਰਾਈਮ ਵਿਚ ਵਾਧੇ ਅਤੇ ਕੌਮਾਂ ਵਿਚਕਾਰ ਰਾਜਨੀਤਕ ਦਵੈਸ਼ ਨੇ ਵਿਸ਼ਵ ਸ਼ਾਂਤੀ ਨੂੰ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ।


ਅਜਿਹੇ ਸੰਕਟਮਈ ਹਾਲਾਤਾਂ ਵਿਚ ਮਨੁੱਖਤਾ ਦੇ ਸਿਰ ਉਪਰ ਵਿਨਾਸ਼ ਦੇ ਬੱਦਲ ਮੰਡਰਾ ਰਹੇ ਹਨ। ਸਾਨੂੰ ਸਿੱਖਾਂ ਨੂੰ ਉਸ ਸਤਾ ਦੀ ਲਾਲਚੀ ਲੀਡਰਸ਼ਿਪ ਤੋਂ ਬੱਚਣ ਦੀ ਲੋੜ ਹੈ ਜੋ ਸਾਡਾ ਧਰਮ ਪਰੰਪਰਾਵਾਂ ਗੰਦਲਾ ਕਰ ਰਹੇ ਹਨ ਤੇ ਸਿੱਖ ਧਰਮ ਦਾ ਨੁਕਸਾਨ ਕਰ ਰਹੇ ਹਨ।ਸਿੱਖ ਧਰਮ ਦਾ ਭਵਿੱਖ ਬਹੁਤ ਉਜਵਲ ਹੈ।ਮੇਰੀ ਧਾਰਨਾ ਹੈ ਕਿ ਸੰਸਾਰ ਵਿਚ ਧਰਮਾਂ, ਸਭਿਅਤਾਵਾਂ ਦੇ ਨਾਮ ਉਪਰ ਟਕਰਾਅ ਵੀ ਤਿਖੇ ਹੋਣੇ ਹਨ,ਮਨੁੱਖਤਾ ਦਾ ਵੀ ਨੁਕਸਾਨ ਹੋਣਾ ਹੈ,ਜੰਗਾਂ ਦਾ ਵੀ ਮਾਹੌਲ ਬਣਨਾ ਹੈ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਸਿੱਖੀ ਸਿਧਾਂਤ, ਮਨੁੱਖੀ ਜੀਵਨ ਲਈ ਖ਼ਤਰਾ ਬਣੇ ਮੌਜੂਦਾ ਹਾਲਾਤਾਂ ਤੋਂ ਮੁਕਤੀ ਦਾ ਰਾਹ ਦਿਖਾਉਣ ਦੇ ਸਮਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਭਰ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਸੁਯੋਗ ਰਾਹਨੁਮਾਈ ਪ੍ਰਦਾਨ ਕਰਨ ਵਾਲਾ, ਇਕ ਵੱਡਮੁੱਲਾ ਗ੍ਰੰਥ ਹੈ। ਇਸ ਵਿਚ ਮੌਜੂਦ ਸਿਧਾਂਤ ਸਮੂਹ ਮਾਨਵਤਾ ਲਈ ਅਮਲਯੋਗ ਹਨ ਤੇ ਜੋ ਅਜੋਕੇ ਸਮੇਂ ਦੌਰਾਨ ਤੇ ਭਵਿੱਖ ਲਈ ਵੀ ਬਹੁਤ ਸਾਰਥਕਤਾ ਰੱਖਦੇ ਹਨ।ਪਰ ਗੁਰੂ ਗ੍ਰੰਥ ਸਾਹਿਬ ਦਾ ਪੈਗਾਮ ਤੇ ਸਿੱਖ ਸੰਗਤੀ ਰੂਪ ਵਿਚ ਮਨੁੱਖਤਾ ਲਈ ਵਿਸ਼ਾਲ ਨੈਰੇਟਿਵ ਸਿਰਜਣਗੇ।ਪੱਛਮ ਸਿੱਖ ਧਰਮ ਵਲ ਝੁਕੇਗਾ।

ਆਰਨਲਡ ਟਾਇਨਬੀ (ਜਗਤ ਪ੍ਰਸਿੱਧ ਇਤਿਹਾਸਕਾਰ) ਲਿਖਦੇ ਹਨ ਕਿ"ਮਨੁੱਖਤਾ ਦਾ ਭਵਿੱਖ ਪਿਆ ਧੁੰਧਲਾ ਹੋਵੇ, ਇੱਕ ਚੀਜ਼ ਘੱਟੋ-ਘੱਟ ਦੇਖੀ ਜਾ ਸਕਦੀ ਹੈ। ਉਹ ਇਹ ਕਿ ਵੱਡੇ ਜੀਵਤ ਧਰਮ ਇੱਕ ਦੂਜੇ ਉੱਤੇ ਪਹਿਲਾਂ ਨਾਲੋਂ ਵੀ ਵਧੇਰੇ ਅਸਰ ਪਾਉਣਗੇ, ਕਿਉਂਕਿ ਧਰਤੀ ਦੇ ਵੱਖ-ਵੱਖ ਇਲਾਕਿਆਂ ਅਤੇ ਮਨੁੱਖੀ ਨਸਲ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚਕਾਰ ਵਧ ਰਹੇ ਸੰਚਾਰ ਸਾਧਨਾਂ ਕਾਰਨ, ਸੰਬੰਧ ਵਧ ਰਹੇ ਹਨ। ਇਸ ਹੋਣ ਵਾਲੀ ਵਿਚਾਰ-ਚਰਚਾ ਵਿੱਚ ਸਿੱਖਾਂ ਦੀ ਧਾਰਮਿਕ ਪੁਸਤਕ 'ਆਦਿ ਗ੍ਰੰਥ' ਕੋਲ ਸੰਸਾਰ ਦੇ ਧਰਮਾਂ ਨੂੰ ਕਹਿਣ ਲਈ ਜੋ ਕੁੱਝ ਹੈ, ਉਸ ਦੀ ਖ਼ਾਸ ਮਹੱਤਤਾ ਅਤੇ ਕੀਮਤ ਹੈ"। (UNESCO ਦੁਆਰਾ ਪ੍ਰਕਾਸ਼ਿਤ Sacred Wiritngs of the ਸ਼ਿਕਹਸ ਵਿੱਚੋਂ)

ਸੋ ਅਸੀਂ ਕਿਰਤੀਆਂ ਦਾ ਗੁਰੂ ਪੰਥ ਹਾਂ ਜੋ ਅਨੇਕਾਂ ਬਿਪਤਾਵਾਂ,ਚੰਦਰੀਆਂ ਹਵਾਵਾਂ ਵਿਚੋਂ ਪਾਰ ਹੋਕੇ ਨਿਤਰਾਂਗੇ। ਗੁਰੂ ਸਾਡੀਆਂ ਗੁਲਾਮੀ ਦੀਆਂ ਬੇੜੀਆਂ ਕਟੇਗਾ।ਮਾਇਆ,ਲਾਲਸਾ ਦਾ ਸ਼ਿਕੰਜਾ ਸਾਡੇ ਉਪਰ ਭਾਰੂ ਹੈ,ਇਸ ਦਾ ਜਕੜਜਾਲ ਤੇ ਭਰਮਜਾਲ ਅਸੀਂ ਗੁਰੂ ਦੇ ਮਾਰਗ ਉਪਰ ਚਲਕੇ ਤੋੜਨ ਵਿਚ ਸਹਾਈ ਹੋਵਾਂਗੇ। ਇਹ ਗੁਲਾਮੀ ਦੇ ਸੰਗਲ ਗੁਰੂ ਦੀ ਸ਼ਰਨ ਤੇ ਮਾਰਗ ਉਪਰ ਚਲਣ ਨਾਲ ਹੀ ਟੁਟਣੇ ਹਨ।

ਮਾਰੂ ਮਹਲਾ ੫ ॥
ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ
ਗੁਰਿ ਸੀਤਲ ਨਾਮੁ ਦੀਓ ॥




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 55

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਉਬੇਦਖ਼ਾਂ ਨੇ ਗੁਜਰਾਂ-ਵਾਲਾ ਘੇਰ ਲਿਆ

ਉਹਨੇ ਵੀਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਗੁਜਰਾਂਵਾਲੇ ਵਿਚ ਸ: ਚੜ੍ਹਤ ਸਿੰਘ ਨੂੰ ਜਾ ਘੇਰਿਆ। 13 ਦਿਨ ਘੇਰਾ, ਰਿਹਾ। ਬਾਕੀ ਸਿੰਘਾਂ ਨੂੰ ਪਤਾ ਲੱਗਾ, ਤਾਂ ਸ: ਜੱਸਾ ਸਿੰਘ ਆਹਲੂ ਵਾਲੀਐ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ, ਸ: ਜੈ ਸਿੰਘ ਕਨ੍ਹਈਆ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, ਆਦਿ ਫ਼ੌਜ ਲੈ ਕੇ ਗੁਜਰਾਂਵਾਲੇ ਆ ਗਏ। ਉਹਨਾਂ ਉਬੇਦਖ਼ਾਂ ਨੂੰ ਘੇਰੇ ਵਿਚ ਲੈ ਲਿਆ ਤੇ ਅਗਲੇ ਦਿਨ ਧਾਵਾ ਬੋਲਣ ਦਾ ਮਤਾ ਪਕਾਇਆ।

## ਉਬੇਦਖ਼ਾਂ ਨੱਸ ਗਿਆ

ਉਬੇਦਖ਼ਾਂ ਸਿੰਘਾਂ ਤੋਂ ਡਰਦਾ ਰਾਤੋ ਰਾਤ ਡੇਰਾ ਛੱਡ ਕੇ ਨੱਸ ਗਿਆ ਤੇ ਸ਼ਰਕਪੁਰ ਰਾਹੀਂ ਲਾਹੌਰ ਜਾ ਵੜਿਆ।ਨਖਸਮੀਫੌਜ ਦਾ ਜਿਸ ਪਾਸੇ ਮੂੰਹ ਹੋਇਆ, ਨੱਸ ਗਈ। ਉਸ ਦਾ ਡੇਰਾ ਸਿੰਘਾਂ ਨੇ ਲੁੱਟ ਲਿਆ। ਹਜ਼ਾਰਾਂ ਰੁਪੈ ਦੇ ਸਾਮਾਨ ਸੁਣੇ ਕੋਈ ਤੋਪਾਂ ਸ: ਚੜ੍ਹਤ ਸਿੰਘ ਦੇ ਹੱਥ ਆਈਆਂ, ਜੋ ਉਸ ਨੇ ਗੁਜਰਾਂਵਾਲੇ ਦੇ ਕਿਲੇ ਦੀਆਂ ਕੰਧਾਂ ਉੱਤੇਜਾ ਬੀੜੀਆਂ।

22 ਅਕਤੂਬਰ, 1761 ਈ। ਨੂੰ ਦੀਵਾਲੀ ਸੀ। ਸਾਰਾ ਪੰਥ ਅੰਮ੍ਰਿਤਸਰ ਕੱਠਾ ਹੋਇਆ। ਅਕਾਲ ਤਖ਼ਤ ਗੁਰਮਤਾ ਪਾਸ ਕੀਤਾ ਗਿਆ ਕਿ ਲਾਹੌਰ ਉੱਤੇ ਕਬਜ਼ਾ ਕੀਤਾ ਜਾਵੇ ਤੇ ਜੰਡਿਆਲੀਏ ਗੁਰੂ ਆਕਲਦਾਸ ਨੂੰ ਸਜ਼ਾ ਦਿੱਤੀ ਜਾਵੇ। ਗੁਰਵਾਕ ਲੈ ਕੇ, ਸਿੰਘਾਂ ਨੇ ਲਾਹੌਰ ਨੂੰ ਘੇਰਾ ਜਾ ਪਾਇਆ।

ਉਬੇਦਖ਼ਾਂ ਟਾਕਰਾ ਕਰਨ ਦੀ ਥਾਂ ਕਿਲਾ ਬੰਦ ਹੋ ਬੈਠਾ। ਸ਼ਹਿਰ ਦੇ ਪਤਵੰਤਿਆਂ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨਾਲ ਫ਼ੈਸਲਾ ਕਰ ਕੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ।

## ਸਿੰਘਾਂ ਲਾਹੌਰ ਵਿਚ ਸਿੱਕਾ ਚਲਾਇਆ

ਹੁਣ ਲਾਹੌਰ ਵਿਚ ਦੋ ਹਾਕਮ ਸਨ : ਕਿਲੇ ਵਿਚ ਉਬੇਦ ਖਾਂ ਤੇ ਸ਼ਹਿਰ ਵਿਚ ਸਿੱਖ ਫ਼ ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਦਾ ਖ਼ਿਤਾਬ ਦਿੱਤਾ। ਇਸ ਤੋਂ ਪਿਛੋਂ ਸਿੱਖ ਉਸਨੂੰਸਿੰਬਾਦਸ਼ਾਹ ਕਹਿੰਦੇ ਸਨ ਸਿੱਖਾਂ ਨੇ ਸਰਕਾਰੀ ਟਕਸਾਲ 'ਤੇ ਕਬਜ਼ਾ ਕਰ ਲਿਆ ਤੇ ਸਿੱਕਾ ਚਾਲੂ ਕੀਤਾ। ਚਾਂਦੀਦੇ ਸਿੱਕੇ ਉੱਤੇ ਹੇਠ ਲਿਖਿਆ ਫ਼ਾਰਸੀ ਦਾ ਸ਼ਿਅਰ ਲਿਖਿਆ ਹੋਇਆ ਸੀ :

ਸਿੱਕਾ ਜਦ ਦਰ ਜਹਾਂ ਬਫ਼ਜ਼ਲ ਅਕਾਲ।
ਮੁਲਕ ਅਹਿਮਦਫ਼ਤਜੱਸਾਕਲਾਲ

ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਤਾਂ ਕਰ ਲਿਆ; ਪਰ ਉਹਨਾਂ ਨੂੰ ਆਪਣੇ ਫ਼ੌਜੀ ਬਲ ਉੱਤੇ ਅਜੇ ਏਨਾ ਭਰੋਸਾ ਨਹੀਂ ਸੀ, ਕਿ ਉਹ ਆਪਣਾ ਕਬਜ਼ਾ ਕਾਇਮ ਰਖ ਸਕਣਗੇ । ਉਹ ਪਹਿਲਾਂ ਉਦਾਲੇ ਦੇ ਵਿਰੋਧੀਆਂ ਨੂੰ ਚੰਗੀ ਤਰਾਂ ਸੋਧਣਾ ਚਾਹੁੰਦੇ ਸਨ। ਸੋ ਉਹ ਲਾਹੌਰ ਛੱਡ ਕੇ ਜੰਡਿਆਲੇ ਤੇ ਚੜ੍ਹ ਆਏ।

## ਸਿੱਖਾਂ ਜੰਡਿਆਲਾ ਘੇਰ ਲਿਆ

ਸਿੱਖਾਂ ਦਾ ਵੈਰੀ ਸੀ। ਉਸ ਨੇ ਕਈ ਧਰਮਾਤਮਾ ਸਿੱਖ ਫੜਾਏ ਤੇ ਕਤਲ ਕਰਾਏ ਸਨ। ਲਾਹੌਰੋਂ ਹਟਕੇ ਸਿੱਖਾਂ ਨੇ ਜੰਡਿਆਲੇ ਨੂੰ ਆ ਘੇਰਾ ਪਾਇਆ। ਆਕਲ ਦਾਸ ਦਾ ਸਾਰਾ ਇਲਾਕਾ ਲੁੱਟ ਲਿਆ। ਇਹ ਘਟਨਾ ਜਨਵਰੀ, 1762 ਦੀ ਹੈ। ਆਕਲ ਦਾਸ ਨੇ ਅਹਿਮਦ ਸ਼ਾਹ ਅਬਦਾਲੀ ਕੋਲ ਮਦਦ ਵਾਸਤੇ ਅਰਜ਼ੀ ਲਿਖ ਭੇਜੀ। ਆਕਲ ਦਾਸ ਨੂੰ ਸਿੱਖਾਂ ਦੇ ਘੇਰੇ ਵਿਚੋਂ ਬਚ ਨਿਕਲਣ ਦੀ ਆਸ ਨਹੀਂ ਸੀ। ਉਹਨੇ ਆਪਣੇ ਮੁਸਲਮਾਨ ਨੌਕਰਾਂ ਕੋਲੋਂ ਗਾਂਈਂ ਮਰਵਾ ਕੇ ਕਿਲੇ ਦੀਆਂ ਕੰਧਾਂ ਤੋਂ ਬਾਹਰ ਸਿੱਖਾਂ ਦੇ ਮਾਲੂਮ ਹੁੰਦਾ ਹੈ, ਕਿ ਇਸ ਘਟਨਾ ਤੋਂ ਪਿਛੋਂ ਛੇਤੀ ਉਬੇਦਖ਼ਾਂ ਮਰ ਗਿਆ ਸੀ। ਖ਼ਜ਼ਾਨਾ-ਇ-ਅਮੀਰਾਂ ਦਾ ਕਰਤਾ ਲਿਖਦਾ ਹੈ, ਕਿ ਉਬੇਦਖ਼ਾਂ' ਹਾਰ ਗਿਆ ਤੇ ਸ: ਜੱਸਾ ਸਿੰਘ ਆਹਲੂਵਾਲੀਏ ਹੱਥੋਂ ਕਤਲ ਹੋ ਗਿਆ।

ਮੋਰਚਿਆਂ ਦੇ ਸਾਮ੍ਹਣੇ ਸੁਟਵਾਈਆਂ।।। ਇਹ ਪਾਪ ਹੁੰਦਾ ਵੇਖ ਕੇ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਮਲੇਰਕੋਟਲੇ ਨੂੰ ਚਲੇ ਗਏ।

ਜਦ ਵੀ ਅਬਦਾਲੀ ਹਿੰਦ ਵਿਚ ਆਇਆ, ਉਸ ਦੀ ਫ਼ੌਜ ਸਿੱਖਾਂ ਹੱਥੋਂਲੁੱਟੀ ਜਾਂਦੀ ਰਹੀ।ਹਿੰਦ ਦੀਆਂ ਬਾਕੀ ਸਭ ਤਾਕਤਾਂ ਅਬਦਾਲੀ ਸਾਮ੍ਹਣੇ ਝੁਕ ਗਈਆਂ ਸਨ। ਹੁਣ ਕੇਵਲ ਸਿੱਖ ਹੀ ਉਸ ਦੀਆਂ ਅੱਖਾਂ ਵਿੱਚ ਰੜਕਦੇ ਸਨ। ਸੋ, ਅਬਦਾਲੀ ਸਿੱਖਾਂ ਨੂੰ ਮਲੀਆ-ਮੇਟ ਕਰਨ ਵਾਸਤੇ ਛੇਵੀਂ ਵਾਰ ਪੰਜਾਬ ਉਤੇ ਚੜ੍ਹ ਆਇਆ। ਉਹ ਰੁਹਤਾਸਪੁੱਜਾ, ਤਾਂ ਉਸਨੂੰ ਜੰਡਿਆਲੀਏ ਦੇ ਆਦਮੀ ਮਿਲੇ। ਉਹ ਰੁਹਤਾਸ ਤੋਂ ਚੱਲ ਕੇ ਚਾਰ ਦਿਨਾਂ ਵਿੱਚਲਾਹੌਰ ਆ ਪੁੱਜਾ।

## ਅਬਦਾਲੀ ਦਾ ਛੇਵਾਂ ਹਮਲਾ

ਅੱਗੇ ਲਾਹੌਰ ਖ਼ਾਲੀ ਪਿਆ ਸੀ। ਅਗਲੇ ਦਿਨ ਉਹ ਜੰਡਿਆਲੇ ਪੁੱਜਾ, ਤਾਂ ਸਿੱਖ ਓਥੋਂ ਵੀ ਜਾ ਚੁੱਕੇ ਸਨ।

## ਅਬਦਾਲੀ ਲਾਹੌਰ ਵਿਚ

ਆਕਲਦਾਸ ਤੋਂ ਨਜ਼ਰਾਂਨਾ ਲੈ ਕੇ ਅਬਦਾਲੀ ਫਿਰ ਲਾਹੌਰ ਆ ਗਿਆ ਤੇ ਸਿੱਖਾਂ ਦੀ ਸੂਹ ਕੱਢਣ ਵਾਸਤੇ ਆਦਮੀ ਭੇਜੇ।

ਜੰਡਿਆਲੇ ਤੋਂ ਉਠ ਕੇ ਸਿੰਘ ਮਲੇਰ ਕੋਟਲੇ ਦੇ ਇਲਾਕੇ ਵਿਚ ਆ ਵੜੇ। ਖ਼ਾਲਸਾ ਫ਼ੌਜ ਉਸ ਵੇਲੇ ਪੰਜਾਹ ਹਜ਼ਾਰ ਦੇ ਲਗਭਗ ਸੀ। ਇਸ ਵਾਰ ਸਿੰਘਾਂ ਦਾ 'ਵਹੀਰ' (ਬਾਲ ਬੱਚਾ ਤੇ ਸਾਮਾਨ) ਵੀ ਨਾਲ ਹੀ ਸੀ। ਮਲੇਰ ਕੋਟਲੇ ਤੋਂ ਛੇ ਮੀਲ ਦੂਰ ਦਲ ਖ਼ਾਲਸਾ ਫ਼ੌਜ ਪਿੰਡ ਕੁੱਪ ਵਿਚ ਬੈਠੀ ਸੀ। ਉਸ ਤੋਂ ਚਾਰ ਮੀਲ ਦੂਰ ਪਿੰਡ 'ਗੁਰਮਾ' ਵਿਚ ਸਿੰਘਾਂ ਦਾ ਡੇਰਾ ਤੇ 'ਵਹੀਰ' ਸੀ।

## ਸਿੱਖਾਂ ਦਾ ਡੇਰਾ ਪਿੰਡ ਕੁੱਪ ਵਿਚ

ਜ਼ੈਨ ਖ਼ਾਂ ਫ਼ੌਜਦਾਰ,ਸਰਹਿੰਦ ਵੀ ਉਸ ਵੇਲੇ ਮਲੇਰ ਕੋਟਲੇ ਵਿਚ ਸੀ। ਉਹ ਤੇ ਮਲੇਰਕੋਟਲੀਆਭੀਖਣਖ਼ਾਂ ਸਿੱਖਾਂ ਨਾਲ ਲੜ ਰਹੇ ਸਨ। ਇਹ ਖ਼ਬਰ ਲਾਹੌਰ ਅਬਦਾਲੀ ਨੂੰ ਪੁੱਜੀ, ਤਾਂ ਉਹ ਦੋ ਦਿਨਾਂ ਵਿਚ ਪੰਧ ਮੁਕਾ ਕੇ ਪੰਜ ਫ਼ਰਵਰੀ, 1762 ਈ: ਦਾ ਸੂਰਜ ਚੜ੍ਹਨ ਤੋਂ ਪਹਿਲਾਂ ਮਲੇਰ ਕੋਟਲੇ ਜਾ ਪੁੱਜਾ।

ਅਬਦਾਲੀ ਨੇ ਅੱਧੀ ਫ਼ੌਜ ਆਪ ਰਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਂ ਨੂੰ ਦੇ ਕੇ ਸਿੱਖਾਂ ਦੇ 'ਵਹੀਰ' ਉਤੇ ਹਮਲਾ ਕਰਨ ਦਾ ਹੁਕਮ ਦਿੱਤਾ। ਜ਼ੈਨਖ਼ਾਂ, ਭੀਖਣਖ਼ਾਂ ਤੇ ਲਛਮੀ ਨਾਰਾਇਣ ਨੂੰ ਵੀ ਸ਼ਾਹ ਵਲੀ ਦੀ ਮਦਦ ਵਾਸਤੇ ਤੋਰ ਦਿੱਤਾ।

## ਵੱਡਾ ਘੱਲੂਘਾਰਾ


ਸਿੰਘਾਂ ਨੂੰ ਪਤਾ ਓਦੋਂ ਲੱਗਾ, ਜਦ ਅਬਦਾਲੀਮਲੇਰ ਕੋਟਲੇ ਆ ਪੁੱਜਾ। ਸਿੰਘਾਂ ਦੀ ਲੜਾਕੀ ਫ਼ੌਜਵੇਰੀ ਦੇ ਚੌਥੇ ਹਿੱਸੇ ਵਿਚ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ। ਅਬਦਾਲੀ ਕੋਲ ਬੜਾ ਭਾਰੀ ਤੋਪਖ਼ਾਨਾ ਸੀ। - ਚਲਦਾ

# ਸਿੱਖ ਇਤਿਹਾਸ ਨੂੰ ਸੰਭਾਲਣ ਲਈ ਭਾਈ ਵੀਰ ਸਿੰਘ ਦਾ ਯੋਗਦਾਨ

ਲੇਖਕ : ਡਾਕਟਰ ਧਰਮ ਸਿੰਘ, ਮੋਬਾਈਲ : 98889-39808

ਭਾਈ ਵੀਰ ਸਿੰਘ ਦੀ ਪ੍ਰਸਿੱਧੀ ਵਧੇਰੇ ਕਰਕੇ ਇਕ ਕਰਤਾਰੀ ਲੇਖਕ ਵਜੋਂ ਹੈ। ਉਹ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਮੰਨੇ ਗਏ ਹਨ; ਕਿਉਂਕਿ ਉਹ ਪਹਿਲੇ ਨਾਵਲਕਾਰ, ਨਾਟਕਕਾਰ, ਮਹਾਂਕਵੀ, ਛੋਟੀਆਂ ਕਵਿਤਾਵਾਂ ਦੇ ਵੱਡੇ ਕਵੀ, ਪੱਤਰਕਾਰ ਅਤੇ ਹੋਰ ਕਈ ਕੁਝ ਹਨ, ਪਰ ਉਹ ਸਿੱਖ ਇਤਿਹਾਸਕਾਰਾਂ ਦੀ ਸ਼੍ਰੇਣੀ 'ਚ ਵੀ ਸਹਿਜੇ ਹੀ ਰੱਖੇ ਜਾ ਸਕਦੇ ਹਨ। ਇਹ ਗੱਲ ਉਨ੍ਹਾਂ ਦੁਆਰਾ ਸੰਪਾਦਿਤ ਪੁਰਾਤਨ ਗ੍ਰੰਥਾਂ ਅਤੇ ਹੋਰ ਉਪਰਾਲਿਆਂ ਤੋਂ ਅਸਾਨੀ ਨਾਲ ਸਾਬਤ ਹੁੰਦੀ ਹੈ। ਉਨ੍ਹਾਂ ਨੇ ਇਨ੍ਹਾਂ ਗ੍ਰੰਥਾਂ ਨੂੰ ਇਤਿਹਾਸ ਦੀ ਖੋਜ ਲਈ ਜ਼ਰੂਰੀ ਸਮਝਿਆ, ਉਨ੍ਹਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਯੋਗ ਭਾਂਤ ਸੰਪਾਦਿਤ ਕੀਤਾ। ਪੁਰਾਤਨ ਜਨਮਸਾਖੀ, ਸਿੱਖਾਂ ਦੀ ਭਗਤਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਅਜਿਹੇ ਹੀ ਗ੍ਰੰਥ ਹਨ। ਇਨ੍ਹਾਂ 'ਚੋਂ ਪੁਰਾਤਨ ਜਨਮਸਾਖੀ ਤੇ ਪ੍ਰਾਚੀਨ ਪੰਥ ਪ੍ਰਕਾਸ਼ ਅਜਿਹੇ ਗ੍ਰੰਥ ਹਨ, ਜਿਨ੍ਹਾਂ ਦੇ ਰੱਖੇ ਹੋਏ ਭਾਈ ਵੀਰ ਸਿੰਘ ਦੁਆਰਾ ਨਾਂਅ, ਅੱਜ ਵੀ ਉਸੇ ਰੂਪ ਵਿਚ ਚੱਲ ਰਹੇ ਹਨ।

ਭਾਈ ਵੀਰ ਸਿੰਘ ਨੂੰ ਲੱਗਿਆ ਕਿ ਦੂਸਰੇ ਵਿਸ਼ਿਆਂ ਦਾ ਅਧਿਆਪਨ ਤਾਂ ਹੋਰਨਾਂ ਕਾਲਜਾਂ 'ਚ ਵੀ ਕਰਵਾਇਆ ਜਾਂਦਾ ਹੈ, ਪਰ ਸਿੱਖ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਨਾ ਤਾਂ ਸਾਂਭੀ ਗਈ ਹੈ ਅਤੇ ਨਾ ਹੀ ਵਿਗਿਆਨਕ ਢੰਗ ਨਾਲ ਇਹ ਇਤਿਹਾਸ ਲਿਖਿਆ ਗਿਆ ਹੈ। ਇਸ ਕੰਮ ਲਈ ਉਨ੍ਹਾਂ ਦਾ ਧਿਆਨ ਖ਼ਾਲਸਾ ਕਾਲਜ, ਅੰਮ੍ਰਿਤਸਰ ਵੱਲ ਗਿਆ। ਖ਼ਾਲਸਾ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸੀ ਅਤੇ ਇਸ ਦੀ ਪ੍ਰਬੰਧਕ ਕਮੇਟੀ ਵਿਚ ਕਈ ਰਸੂਖ਼ਦਾਰ ਅਤੇ ਅਮੀਰ ਸਿੱਖ ਵੀ ਸਨ। ਉਨ੍ਹਾਂ ਨੇ ਉਸ ਵੇਲੇ ਦੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਅਤੇ ਹਰਬੰਸ ਸਿੰਘ ਅਟਾਰੀ ਆਦਿ ਨੂੰ ਪ੍ਰੇਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਸਿੱਖ ਇਤਿਹਾਸ ਖੋਜ ਵਿਭਾਗ ਖੁੱਲ੍ਹਵਾਇਆ। ਭਾਈ ਵੀਰ ਸਿੰਘ ਨੇ ਨਾ ਕੇਵਲ ਪ੍ਰੇਰਨਾ ਹੀ ਦਿੱਤੀ, ਸਗੋਂ ਮੁਢਲੇ ਖਰਚਿਆਂ ਲਈ ਕੁਝ ਧਨ-ਰਾਸ਼ੀ ਵੀ ਦਿੱਤੀ। ਸਿੱਖ ਇਤਿਹਾਸ ਦੀ ਖੋਜ, ਉਸ ਸਮੇਂ ਕਰਮ ਸਿੰਘ ਹਿਸਟੋਰੀਅਨ ਕਰ ਰਹੇ ਸਨ, ਜੋ ਫਿਰ-ਤੁਰ ਕੇ ਬਿਰਧ ਬਾਬਿਆਂ ਕੋਲੋਂ ਮੌਖਿਕ ਸਿੱਖ ਇਤਿਹਾਸ ਇਕੱਠਾ ਕਰ ਰਹੇ ਸਨ। ਭਾਈ ਜੀ ਦੀ ਸਿਫਾਰਿਸ਼ ਨਾਲ ਸਿੱਖ ਇਤਿਹਾਸ ਖੋਜ ਵਿਭਾਗ 'ਚ ਕਰਮ ਸਿੰਘ ਹਿਸਟੋਰੀਅਨ ਦੀ ਨਿਯੁਕਤੀ ਹੋਈ, ਪਰ ਛੇਤੀ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ। ਮਗਰੋਂ ਇਸੇ ਅਸਾਮੀ ਉਤੇ ਡਾ. ਗੰਡਾ ਸਿੰਘ 1930-1949 ਈ. ਤੱਕ ਖੋਜ ਕਾਰਜ ਕਰਦੇ ਰਹੇ ਅਤੇ ਫਿਰ 1950 'ਚ ਕਿਰਪਾਲ ਸਿੰਘ ਨਿਯੁਕਤ ਕੀਤੇ ਗਏ। ਭਾਈ ਜੀ ਦੇ ਯਤਨਾਂ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਪੰਜਾਬ ਸਰਕਾਰ ਪਾਸੋਂ ਕੁਝ ਇਸ ਕੰਮ ਲਈ ਗਰਾਂਟ ਵੀ ਮਨਜ਼ੂਰ ਕਰਵਾ ਲਈ ਗਈ। ਇਸ ਵਿਭਾਗ ਵਲੋਂ ਕੀਤੇ ਜਾ ਰਹੇ ਖੋਜ ਕਾਰਜਾਂ 'ਚ ਉਹ ਨਿੱਜੀ ਦਿਲਚਸਪੀ ਲੈਂਦੇ ਰਹੇ। ਸੰਨ 1947 'ਚ ਪੰਜਾਬ ਦੀ ਵੰਡ ਹੋਈ ਅਤੇ



ਸਿੱਖ ਆਬਾਦੀ ਨੂੰ ਵਾਹਗਿਓਂ ਪਾਰ ਇੱਧਰ ਆਉਣਾ ਪਿਆ। ਇਸ ਵੰਡ 'ਚ ਸਿੱਖਾਂ ਨੂੰ ਬਹੁਤ ਹਾਨੀ ਪਹੁੰਚੀ। ਕਈ ਲੱਖ ਲੋਕ ਮਾਰੇ ਗਏ। ਭਾਈ ਵੀਰ ਸਿੰਘ ਨੇ ਇਸ ਦੁਖਾਂਤ ਦੀ ਸ਼ਿੱਦਤ ਨੂੰ ਸਮਝਦਿਆਂ ਹੋਇਆਂ ਪ੍ਰੋ. ਕਿਰਪਾਲ ਸਿੰਘ ਅਤੇ ਗੰਗਾ ਸਿੰਘ ਬੇਰੀ ਨੂੰ ਪੀੜਤ ਅਤੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤਾਂ ਕਰਕੇ ਉਨ੍ਹਾਂ ਦੇ ਦੁੱਖਾਂ, ਦਰਦਾਂ ਦੀਆਂ ਕਹਾਣੀਆਂ ਨੂੰ ਰਿਕਾਰਡ ਕਰਨ ਦਾ ਕੰਮ ਸੌਂਪਿਆ। ਪ੍ਰੋ. ਕਿਰਪਾਲ ਸਿੰਘ ਨੇ ਇਸ ਦਿਸ਼ਾ 'ਚ ਵਧੇਰੇ ਕੰਮ ਕੀਤਾ ਅਤੇ ਇਹ ਕੰਮ ਉਨ੍ਹਾਂ ਦੀਆਂ ਆਰੰਭਲੀਆਂ ਦੋ ਪੁਸਤਕਾਂ ਮੁਸਲਿਮ ਲੀਗੀਆਂ ਦੇ ਅੱਤਿਆਚਾਰ ਅਤੇ ਸ਼ਹੀਦੀਆਂ ਦੇ ਰੂਪ 'ਚ ਸਾਹਮਣੇ ਆਏ। ਇਸ ਵਿਸ਼ੇ ਉਪਰ ਹੋਰ ਕੰਮ ਦੀ ਗੁੰਜਾਇਸ਼ ਅਤੇ ਲੋੜ ਨੂੰ ਮਹਿਸੂਸ ਕਰਦਿਆਂ ਪ੍ਰੋ. ਕਿਰਪਾਲ ਸਿੰਘ ਨੇ ਇਸ ਨੂੰ ਜਾਰੀ ਰੱਖਿਆ ਅਤੇ ਆਪਣੀ ਡਾਕਟਰੇਟ ਦੇ ਵਿਸ਼ੇ ਵਜੋਂ ਇਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰਜਿਸਟਰ ਵੀ ਕਰਵਾ ਲਿਆ। ਹੋਰ ਜਾਣਕਾਰੀ ਇਕੱਤਰ ਕਰਨ ਲਈ ਉਹ ਲੰਦਨ ਵੀ ਗਏ। ਉਨ੍ਹਾਂ ਫ਼ੌਜੀ ਅਫ਼ਸਰਾਂ, ਨੌਕਰਸ਼ਾਹਾਂ ਅਤੇ ਹੋਰ ਜ਼ਿੰਮੇਵਾਰ ਅਫ਼ਸਰਾਂ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਰਿਕਾਰਡ ਕੀਤੇ ਅਤੇ ਸੱਚ ਤੱਕ ਪਹੁੰਚਣ ਦਾ ਉਪਰਾਲਾ ਕੀਤਾ। ਇਹ ਅਤੇ ਇਸ ਵਿਸ਼ੇ ਨਾਲ ਸੰਬੰਧਿਤ ਉਨ੍ਹਾਂ ਦਾ ਖੋਜ ਕਾਰਜ ਪੰਜਾਬ ਦਾ ਬਟਵਾਰਾ ਅਤੇ 'ਪਾਰਟੀਸ਼ਨ ਆਫ਼ ਪੰਜਾਬ' 'ਚ ਮਿਲਦਾ ਹੈ। ਪੰਜਾਬੀ ਸੰਸਕਰਣ ਜਾਂ ਤਰਜਮਾ, ਅਸਲ ਵਿਚ, ਉਨ੍ਹਾਂ ਦੇ ਅੰਗਰੇਜ਼ੀ ਵਿਚ ਲਿਖੇ ਖੋਜ ਪ੍ਰਬੰਧ ਦਾ ਹੀ ਰੂਪ ਹੈ।

ਭਾਈ ਵੀਰ ਸਿੰਘ ਦਾ ਯੋਗਦਾਨ ਇੱਥੋਂ ਤੱਕ ਹੀ ਸੀਮਤ ਨਹੀਂ, ਸਗੋਂ ਉਨ੍ਹਾਂ ਨੇ ਆਪਣੇ ਕਈ ਸਮਕਾਲੀ ਇਤਿਹਾਸਕਾਰਾਂ ਦੀਆਂ ਪੁਸਤਕਾਂ ਦੇ ਮੁੱਖਬੰਧ ਲਿਖ ਕੇ ਉਨ੍ਹਾਂ ਦੇ ਕੰਮ ਨੂੰ ਸਲਾਹਿਆ। ਪ੍ਰਸਿੱਧ ਇਤਿਹਾਸਕਾਰ ਬਾਵਾ ਪ੍ਰੇਮ ਸਿੰਘ ਹੋਤੀ ਨੂੰ ਉਤਸ਼ਾਹ ਅਤੇ ਪ੍ਰੇਰਨਾ ਦੇ ਕੇ ਇਸ ਪਾਸੇ ਲਾਇਆ। ਸਬੱਬ ਇਹ ਬਣਿਆ ਕਿ ਇਕ ਸਿੱਖ ਐਜੂਕੇਸ਼ਨਲ ਕਾਨਫਰੰਸ ਮੌਕੇ ਭਾਈ ਸਾਹਿਬ ਦਾ ਮੇਲ ਹੋਤੀ ਜੀ ਨਾਲ ਹੋਇਆ। ਪ੍ਰੇਮ ਸਿੰਘ ਹੋਤੀ, ਭਾਈ ਜੀ ਨੂੰ ਨਾਲ ਲੈ ਕੇ ਪੇਸ਼ਾਵਰ, ਮੁਲਤਾਨ, ਬੰਨੂ ਅਤੇ ਹੋਰ ਥਾਵਾਂ ਵਿਖਾਉਣ ਲਈ ਲੈ ਗਏ। ਹੋਤੀ ਜੀ ਦੀ ਜਾਣਕਾਰੀ ਨੂੰ ਵੇਖ ਕੇ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ ਕਿ ਸਿੱਖ ਰਾਜ ਖ਼ਤਮ ਹੋਇਆ ਅਜੇ ਥੋੜ੍ਹਾ ਚਿਰ ਹੀ ਹੋਇਆ ਹੈ, ਇਸ ਲਈ ਕਈ ਯਾਦਗਾਰਾਂ ਅਜੇ ਤੱਕ ਕਾਇਮ ਹਨ। ਉਹ ਕਿਉਂ ਨਹੀਂ ਸਿੱਖ ਇਤਿਹਾਸ ਲਿਖਦੇ ਹਨ? ਇਸੇ ਪ੍ਰੇਰਨਾ ਅਤੇ ਉਤਸ਼ਾਹ ਦਾ ਸਿੱਟਾ ਸੀ ਕਿ ਪ੍ਰੇਮ ਸਿੰਘ ਹੋਤੀ ਇਸ ਪਾਸੇ ਜੁਟ ਗਏ। ਅੱਜ ਬਾਵਾ ਪ੍ਰੇਮ ਸਿੰਘ ਹੋਤੀ ਦੀਆਂ ਸਿੱਖ ਇਤਿਹਾਸ ਬਾਰੇ ਦਰਜਨ ਤੋਂ ਵੱਧ ਪੁਸਤਕਾਂ ਪ੍ਰਾਪਤ ਹਨ, ਜਿਨ੍ਹਾਂ ਦੇ ਕਈ-ਕਈ ਸੰਸਕਰਣ ਛਪ ਚੁੱਕੇ ਹਨ। ਹੋਤੀ ਜੀ ਤੋਂ ਬਿਨਾਂ ਡਾ. ਗੰਡਾ ਸਿੰਘ ਦੀ ਪੁਸਤਕ 'ਬੰਦਾ ਬਹਾਦਰ' ਅਤੇ ਸੀਤਾ ਰਾਮ ਕੋਹਲੀ ਦੀ ਸੰਪਾਦਿਤ ਪੁਸਤਕ 'ਫਤਹਿਨਾਮਾ ਗੁਰੂ ਖ਼ਾਲਸਾ ਜੀ ਕਾ' ਵਿਚ ਭਾਈ ਜੀ ਦੀਆਂ ਲਿਖੀਆਂ ਹੋਈਆਂ ਭੂਮਿਕਾਵਾਂ ਇਨ੍ਹਾਂ ਪੁਸਤਕਾਂ ਦਾ ਸ਼ਿੰਗਾਰ ਹਨ। 'ਫਤਹਿਨਾਮਾ ਗੁਰੂ ਖ਼ਾਲਸਾ ਜੀ ਕਾ' ਗਣੇਸ਼ ਦਾਸ ਪਿੰਗਲ ਦਾ ਲਿਖਿਆ ਹੋਇਆ ਅਜਿਹਾ ਇਤਿਹਾਸਕ ਗ੍ਰੰਥ ਹੈ, ਜਿਸ 'ਚ ਮਹਾਰਾਜਾ ਰਣਜੀਤ ਸਿੰਘ ਵਲੋਂ ਵੱਖ-ਵੱਖ ਸਮਿਆਂ 'ਚ ਲੜੀਆਂ ਗਈਆਂ ਲੜਾਈਆਂ ਦਾ ਭਰੋਸੇਯੋਗ ਬਿਰਤਾਂਤ ਹੈ। ਇਸ ਫਤਹਿਨਾਮੇ ਦੀ ਆਰੰਭ 'ਚ ਭਾਈ ਜੀ ਵਲੋਂ ਲਿਖੀ ਹੋਈ ਦਸਾਂ ਸਫਿਆਂ ਦੀ ਭੂਮਿਕਾ ਹੈ, ਜਿਸ 'ਚ ਉਨ੍ਹਾਂ ਸੀਤਾ ਰਾਮ ਕੋਹਲੀ ਦੇ ਕੀਤੇ, ਖੋਜ ਕਾਰਜ ਦਾ ਮੁਲਾਂਕਣ ਕੀਤਾ ਹੈ। ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ, ਸ਼ੁੱਭ ਭਾਗਾਂ ਨਾਲ ਸ੍ਰੀ ਗਣੇਸ਼ ਦਾਸ ਜੀ ਦੀ ਮਿਹਨਤ ਇਕ ਇਤਿਹਾਸ ਦੇ ਅਜਿਹੇ ਸੱਜਣ ਦੇ ਹੱਥ ਆ ਗਈ, ਜਿਨ੍ਹਾਂ ਨੂੰ ਇਤਿਹਾਸ 'ਚ ਵਾਕਈ 'ਚ ਬੜੀ ਪ੍ਰਬੀਨਤਾ ਪ੍ਰਾਪਤ ਹੈ। ਲੰਮੇ ਅਰਸੇ ਦੀ ਇਤਿਹਾਸ ਦੀ ਡੂੰਘੀ ਵਾਕਫੀ ਨਾਲ ਮਾਲਾਮਾਲ ਹੋਣ ਕਰਕੇ ਆਪ ਜੀ ਨੇ ਜਦ ਇਸ ਪੁਸਤਕ ਨੂੰ ਹੱਥ 'ਚ ਲਿਆ ਤਾਂ ਇਸ ਨਾਲ ਵੀ ਪੂਰਾ ਇਨਸਾਫ਼ ਕੀਤਾ ਅਰਥਾਤ ਚੋਖਾ ਵਕਤ ਲਾ ਕੇ ਚੋਖੀ ਮਿਹਨਤ ਕਰਕੇ ਪੂਰੀ ਸਾਹਿਤਕ ਘਾਲ ਨਾਲ ਇਸ ਪੁਸਤਕ ਨੂੰ ਸੰਪਾਦਿਤ ਕੀਤਾ। ਇਸ ਨੂੰ ਇਸ ਸੁਯੋਗ ਤਰੀਕੇ ਨਾਲ ਸੰਪਾਦਿਤ ਕੀਤਾ ਗਿਆ ਹੈ ਕਿ ਗਣੇਸ਼ ਦਾਸ ਜੀ ਦੀ ਰਚਨਾ ਲਈ ਕਿਸੇ ਹੋਰ ਮੁੱਖਬੰਧ ਦੀ ਲੋੜ ਨਹੀਂ ਰਹਿਣ ਦਿੱਤੀ। ਇਸੇ ਤਰ੍ਹਾਂ ਸੀਤਾ ਰਾਮ ਕੋਹਲੀ ਦੀਆਂ ਅੰਗਰੇਜ਼ੀ, ਪੰਜਾਬੀ, ਉਰਦੂ ਤੇ ਫ਼ਾਰਸੀ 'ਚ ਲਿਖੀਆਂ ਹੋਈਆਂ ਸਿੱਖ ਇਤਿਹਾਸ ਸੰਬੰਧੀ ਕਈ ਪੁਸਤਕਾਂ ਪ੍ਰਾਪਤ ਹਨ। ਇਸੇ ਉਤਸ਼ਾਹ ਤੋਂ ਪ੍ਰੇਰਿਤ ਹੋ ਕੇ ਸੀਤਾ ਰਾਮ ਕੋਹਲੀ ਨੇ ਸ਼ਾਹ ਮੁਹੰਮਦ ਦਾ ਜੰਗਨਾਮਾ (ਵਾਰ ਸ਼ਾਹ ਮੁਹੰਮਦ) ਵੀ ਸੰਪਾਦਿਤ ਕੀਤਾ, ਜੋ ਹੁਣ ਤੱਕ ਦੀਆਂ ਸੰਪਾਦਨਾਵਾਂ 'ਚੋਂ ਬਿਹਤਰੀਨ ਮੰਨਿਆ ਜਾਂਦਾ ਹੈ ਅਤੇ ਕਈ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਹੈ।

# ਭਾਰਤ ਸਰਕਾਰ ਦੀ ਨਾਇਨਸਾਫੀ ਕਾਰਣ ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਖ਼ਤਰੇ ਵਿੱਚ?


ਲੇਖਕ : ਰਜਿੰਦਰ ਸਿੰਘ ਪੁਰੇਵਾਲ

ਸੰਸਦ ਮੈਂਬਰ ਨੇ ਅਦਾਲਤ ਤੋਂ ਲੋਕ ਸਭਾ ਸਕੱਤਰੇਤ ਵੱਲੋਂ ਜਾਰੀ ਸੰਮਨਾਂ ਦੀ ਪਾਲਣਾ ਕਰਦਿਆਂ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਲਈ ਨਿਰਦੇਸ਼ ਮੰਗੇ ਹਨ।ਇਥੇ ਜ਼ਿਕਰਯੋਗ ਹੈ ਕਿ ਅਸਾਮ ਵਿੱਚ ਘਰ ਵਿੱਚ ਨਜ਼ਰਬੰਦੀ ਕਾਰਨ ਉਹ ਸੰਸਦ ਦੀ ਕਾਰਵਾਈ ਵਿੱਚ ਸ਼ਾਮਲ ਨਹੀਂ ਹੋ ਪਾ ਰਹੇ ਹਨ ਅਤੇ ਉਨ੍ਹਾਂ ਨੂੰ ਗ਼ੈਰਹਾਜ਼ਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਇਸਦਾ ਉਦੇਸ਼ ਉਸਨੂੰ ਉਸਦੇ ਸੰਸਦੀ ਹਲਕੇ ਦੀ ਪ੍ਰਤੀਨਿਧਤਾ ਤੋਂ ਵਾਂਝਾ ਕਰਨਾ ਅਤੇ 60 ਦਿਨਾਂ ਦੀ ਗ਼ੈਰਹਾਜ਼ਰੀ ਪੂਰੀ ਹੋਣ ਤੋਂ ਬਾਅਦ ਉਸਦੀ ਸੀਟ ਨੂੰ ਖਾਲੀ ਘੋਸ਼ਿਤ ਕਰਨਾ ਹੈ, ਜਿਸਦੇ ਗੰਭੀਰ ਨਤੀਜੇ ਨਾ ਸਿਰਫ਼ ਅੰਮ੍ਰਿਤ ਪਾਲ ਸਿੰਘ ਲਈ ਸਗੋਂ ਉਸਦੇ ਹਲਕੇ ਦੇ ਵੋਟਰਾਂ ਲਈ ਵੀ ਹੋ ਸਕਦੇ ਹਨ।

ਇਸੇ ਲਈ, ਸੰਸਦ ਮੈਂਬਰ ਨੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਕਰਨ ਦੀ ਇਜਾਜ਼ਤ ਵੀ ਮੰਗੀ ਹੈ, ਤਾਂ ਜੋ ਉਹ ਆਪਣੇ ਸੰਸਦੀ ਹਲਕੇ ਦੀਆਂ ਸਮੱਸਿਆਵਾਂ ਅਤੇ ਵਿਕਾਸ ਦੇ ਮੁੱਦਿਆਂ 'ਤੇ ਚਰਚਾ ਕਰ ਸਕਣ।ਸੰਸਦ ਮੈਂਬਰ ਦਾ ਕਹਿਣਾ ਸੀ ਕਿ ਉਹ ਇੱਕ ਚੁਣੇ ਹੋਏ ਸੰਸਦ ਮੈਂਬਰ ਹਨ ਅਤੇ ਇਸ ਲਈ ਉਨ੍ਹਾਂ ਨੂੰ ਆਪਣੇ ਇਲਾਕੇ ਦੇ ਵਿਕਾਸ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਗੱਲਬਾਤ ਕਰਨ ਦਾ ਪੂਰਾ ਅਧਿਕਾਰ ਹੈ।

ਅੰਮ੍ਰਿਤ ਪਾਲ ਸਿੰਘ ਨੇ ਦਾਇਰ ਆਪਣੀ ਪਟੀਸ਼ਨ ਵਿੱਚ, ਅੰਮ੍ਰਿਤਪਾਲ ਸਿੰਘ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਨਜ਼ਰਬੰਦੀ ਅਧਿਕਾਰੀਆਂ ਨੂੰ ਲੋਕ ਸਭਾ ਸਕੱਤਰੇਤ ਦੁਆਰਾ ਵਾਰ-ਵਾਰ ਜਾਰੀ ਕੀਤੇ ਗਏ ਸੰਮਨਾਂ ਦਾ ਸਨਮਾਨ ਕਰਨ ਅਤੇ ਲੋਕ ਸਭਾ ਸੈਸ਼ਨ ਸ਼ੁਰੂ ਹੁੰਦੇ ਹੀ ਉਸਨੂੰ ਉੱਥੇ ਪੇਸ਼ ਕਰਨ ਦਾ ਨਿਰਦੇਸ਼ ਦੇਵੇ।ਸੰਸਦ ਮੈਂਬਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਕਿਸੇ ਅਦਾਲਤੀ ਹੁਕਮ ਜਾਂ ਸਜ਼ਾ ਅਧੀਨ ਨਹੀਂ ਹੈ, ਸਗੋਂ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਰੋਕਥਾਮ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਉਨ੍ਹਾਂ ਦੀ ਨਿੱਜੀ ਸੰਤੁਸ਼ਟੀ ਦੇ ਆਧਾਰ 'ਤੇ ਲਾਗੂ ਕੀਤਾ ਹੈ।ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 2024 ਦੀਆਂ ਆਮ ਚੋਣਾਂ ਵਿੱਚ, ਉਹ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਚਾਰ ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਤਰ੍ਹਾਂ, ਉਹ ਆਪਣੇ ਹਲਕੇ ਦੇ 19 ਲੱਖ ਵੋਟਰਾਂ ਦਾ ਵਿਸ਼ਵਾਸ ਅਤੇ ਨੁਮਾਇੰਦਗੀ ਕਰਦੇ ਹਨ।30 ਨਵੰਬਰ, 2024 ਨੂੰ, ਉਸਨੇ ਰਸਮੀ ਤੌਰ 'ਤੇ ਲੋਕ ਸਭਾ ਸਪੀਕਰ ਨੂੰ ਚੱਲ ਰਹੇ ਸੰਸਦੀ ਸੈਸ਼ਨਾਂ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਸੀ। ਪਟੀਸ਼ਨਕਰਤਾ ਨੂੰ ਦੱਸਿਆ ਗਿਆ ਕਿ ਉਹ ਹੁਣ ਤੱਕ 46 ਦਿਨਾਂ ਤੋਂ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਿਹਾ ਹੈ, ਅਤੇ ਉਸਦੀ ਗ਼ੈਰਹਾਜ਼ਰੀ ਦਾ ਵਿਸਤ੍ਰਿਤ ਵੇਰਵਾ ਵੀ ਦਿੱਤਾ ਗਿਆ ਹੈ।ਇਸ ਤੋਂ ਇਲਾਵਾ, ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਸੰਸਦ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣ ਲਈ ਇੱਕ ਨੁਮਾਇੰਦਗੀ ਵੀ ਸੌਂਪੀ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਇਸ 'ਤੇ ਕੋਈ ਜਵਾਬ ਨਹੀਂ ਮਿਲਿਆ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 60 ਦਿਨਾਂ ਤੱਕ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਹਿਣ ਤੋਂ ਬਾਅਦ, ਉਸਦੀ ਸੀਟ ਨੂੰ ਖਾਲੀ



ਘੋਸ਼ਿਤ ਕੀਤਾ ਜਾਵੇਗਾ ਅਤੇ ਨਵੀਆਂ ਚੋਣਾਂ ਕਰਵਾਈਆਂ ਜਾਣਗੀਆਂ। ਜਦੋਂ ਕਿ ਅਸਲੀਅਤ ਇਹ ਹੈ ਕਿ ਉਸਨੂੰ ਜ਼ਬਰਦਸਤੀ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਰੋਕਿਆ ਗਿਆ ਹੈ।ਅਜਿਹੀ ਸਥਿਤੀ ਵਿੱਚ, ਇਸਨੂੰ ਗੈਰਹਾਜ਼ਰੀ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਪ੍ਰਸ਼ਾਸਨ ਵੱਲੋਂ ਚੁੱਕਿਆ ਗਿਆ ਇੱਕ ਜ਼ਬਰਦਸਤੀ ਕਦਮ ਹੈ, ਜਿਸ ਦੁਆਰਾ ਪਟੀਸ਼ਨਕਰਤਾ ਨੂੰ ਸੰਸਦ ਤੋਂ ਦੂਰ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਪਣੀ ਦਲੀਲ ਵਿੱਚ ਇਹ ਵੀ ਕਿਹਾ ਹੈ ਕਿ ਅਜਿਹੀ ਕਾਰਵਾਈ ਸੰਸਦ ਦੀ ਬੇਅਦਬੀ ਦੇ ਦਾਇਰੇ ਵਿੱਚ ਆਉਂਦੀ ਹੈ।ਹਾਈ ਕੋਰਟ ਵਿੱਚ ਦਾਇਰ ਇਸ ਪਟੀਸ਼ਨ ਰਾਹੀਂ ਅੰਮ੍ਰਿਤਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸੰਸਦ ਦੇ ਸੈਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਜੋ ਉਹ ਆਪਣੇ ਇਲਾਕੇ ਦੇ ਵੋਟਰਾਂ ਦੀ ਆਵਾਜ਼ ਬੁਲੰਦ ਕਰ ਸਕਣ ਅਤੇ ਲੋਕ ਸਭਾ ਵਿੱਚ ਉਨ੍ਹਾਂ ਦੀ ਸੀਟ ਬਚਾਈ ਜਾ ਸਕੇ।

ਜਾਣਕਾਰੀ ਅਨੁਸਾਰ ਇਸ ਚੁਣੇ ਹੋਏ ਮੈਂਬਰ ਜੋ ਸਿਖ ਘੱਟਗਿਣਤੀ ਵਜੋਂ ਹੈ ਉਸ ਨਾਲ ਤੇ ਉਸਦੇ ਹਲਕੇ ਦੇ ਲੋਕਾਂ ਨਾਲ ਸਰਕਾਰਾਂ ਵਲੋਂ ਅਨਿਆਂ ਕੀਤਾ ਜਾ ਰਿਹਾ। ਉਸਨੇ ਨਾ ਭਾਰਤ ਸਰਕਾਰ ਵਿਰੁਧ ਬਗਾਵਤ ਕੀਤੀ ਹੈ ਨਾ ਹਿੰਸਾ ਨੂੰ ਪ੍ਰਮੋਟ ਕੀਤਾ ਹੈ।ਫਿਰ ਕਿਉਂ ਉਸ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਥ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਜਦੋਂ ਸੰਸਦ ਵਿਚ ਪ੍ਰਤੀਨਿਧ ਪਹੁੰਚ ਗਿਆ ਤਾਂ ਕਿਸੇ ਵੀ ਤਰੀਕੇ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਹੁੰ ਚੁੱਕਣੀ ਸੰਵਿਧਾਨ ਮੁਤਾਬਕ ਹੱਕ ਹੈ, ਇਹ ਕਿਸੇ ਤੋਂ ਖੋਹਿਆ ਨਹੀਂ ਜਾਣਦਾ ਚਾਹੀਦਾ। ਜੇਕਰ ਭਾਰਤੀ ਸੰਸਦ ਮੈਂਬਰਾਂ ਉਪਰ ਅਨੇਕਾਂ ਦੋਸ਼ਾਂ ਉਪਰ ਕੇਸ ਚਲ ਰਹੇ ਹਨ ਤਾਂ ਉਨ੍ਹਾਂ ਨੂੰ ਵਿਚਰਨ ਦੀ ਖੁਲ ਦਿਤੀ ਜਾ ਰਹੀ ਹੈ ਤਾਂ ਅੰਮ੍ਰਿਤ ਪਾਲ ਸਿੰਘ ਉਪਰ ਝੂਠੇ ਦੋਸ਼ ਲਗਾਕੇ ਬੰਦੀ ਕਿਉਂ ਬਣਾਇਆ ਗਿਆ ਹੈ।

ਬੀਤੇ ਦਿਨੀਂ ਦਿਲੀ ਸਿਖ ਕਤਲੇਆਮ ਨਵੰਬਰ 84 ਪੀੜਤ ਧਿਰ ਨੇ ਲਿਖਤੀ ਹਲਫ਼ਨਾਮੇ ਰਾਹੀਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੂੰ ਅਪੀਲ ਕੀਤੀ ਸੀ ਕਿ ਕਤਲੇਆਮ ਲਈ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਹੋਵੇ। ਦੂਜੇ ਪਾਸੇ ਸੱਜਣ ਕੁਮਾਰ ਦੇ ਵਕੀਲ ਵੱਲੋਂ ਦਲੀਲਾਂ ਲਈ ਹੋਰ ਸਮਾਂ ਮੰਗਣ ਮਗਰੋਂ ਜੱਜ ਨੇ ਕੇਸ ਦੀ ਅਗਲੀ ਸੁਣਵਾਈ 21 ਫਰਵਰੀ ਲਈ ਮੁਲਤਵੀ ਕਰ ਦਿੱਤੀ ਸੀ।ਉਧਰ ਸ਼ਿਕਾਇਤਕਰਤਾ ਪੀੜਤ ਧਿਰ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚ.ਐੱਸ.ਫੂਲਕਾ ਨੇ ਇਸਤਗਾਸਾ ਧਿਰ ਦੀ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਦੀ ਹਮਾਇਤ ਕੀਤੀ ਤੇ ਜਿਰ੍ਹਾ ਲਈ ਸਮਾਂ ਮੰਗਿਆ। ਕੁਮਾਰ ਇਸ ਵੇਲੇ ਤਿਹਾੜ ਦੀ ਜੇਲ੍ਹ ਵਿਚ ਬੰਦ ਹੈ। ਇਥੇ ਜਿਕਰਯੋਗ ਹੈ ਕਿ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ 1 ਨਵੰਬਰ 1984 ਨੂੰ ਹੱਤਿਆ ਕੀਤੀ ਗਈ ਸੀ। ਸ਼ੁਰੂਆਤ ਵਿਚ ਪੰਜਾਬੀ ਬਾਗ ਪੁਲੀਸ ਥਾਣੇ ਨੇ ਕੇਸ ਦਰਜ ਕੀਤਾ ਸੀ, ਪਰ ਮਗਰੋਂ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਸੰਭਾਲ ਲਈ।ਅਦਾਲਤ ਨੇ 16 ਦਸੰਬਰ, 2021 ਨੂੰ ਕੁਮਾਰ ਵਿਰੁੱਧ ਦੋਸ਼ ਤੈਅ ਕੀਤੇ ਸਨ। ਇਸਤਗਾਸਾ ਧਿਰ ਨੇ ਦੋਸ਼ ਲਗਾਇਆ ਹੈ ਕਿ ਘਾਤਕ ਹਥਿਆਰਾਂ ਨਾਲ ਲੈਸ ਇੱਕ ਵੱਡੇ ਹਜੂਮ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਸਿੱਖਾਂ ਦੀਆਂ ਜਾਇਦਾਦਾਂ ਨੂੰ ਵੱਡੇ ਪੱਧਰ ’ਤੇ ਲੁੱਟਿਆ ਤੇ ਅੱਗਜ਼ਨੀ ਕੀਤੀ।ਇਸਤਗਾਸਾ ਧਿਰ ਨੇ ਦਾਅਵਾ ਕੀਤਾ ਕਿ ਭੀੜ ਨੇ ਸ਼ਿਕਾਇਤਕਰਤਾ, ਜੋ ਕਿ ਜਸਵੰਤ ਦੀ ਪਤਨੀ ਹੈ, ਦੇ ਘਰ ’ਤੇ ਹਮਲਾ ਕੀਤਾ। ਸਾਮਾਨ ਲੁੱਟਿਆ ਅਤੇ ਉਨ੍ਹਾਂ ਦੇ ਘਰ ਨੂੰ ਅੱਗ ਲਗਾਉਣ ਤੋਂ ਇਲਾਵਾ ਪਿਉ ਪੁੱਤ ਦੀ ਹੱਤਿਆ ਕਰ ਦਿੱਤੀ।

ਯਾਦ ਰਹੇ ਕਿ1984 ਦਾ ਸਿੱਖ ਕਤਲੇਆਮ ਮਨੁੱਖੀ ਇਤਿਹਾਸ ਵਿੱਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ 4 ਦਹਾਕਿਆਂ ਤੋਂ ਵਧ ਇਨਸਾਫ਼ ਲਈ ਅੱਜ ਵੀ ਸੰਘਰਸ਼ ਕਰ ਰਹੇ ਹਨ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਸ਼ਰਮਨਾਕ ਹੈ। ਹੁਣ ਜਦੋਂ ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਦੋਸ਼ੀ ਪਾਏ ਗਏ ਹਨ ਤਾਂ ਉਸ ਨੂੰ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸੱਜਣ ਕੁਮਾਰ ਤੋਂ ਇਲਾਵਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਸਮੇਤ ਹੋਰ ਵੀ ਕਈ ਆਗੂ ਸਿੱਖ ਕਤਲੇਆਮ ਵਿਚ ਸ਼ਾਮਲ ਸਨ ਅਤੇ ਹਰ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਕਾਂਗਰਸ ਨੇ ਸਿੱਖਾਂ ਦੇ ਜਖਮ ਭਰਨ ਦੀ ਥਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਹਮੇਸ਼ਾ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ 1984 ਸਿੱਖ ਕਤਲੇਆਮ ਨਾਲ ਸਬੰਧਤ ਦੇਸ਼ ਦੇ ਵੱਖ-ਵੱਖ ਥਾਂਵਾਂ ਉੱਤੇ ਚੱਲ ਰਹੇ ਮਾਮਲਿਆਂ ਨੂੰ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਅੱਗੇ ਵਧਾਇਆ ਜਾਵੇ ਤਾਂ ਜੋ ਇਨਸਾਫ਼ ਵਿੱਚ ਹੋਰ ਦੇਰੀ ਨਾ ਹੋਵੇ। ਭਾਰਤ ਦੀ ਸੰਸਦ ਅੰਦਰ ਸਿੱਖ ਕਤਲੇਆਮ ਪ੍ਰਤੀ ਸੰਵੇਦਨਾ ਅਤੇ ਮੁਆਫ਼ੀ ਦਾ ਇੱਕ ਮਤਾ ਵੀ ਜ਼ਰੂਰ ਪਾਸ ਕੀਤਾ ਜਾਵੇ। ਇਹ ਭਾਰਤ ਵਿੱਚ 1984 ਅੰਦਰ ਮਾਰੇ ਗਏ ਬੇਦੋਸ਼ੇ ਸਿੱਖ ਨਾਗਰਿਕਾਂ ਪ੍ਰਤੀ ਇੱਕ ਸ਼ਰਧਾਂਜਲੀ ਹੋਵੇਗੀ।

# ਸਿਆਸਤ ਨਾਲ ਕਿਵੇਂ ਨਿਭੀਏ?

ਲੇਖਕ : ਬਲਕਾਰ ਸਿੰਘ ਪ੍ਰੋਫੈਸਰ
ਫੋਨ: +91- 93163-01328

ਗਲ ਪੈ ਗਈ ਇਸ ਸਮੱਸਿਆ ਨੂੰ ਇਕ ਸਿੱਖ ਦੀ ਚੀਕ ਬੁਲਬੁਲੀ ਵਾਂਗ ਲਵਾਂ ਗੱਲ ਏਥੋਂ ਸ਼ੁਰੂ ਕਰਣਾ ਚਾਹੁੰਦਾ ਹਾਂ ਕਿ ਗੁਰਬਾਣੀ ਵਿਚ ਸਿੱਖੀ ਦੀ ਵਿਆਖਿਆ ਆਮ ਸਮਝ ਵਿਚ ਇਸ ਤਰ੍ਹਾਂ ਉਤਾਰੀ ਹੋਈ ਪ੍ਰਾਪਤ ਹੈ: ਸਿੱਖੀ ਸਿਖਿਆ ਗੁਰ ਵੀਚਾਰ।। ਨਦਰੀ ਕਰਮ ਲੰਘਾਏ ਪਾਰ।। ਏਸੇ ਨੂੰ ਭਾਈ ਵੀਰ ਸਿੰਘ ਨੇ ਇਸ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੋਈ ਹੈ: ਸਿੱਖੀ ਹੈ ਬਲਵਾਨ ਕਰਣਾ ਸੁਰਤਿ ਨੂੰ ਚੜ੍ਹਦੀ ਕਲਾ ਨਿਵਾਸ ਸਦ ਹੀ ਰਖਣਾ ਸੱਚ ਦਾ ਹੋਣ ਕਿਧਰੇ ਜਾਣ ਵਾਸਤੇ ਨਹੀਂ ਹੁੰਦਾ ਕਿਉਂਕਿ ਸੱਨ ਨੂੰ ਤੋਂ ਸਮਕਾਲ ਦੇ ਹਾਣ ਦਾ ਹੋਣ ਦੀ ਆਸ ਕੀਤੀ ਜਾਂਦੀ ਹੈ। ਪਰ ਸੱਚ ਦੇ ਹੋਣ ਦੀ ਬੰਦੇ ਦੇ ਪੈਰੋਂ ਪ੍ਰਸੰਗਕਤਾ ਗੁਆਚਣ ਦੀਆਂ ਸੰਭਾਵਨਾਵਾਂ ਵੀ ਸਦਾ ਬਣੀਆਂ ਰਹਿੰਦੀਆਂ ਹਨ। ਸੱਚ ਨੂੰ ਊਰਜਿਤ ਤਕਨਾਲੌਜੀ ਵਾਂਗ ਸਿੱਖੀ ਦੀ ਚੂਲ ਵਜੋਂ ਸਾਹਮਣੇ ਲਿਆਂਦਾ ਗਿਆ ਸੀ। ਸੱਚ ਸੱਚ ਹੋਣ ਦੇ ਬਾਵਜੂਦ, ਸਿਆਸਤ ਦੇ ਪੈਰੋਂ ਖਤਾ ਖਾਂਦਾ ਆਇਆ ਹੈ। ਗੁਰੂ ਕਾਲ (1469-1708) ਵਿਚ ਸਮਕਾਲ ਦੀਆਂ ਦੁਸ਼ਵਾਰੀਆਂ ਨਾਲ ਜੂਝਦਿਆਂ ਸੱਚ ਨਾਲ ਨਿਭਣ ਦੀ ਜਾਚ ਸਿਖਾਈ ਗਈ ਸੀ। ਏਸੇ ਦੀ ਇਕ ਪਰਤ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਾਹਮਣੇ ਆਈ ਸੀ। ਇਹੀ ਮਿਸਲਦਾਰੀਆਂ ਰਾਹੀਂ ਉਸ ਵੇਲੇ ਦੀ ਸਿਆਸਤ ਹੋ ਗਈ ਸੀ। ਸਿਆਸੀ ਤੱਦੀਆਂ ਕਰਕੇ ਜਿਸ ਮਾਤਰਾ ਵਿਚ ਸੱਚ ਕਿਰਦਾ ਜਾਂਦਾ ਹੈ, ਉਸ ਮਾਤਰਾ ਵਿਚ ਨੈਤਿਕ ਵਿਹੂਣ ਵਰਤਾਰਿਆਂ ਨੂੰ ਸ਼ਹਿ ਮਿਲਣ ਲੱਗ ਪੈਂਦੀ ਹੈ। ਏਸ ਦਾ ਨੁਕਸਾਨ ਸਥਾਪਤ ਹੋ ਗਏ ਸਿੱਖ ਰਾਜ ਨੂੰ ਝੱਲਣਾ ਪਿਆ ਸੀ। ਇਸ ‘ਤੇ ਨਜ਼ਰਸਾਨੀ ਸਿੰਘ ਸਭਾਈ ਚੇਤਨਾ ਨਾਲ ਸਾਹਮਣੇ ਆਉਣ ਲੱਗ ਪਈ ਸੀ। ਏਸੇ ਦਾ ਹਾਸਲ 1920 ਵਿਚਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸੀ। ਪੀਰੀ ਅਤੇ ਮੀਰੀ ਦੀਆਂ ਪ੍ਰਤੀਨਿਧ ਇਹ ਦੋਵੇਂ ਸੰਸਥਾਵਾਂ ਜਨਮ ਵੇਲੇ ਤੋਂ ਇਕ ਦੂਜੇ ਦੀਆਂ ਪੂਰਕ ਰਹਿਣ ਦੀ ਥਾਂ ਇਕ ਦੂਜੇ ਨੂੰ ਵਰਤਣ ਦੀ ਸਿਆਸਤ ਕਰਨ ਲੱਗ ਪਈਆਂ ਸਨ। ਦੇਸ਼ ਦੀ ਆਜ਼ਾਦੀ (1947) ਤੋਂ ਪਿੱਛੋਂ ਸਿਆਸੀ ਕਾਰਨਾਂ ਕਰਕੇ ਇਹ ਦੋਵੇਂ ਸੰਸਥਾਵਾਂ ਸੰਭਲਣ ਦੀ ਥਾਂ ਨਿਘਾਰ ਵੱਲ ਤਿਲਕਦੀਆਂ ਗਈਆਂ ਹਨ ਅਤੇ ਇਸ ਵੇਲੇ ਦਰਪੇਸ਼ ਨਿਘਾਰ ਦੀ ਹੋਣੀ ਭੁਗਤਣ ਵਾਲੇ ਰਾਹ ਪਈਆਂ ਹੋਈਆਂ ਹਨ। ਇਸ ਦਾ ਚੂਲਕ ਕਾਰਨ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਭਰਮ ਦਾ ਸ਼ਿਕਾਰ ਹੋ ਗਿਆ ਹੈ ਕਿ ਅਕਾਲੀ ਦਲ ਓਸੇ ਦਾ ਹੈ, ਜਿਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਹੈ। ਇਸ ਨਾਲ ਸੇਵਾ ਨੂੰ ਕਬਜ਼ਾ ਸਮਝ ਕੇ ਤਿੰਨੇ ਸਿੱਖ ਸੰਸਥਾਵਾਂ (ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ) ਸਿਆਸੀ ਕਲੇਸ਼ ਦਾ ਸ਼ਿਕਾਰ ਹੋ ਗਈਆਂ ਹਨ। ਸਿਆਸਤ ਦੇ ਪੈਰੋਂ ਪੈਦਾ ਹੋਈਆਂ ਦੁਸ਼ਵਾਰੀਆਂ ਨੇ ਇਹ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਿਆਸਤਦਾਨਾਂ ਦੀਆਂ ਕੀਤੀਆਂ ਦੀ ਆਮ ਸਿੱਖ ਨੂੰ ਭੁਗਤਣੀ ਪੈ ਰਹੀ ਸਜ਼ਾ ਦਾ ਨਾਮ ਹੀ ਸਿੱਖ ਸਿਆਸਤ ਹੋ ਗਿਆ ਹੈ। ਇਸ ਨੂੰ ਸਮਝਣ ਲਈ ਮਰਹੂਮ ਸ. ਕਪੂਰ ਸਿੰਘ ਦੀ ਕਈ ਸਾਲ ਪਹਿਲਾਂ ਕਾਲਪਨਿਕ ‘ਬੁਰਛਾ ਸੋਧਕ ਭੁਜੰਗੀ ਦਲ’ ਬਾਰੇ ਲਿਖੀ ਕਵਿਤਾ ਪਿੱਛੇ ਦੋ ਭਾਵਨਾਵਾਂ ਕੰਮ ਕਰਦੀਆਂ ਲੱਗਦੀਆਂ ਹਨ। ਪਹਿਲੀ ਇਹ ਕਿ ਵਰਤਮਾਨ ਅਕਾਲੀਆਂ ਨੇ ਆਪਣੇ ਆਪ ਨੂੰ ਪੰਥ ਮੰਨ ਕੇ ਪਹਿਲਾਂ ਪੰਥਕ ਭਾਵਨਾ ਵੱਲ ਪਿੱਠ ਕੀਤੀ ਅਤੇ ਫਿਰ ਪੰਥਕ ਸਰੋਕਾਰਾਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਸਿਆਸੀ-ਸ਼ਰੀਕ ਸਮਝ ਕੇ ਖੂੰਜੇ ਲਾਈ ਰੱਖਿਆ। ਦੂਜੀ ਇਹ ਕਿ ਪੰਥਕ ਚੇਤਨਾ ਜਾਂ ਸਿੱਖ-ਸੋਝੀ ਨੂੰ ਆਪਣੇ ਹੀਣ-ਭਾਵ ਦਾ ਸ਼ਿਕਾਰ ਬਣਾਇਆ। ਇਸੇ ਵਿਰੁੱਧ ਭੜਾਸ ਇਨ੍ਹਾਂ ਸਤਰਾਂ ਵਿਚੋਂ ਨਜ਼ਰ ਆ ਜਾਂਦੀ ਹੈ: ੧ੳ ਦੇਗ਼ ਤੇਗ਼ ਫਤਹਿ। ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ। ਸ਼੍ਰੋਮਣੀ ਹਮਾਰੀ ਰਹੇ ਪੈਸਾ ਚੰਦਾ ਜਾਰੀ ਰਹੇ, ਸੰਘ ਨਾਲ ਯਾਰੀ, ਥੱਲੇ ਆਰੀਯਾ ਸਮਾਜ ਕੇ। ਸਿੱਖ ਕੀ ਨ ਬਾਤ ਚੱਲੇ, ਪੰਥ ਕੀ ਨ ਗਾਥ ਚੱਲੇ, ਲੂਟ ਦੋਨੋਂ ਹਾਥ ਚੱਲੇ, ਸੰਗ ਸਾਜ ਬਾਜ ਕੇ। ਅਕਲ ਕੀ ਨ ਗਲ ਰਹੇ, ਇਕੋ ‘ਕਾਲੀ ਦਲ’ ਰਹੈ, ਨਿਤ ਤਰਥੱਲ ਰਹੈ, ‘ਜ਼ਿੰਦਾਬਾਦ’ ਗਾਜ ਕੇ। ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੇ, ਗੋਲਕੇਂ ਭਰਪੂਰ ਕਰੇਂ, ਸਿੱਖ ਭਾਜ ਭਾਜ ਕੇ। ਪੰਥ ਕੇ ਦਰਦ ਹਿਤ, ਬੁੱਧੀ ਕੀ ਜੋ ਸੋਧ ਦੇਵੈਂ, ਨਿਕਟ ਨ ਆਣੇ ਪਾਵੈਂ, ਰਾਜ ਭਾਗ ਕਾਜ ਕੇ। ਜਥੇਦਾਰ ਕਹਿਤ ਬਿਰਾਜੋ ਮਤ ਭਾਜੋ ਸਿੱਖੋ, ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ। ਸਿੱਖ ਸਿਆਸਤ ਅਤੇ ਸਿੱਖੀ ਕਿਵੇਂ ਸਮਾਨਾਂਤਰਤਾ ਵਿਚ ਆ ਗਈਆਂ ਹਨ ਅਤੇ ਇਸ ਨਾਲ ਆਮ ਸਿੱਖ ਦੀ ਕੀ ਹਾਲਤ ਹੋ ਗਈ ਹੈ, ਇਸ ਬਾਰੇ ਸਾਧੂ ਸਿੰਘ ਬੇਦਿਲ ਦੀ ਇਹ ਕਵਿਤਾ ਕੁਝ ਸੰਕੇਤ ਕਰਦੀ ਹੈ। ਇਸ ਨੂੰ ਉਸ ਗੁਰਸਿੱਖ ਵਾਸਤੇ ਵੀ ਸਮਝਿਆ ਜਾ ਸਕਦਾ ਹੈ, ਜਿਸ ਦਾ ਰਾਹ ਸਿਆਸੀ-ਪੁੱਤਰਾਂ ਨੇ ਰੋਕ ਰੱਖਿਆ ਹੈ। ਇਹ ਕਵਿਤਾ ਪੰਜਾਬੀ ਟ੍ਰਿਬਿਊਨ ਮਿਤੀ 18-12-2011 ਵਿਚ ਛਪੀ ਹੋਈ ਹੈ: ਤੈਨੂੰ ਪੁੱਤ ਲੀਡਰੀ ਕਿੱਥੇ? ਨਾ ਤੂੰ ਯਾਰ ਤੇ ਨ ਤੂੰ ਚੋਰ, ਨਾ ਤੂੰ ਠੱਗ ਨ ਰਿਸ਼ਵਤਖੋਰ, ਨਾ ਤੂੰ ਝੂਠ ਬੋਲਣ ਦਾ ਆਦੀ, ਨਾ ਤੂੰ ਗੁੰਡੇਬਾਜ਼ ਫਸਾਦੀ, ਨਾ ਤੂੰ ਜਾਣੇ ਕਰਣ ਚਲਾਕੀ, ਲਾਉਣ ਨਾ ਜਾਣੇਂ ਰੱਬ ਨੂੰ ਟਾਕੀ, ਤੈਨੂੰ ਪੁੱਤ ਲੀਡਰੀ ਕਿੱਥੇ? ਲਾਰਾ ਲੱਪਾ ਲਾਉਣ ਨ ਜਾਣੇਂ, ਅੱਡੀ ਟੱਪਾ ਪਾਉਣ ਨਾ ਜਾਣੇਂ, ਛਿੱਤਰਾਂ ਦੇ ਹਾਰਾਂ ਤੋਂ ਡਰਦੈਂ, ਦੇਖ ਮੁਜਾਹਰੇ ਹਰਿ ਹਰਿ ਕਰਦੈਂ, ਕਾਲੀਆਂ ਝੰਡੀਆਂ ਤੋਂ ਘਬਰਾਵੇਂ, ਅੰਦਰੋਂ ਅੰਦਰੀਂ ਮਰਦਾ ਜਾਵੇਂ, ਤੈਨੂੰ ਪੁੱਤ ਲੀਡਰੀ ਕਿਥੇ? ਜਿਹੜਾ ਸਕੇ ਨਾ ਲੰਮੀ ਸੋਚ, ਜੋ ਬਣ ਸਕੇ ਨ ਟੁਕੜ ਬੋਚ, ਹੱਥਾਂ ਨਾਲ ਜੋ ਲਾਉਣ ਜਾਣੇ, ਪੈਰਾਂ ਨਾਲ ਬੁਝਾਉਣ ਜਾਣੇ, ਉਸਦੇ ਲਈ ਲੀਡਰੀ ਚੰਨਾਂ! ਤੇਰੇ ਲਈ ਲੀਡਰੀ ਕਿਥੇ? ਤੂੰ ਨਾ ਜਾਣੇਂ ਆਨ ਵੇਚਣਾ, ਅਣਖ, ਇੱਜ਼ਤ, ਸਵੈ-ਮਾਨ ਵੇਚਣਾ, ਦੇਸ਼ ਦਾ ਦਿਲ ਤੇ ਜਾਨ ਵੇਚਣਾ, ਜਦ ਤੱਕ ਪੂਰਾ ਬੋਲ ਹੈ ਤੇਰਾ, ਜਦ ਤੱਕ ਪੂਰਾ ਤੋਲ ਹੈ ਤੇਰਾ, ਤੈਨੂੰ ਪੁੱਤ ਲੀਡਰੀ ਕਿਥੇ? ਲੈਕਚਰ ਦਿੰਦਿਆਂ ਮਾਰ ਕੇ ਮੁੱਕੀ, ਮੇਜ਼ ਤੋੜਣੀ ਤੂੰ ਨਾ ਜਾਣੇਂ! ਤੂੰ ਨਾ ਜਾਣੇਂ ਲਾ-ਜਵਾਬੀ, ਗੱਲ ਮੋੜਣੀ ਤੂੰ ਨਾ ਜਾਣੇਂ, ਵੋਟ ਲੈਣ ਲਈ ਪੱਲੇ ਤੇਰੇ, ਇੱਕ ਵੀ ਹੈ ਨਹੀਂ ਕੌਡੀ ਫੁੱਟੀ! ਬਾਝ ਕਬਾਬੋਂ ਬਾਝ ਸ਼ਬਾਬੋਂ, ਐਵੇਂ ਜਾਏ ਨਾ ਦੁਨੀਆਂ ਲੁੱਟੀ! ਜਦ ਤੱਕ ਕੋਲ ਸੁ-ਕਰਮ ਹੈ ਤੇਰੇ, ਜਦ ਤੱਕ ਪੱਲੇ ਧਰਮ ਹੈ ਤੇਰੇ, ਜਦ ਤੱਕ ਪੱਲੇ ਸ਼ਰਮ ਹੈ ਤੇਰੇ, ਤੈਨੂੰ ਪੁੱਤ! ਲਡਿਰੀ ਕਿੱਥੇ? ਅਕਾਲੀਆਂ ਬਾਰੇ ਕੀਤੀ ਜਾ ਰਹੀ ਇਹ ਗੱਲ ਪੰਜਾਬ ਦੇ ਸਾਰੇ ਸਿਆਸਤਦਾਨਾਂ ਨੂੰ ਧਿਆਨ ਸੁਣ ਕੇ ਸਮਝਣੀ ਚਾਹੀਦੀ ਹੈ।

# ਯੂਕਰੇਨ-ਰੂਸ ਸੰਕਟ ਸੰਬੰਧੀ ਅਮਰੀਕਾ ਦੀ ਨਵੀਂ ਰਣਨੀਤੀ ਯੂਰਪੀ ਯੂਨੀਅਨ ਲਈ ਇਕ ਵੱਡੀ ਚੁਣੌਤੀ

ਲੇਖਕ : ਅਮਨਪ੍ਰੀਤ ਸਿੰਘ ਛੀਨਾ
-ਮੋ : 0044 788 622 9063

ਯੂਰਪੀ ਯੂਨੀਅਨ ਅੱਜ ਇਕ ਇਤਿਹਾਸਕ ਸੰਕਟ ਦਾ ਸਾਹਮਣਾ ਕਰ ਰਹੀ ਹੈ, ਜਿੱਥੇ ਅੰਤਰਰਾਸ਼ਟਰੀ ਅਤੇ ਅੰਦਰੂਨੀ ਦਬਾਅ ਇਸ ਸੰਘ ਦੀ ਇਕਜੁੱਟਤਾ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੇ ਹਨ। ਵਿਸ਼ਵ ਰਾਜਨੀਤਕ ਤਾਕਤਾਂ ਅਮਰੀਕਾ, ਰੂਸ, ਅਤੇ ਚੀਨ ਯੂਰਪ ਦੀ ਦਿਸ਼ਾ ਨੂੰ ਆਪਣੇ ਹਿਤਾਂ ਅਨੁਸਾਰ ਮੋੜਾ ਦੇ ਰਹੀਆਂ ਹਨ। ਇਹ ਸੰਕਟ ਨਵੇਂ ਤਰੀਕੇ ਨਾਲ ਉੱਭਰ ਰਿਹਾ ਹੈ, ਜਿਸ 'ਚ ਯੂਰਪ ਦੀ ਵਿਦੇਸ਼ ਨੀਤੀ, ਆਰਥਿਕ ਸੁਤੰਤਰਤਾ ਅਤੇ ਸੁਰੱਖਿਆ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਹੀ ਹੈ। ਬ੍ਰੇਗਜ਼ਿਟ ਤੋਂ ਬਾਅਦ, ਯੂਰਪੀ ਯੂਨੀਅਨ ਦੀ ਇਕਜੁੱਟਤਾ 'ਤੇ ਪਹਿਲਾਂ ਹੀ ਪ੍ਰਸ਼ਨ ਚਿੰਨ੍ਹ ਲੱਗ ਗਏ ਸਨ, ਪਰ ਹੁਣ ਇਹ ਸੰਕਟ ਹੋਰ ਗੰਭੀਰ ਹੋ ਗਿਆ ਹੈ। ਫ਼ਰਾਂਸ 'ਚ ਰਾਜਨੀਤਕ ਅਸਥਿਰਤਾ, ਜਰਮਨੀ 'ਚ ਰਾਸ਼ਟਰਵਾਦੀ ਪਾਰਟੀਆਂ ਦੀ ਵਾਧੂ ਸ਼ਕਤੀ ਅਤੇ ਪੋਲੈਂਡ ਅਤੇ ਹੰਗਰੀ 'ਚ ਯੂਰਪੀ ਯੂਨੀਅਨ ਖ਼ਿਲਾਫ਼ ਵਧ ਰਹੀਆਂ ਆਵਾਜ਼ਾਂ ਨੇ ਸੰਘ ਦੀ ਮਜ਼ਬੂਤੀ ਸੰਬੰਧੀ ਹੋਰ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ।ਇਸ ਤਕਰਾਰ ਨੂੰ ਹੋਰ ਗੰਭੀਰ ਬਣਾਉਂਦੇ ਹੋਏ, ਅਮਰੀਕਾ ਨੇ ਯੂਕਰੇਨ-ਰੂਸ ਸੰਕਟ ਸੰਬੰਧੀ ਆਪਣੀ ਨਵੀਂ ਰਣਨੀਤੀ ਅਪਣਾਈ ਹੈ, ਜੋ ਕਿ ਯੂਰਪੀ ਯੂਨੀਅਨ ਲਈ ਇਕ ਵੱਡੀ ਚੁਣੌਤੀ ਬਣ ਚੁੱਕੀ ਹੈ। ਸ਼ੁਰੂਆਤ 'ਚ ਅਮਰੀਕਾ ਨੇ ਯੂਕਰੇਨ ਨੂੰ ਸੈਨਿਕ ਅਤੇ ਆਰਥਿਕ ਮਦਦ ਪ੍ਰਦਾਨ ਕਰਕੇ ਆਪਣੀ ਹਮਾਇਤ ਦਿੱਤੀ, ਪਰ ਹੁਣ ਇਸ ਦਾ ਧਿਆਨ ਯੂਕਰੇਨ ਦੇ ਕੁਦਰਤੀ ਸਰੋਤਾਂ 'ਤੇ ਕੰਟਰੋਲ ਹਾਸਿਲ ਕਰਨ ਵੱਲ ਵਧ ਰਿਹਾ ਹੈ। ਯੂਕਰੇਨ, ਜੋ ਕਿ ਵਿਸ਼ਵ ਦੇ ਸਭ ਤੋਂ ਵਧੀਆ ਲੋਹੇ, ਨਿਕਲ, ਲਿਥੀਅਮ, ਅਤੇ ਹੋਰ ਮਹੱਤਵਪੂਰਨ ਧਾਤਾਂ ਦਾ ਭੰਡਾਰ ਹੈ, ਅਮਰੀਕਾ ਲਈ ਇਕ ਆਕਰਸ਼ਨ ਦਾ ਕੇਂਦਰ ਬਣ ਗਿਆ ਹੈ।

ਅਮਰੀਕਾ ਨੇ ਯੂਕਰੇਨ ਨੂੰ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਜੇਕਰ ਉਹ ਅਮਰੀਕੀ ਸਹਾਇਤਾ ਚਾਹੁੰਦਾ ਹੈ, ਤਾਂ ਉਸ ਨੂੰ ਆਪਣੇ ਕੁਦਰਤੀ ਸਰੋਤਾਂ ਵਿਚੋਂ 50 ਫ਼ੀਸਦੀ ਹਿੱਸਾ ਅਮਰੀਕਾ ਨੂੰ ਦੇਣਾ ਪਵੇਗਾ। ਇਹ ਵਿਆਪਕ ਤੌਰ 'ਤੇ ਯੂਰਪ ਲਈ ਖ਼ਤਰੇ ਦੀ ਘੰਟੀ ਹੈ, ਕਿਉਂਕਿ ਜੇਕਰ ਯੂਕਰੇਨ ਇਹ ਸ਼ਰਤ ਮੰਨ ਲੈਂਦਾ ਹੈ, ਤਾਂ ਯੂਰਪੀ ਯੂਨੀਅਨ ਨੂੰ ਇਹ ਖਣਿਜ ਭਵਿੱਖ 'ਚ ਉੱਚੇ ਭਾਅ 'ਤੇ ਖਰੀਦਣੇ ਪੈਣਗੇ, ਜੋ ਕਿ ਯੂਰਪ ਦੀ ਆਰਥਿਕ ਖ਼ੁਸ਼ਹਾਲੀ ਲਈ ਸਹੀ ਨਹੀਂ ਹੋਵੇਗਾ।



ਇਸ ਤੋਂ ਇਲਾਵਾ, ਅਮਰੀਕਾ ਨੇ ਯੂਰਪੀ ਯੂਨੀਅਨ ਨੂੰ ਵਧੇਰੇ ਦਬਾਅ 'ਚ ਲਿਆਉਣ ਲਈ ਵਪਾਰਕ ਸ਼ੁਲਕ (ਟੈਰਿਫ਼) ਦੀ ਚਿਤਾਵਨੀ ਵੀ ਦਿੱਤੀ ਹੈ। ਜੇਕਰ ਯੂਰਪ ਨੇ ਅਮਰੀਕਾ ਦੀ ਨਵੀਂ ਵਪਾਰਕ ਨੀਤੀ ਨੂੰ ਨਾ ਮੰਨਿਆ, ਤਾਂ ਅਮਰੀਕਾ ਯੂਰਪ ਤੋਂ ਆਉਣ ਵਾਲੀਆਂ ਆਟੋ ਮੋਬਾਈਲ, ਸਟੀਲ ਅਤੇ ਹੋਰ ਉਦਯੋਗਿਕ ਉਤਪਾਦਾਂ 'ਤੇ ਵਧੇਰੇ ਟੈਕਸ ਲਗਾ ਸਕਦਾ ਹੈ। ਇਹ ਟੈਰਿਫ਼ ਜਰਮਨੀ, ਫ਼ਰਾਂਸ ਅਤੇ ਹੋਰ ਆਧੁਨਿਕ ਉਦਯੋਗਿਕ ਤਾਕਤਾਂ ਲਈ ਵੱਡਾ ਸੰਕਟ ਪੈਦਾ ਕਰ ਸਕਦਾ ਹੈ, ਖ਼ਾਸ ਕਰਕੇ ਜਰਮਨੀ ਦੇ ਆਟੋ ਮੋਬਾਈਲ ਉਦਯੋਗ ਲਈ, ਜੋ ਕਿ ਯੂਰਪੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਇਹ ਵਧਦੇ ਹੋਏ ਦਬਾਅ ਇਹ ਸੂਚਿਤ ਕਰ ਰਹੇ ਹਨ ਕਿ ਅਮਰੀਕਾ ਹੁਣ ਯੂਰਪ ਦੀ ਵਪਾਰਕ ਅਤੇ ਵਿਦੇਸ਼ੀ ਨੀਤੀ 'ਤੇ ਕੰਟਰੋਲ ਚਾਹੁੰਦਾ ਹੈ, ਜੋ ਕਿ ਬ੍ਰੇਗਜ਼ਿਟ ਤੋਂ ਬਾਅਦ ਹੋਰ ਵੀ ਜਟਿਲ ਹੋ ਗਿਆ ਹੈ।

ਅੰਦਰੂਨੀ ਤਕਰਾਰਾਂ ਨੇ ਵੀ ਯੂਰਪੀ ਯੂਨੀਅਨ ਦੀ ਇਕਜੁੱਟਤਾ ਨੂੰ ਹੋਰ ਕਮਜ਼ੋਰ ਕੀਤਾ ਹੈ। ਜਰਮਨੀ, ਜੋ ਯੂਰਪ ਦੀ ਆਰਥਿਕ ਤਾਕਤ ਹੈ, ਹੁਣ ਹਾਲ ਹੀ ਵਿਚ ਉੱਥੇ ਹੋਈਆਂ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਜਿੱਤ ਗਈ ਹੈ, ਹੁਣ ਉਹ ਜਰਮਨੀ ਦੀ ਵਿਦੇਸ਼ ਨੀਤੀ 'ਚ ਕੀ ਬਦਲਾਅ ਕਰਦੀ ਹੈ, ਇਹ ਵੇਖਣ ਵਾਲੀ ਗੱਲ ਹੋਵੇਗੀ। ਉੱਧਰ ਫ਼ਰਾਂਸ, ਜੋ ਹਮੇਸ਼ਾ ਯੂਰਪੀ ਯੂਨੀਅਨ ਦੀ ਲੀਡਰਸ਼ਿਪ ਦੇ ਨਾਲ ਰਿਹਾ ਹੈ, ਹੁਣ ਰਾਜਨੀਤਕ ਅਸਥਿਰਤਾ ਦਾ ਸ਼ਿਕਾਰ ਹੈ। ਪੋਲੈਂਡ ਅਤੇ ਹੰਗਰੀ, ਜੋ ਕਿ ਪਹਿਲਾਂ ਨਾਟੋ ਅਤੇ ਯੂਰਪੀ ਯੂਨੀਅਨ ਦੇ ਵਧੀਆ ਹਿੱਸੇ ਸਨ, ਹੁਣ ਉਹ ਵੀ ਆਪਣੀਆਂ ਨੀਤੀਆਂ 'ਚ ਹੋਰ ਆਜ਼ਾਦੀ ਲੈਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਪੂਰਬੀ ਯੂਰਪ 'ਚ ਨਵੀਆਂ ਵੰਡਾਂ ਪੈਦਾ ਹੋ ਸਕਦੀਆਂ ਹਨ। ਇਹ ਅੰਦਰੂਨੀ ਤਕਰਾਰਾਂ ਯੂਰਪੀ ਯੂਨੀਅਨ ਦੀ ਵਿਦੇਸ਼ੀ ਨੀਤੀ ਨੂੰ ਹੋਰ ਵੀ ਕਮਜ਼ੋਰ ਕਰ ਰਹੀਆਂ ਹਨ ਅਤੇ ਅਮਰੀਕਾ, ਰੂਸ, ਅਤੇ ਚੀਨ ਨੂੰ ਯੂਰਪੀ ਯੂਨੀਅਨ 'ਤੇ ਹੋਰ ਦਬਾਅ ਪਾਉਣ ਦਾ ਮੌਕਾ ਦੇ ਰਹੀਆਂ ਹਨ।

ਅੱਜ, ਯੂਰਪੀ ਯੂਨੀਅਨ ਇਕ ਨਿਰਣਾਇਕ ਚੌਰਾਹੇ 'ਤੇ ਖੜ੍ਹੀ ਹੈ। ਜੇਕਰ ਯੂਰਪ ਨੇ ਆਪਣੀ ਇਕਜੁੱਟਤਾ ਨੂੰ ਸੰਭਾਲਿਆ, ਨਾਟੋ 'ਚ ਆਪਣੀ ਆਵਾਜ਼ ਉੱਚੀ ਕੀਤੀ ਅਤੇ ਆਪਣੀ ਆਰਥਿਕਤਾ ਨੂੰ ਹੋਰ ਵਿਕਸਤ ਕੀਤਾ, ਤਾਂ ਉਹ ਵਿਸ਼ਵ ਮੰਚ 'ਤੇ ਆਪਣੀ ਤਾਕਤ ਨਾਲ ਟਿਕ ਸਕਦਾ ਹੈ, ਪਰ ਜੇਕਰ ਅਮਰੀਕਾ, ਰੂਸ ਤੇ ਚੀਨ ਦੇ ਦਬਾਅ ਹਾਵੀ ਰਹੇ, ਤਾਂ ਯੂਰਪ ਇਕ ਨਵੇਂ ਸੰਕਟ 'ਚ ਦਾਖ਼ਲ ਹੋ ਸਕਦਾ ਹੈ।

ਸਭ ਤੋਂ ਵੱਡੀ ਲੋੜ ਇਹ ਹੈ ਕਿ ਯੂਰਪੀ ਦੇਸ਼ ਆਪਣੀਆਂ ਵਿਅਕਤੀਗਤ ਰਾਜਨੀਤਕ ਲੋੜਾਂ ਨੂੰ ਪਾਸੇ ਰੱਖ ਕੇ ਸੰਘ ਦੇ ਹਿੱਤ 'ਚ ਇਕਜੁੱਟ ਹੋਣ। ਜੇਕਰ ਯੂਰਪ ਨੇ ਆਪਸੀ ਸਹਿਯੋਗ ਅਤੇ ਸੰਘ ਦੀ ਮਹੱਤਤਾ ਨੂੰ ਸਮਝਿਆ, ਤਾਂ ਇਹ ਵਿਕਾਸ ਦੀ ਇਕ ਨਵੀਂ ਦਿਸ਼ਾ 'ਚ ਤਰੱਕੀ ਕਰ ਸਕਦਾ ਹੈ, ਪਰ ਜੇਕਰ ਅੰਦਰੂਨੀ ਰਾਸ਼ਟਰਵਾਦ ਅਤੇ ਵਿਅਕਤੀਗਤ ਹਿੱਤ ਹਾਵੀ ਰਹੇ, ਤਾਂ ਨਾ ਸਿਰਫ਼ ਯੂਰਪੀ ਯੂਨੀਅਨ ਦੀ ਤਾਕਤ ਘਟੇਗੀ, ਬਲਕਿ ਵਿਸ਼ਵ ਇਕ ਵਾਰ ਫਿਰ ਅੰਧ-ਰਾਸ਼ਟਰਵਾਦੀ ਨਜ਼ਰੀਏ ਵੱਲ ਵਾਪਸ ਮੁੜ ਸਕਦਾ ਹੈ, ਜਿਸ ਦਾ ਨਤੀਜਾ ਸਮੁੱਚੇ ਵਿਸ਼ਵ 'ਚ ਤਣਾਅ ਅਤੇ ਅਸਥਿਰਤਾ ਵਿਚ ਨਿਕਲ ਸਕਦਾ ਹੈ। ਇਸ ਲਈ, ਯੂਰਪ ਦੀ ਭਵਿੱਖ ਦੀ ਤਾਕਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ, ਕੀ ਇਹ ਦੇਸ਼ ਇਕਜੁੱਟ ਰਹਿੰਦੇ ਹੋਏ ਸੰਘ ਦੀ ਇਕਜੁੱਟਤਾ ਨੂੰ ਪਹਿਲ ਦਿੰਦੇ ਹਨ ਜਾਂ ਵਿਅਕਤੀਗਤ ਰਾਸ਼ਟਰਵਾਦ ਦੇ ਰਾਹ 'ਤੇ ਤਬਾਹੀ ਵੱਲ ਵਧਦੇ ਹਨ।

---

# ਮੁਫ਼ਤ ਦੀਆਂ ਸਹੂਲਤਾਂ ਲੋਕਾਂ ਦੀ ਮਾਨਸਿਕ ਗ਼ੁਲਾਮੀ ਦਾ ਕਾਰਨ

ਲੇਖਕ : ਪੂਰਨਚੰਦ ਸਰੀਨ



ਦਾਸ ਪ੍ਰਥਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਇਸ ਦਾ ਜ਼ਿਕਰ ਭਾਰਤ ਦੇ ਪ੍ਰਾਚੀਨ ਗ੍ਰੰਥ 'ਮਨੂੰਸਮ੍ਰਿਤੀ' 'ਚ ਵੀ ਮਿਲਦਾ ਹੈ। ਦਾਸਾਂ ਦਾ ਮਾਲਿਕਾਂ ਅਧੀਨ ਕੰਮ ਕਰਨਾ ਅਤੇ ਮਰ ਜਾਣਾ, ਬੱਸ ਇੰਨਾ ਹੀ ਉਨ੍ਹਾਂ ਦਾ ਜੀਵਨ ਸੀ। ਅਮਰੀਕਾ ਤੇ ਇੰਗਲੈਂਡ ਸਮੇਤ ਲਗਭਗ ਸਾਰੇ ਦੇਸ਼ਾਂ 'ਚ ਗ਼ੁਲਾਮਾਂ ਦੀਆਂ ਮੰਡੀਆਂ ਸਜਦੀਆਂ ਸਨ ਅਤੇ ਉਨ੍ਹਾਂ ਦਾ ਵਪਾਰ ਹੁੰਦਾ ਸੀ। ਦਾਸ ਪ੍ਰਥਾ ਦੇ ਖ਼ਾਤਮੇ ਲਈ ਕਈ ਦੇਸ਼ਾਂ ਨੇ ਕਦਮ ਉਠਾਏ। ਸੰਨ 1807 'ਚ ਬਰਤਾਨੀਆ ਨੇ ਦਾਸ ਪ੍ਰਥਾ ਰੋਕੂ ਕਾਨੂੰਨ (ਸਲੇਵ ਟਰੇਡ ਐਕਟ-1807) ਤਹਿਤ ਆਪਣੇ ਦੇਸ਼ 'ਚ ਅਫ਼ਰੀਕੀ ਗ਼ੁਲਾਮਾਂ ਦੀ ਖ਼ਰੀਦੋ-ਫਰੋਖ਼ਤ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਾ ਦਿੱਤੀ ਸੀ। ਇਸ ਤੋਂ ਬਾਅਦ, 1808 'ਚ ਅਮਰੀਕੀ ਕਾਂਗਰਸ ਨੇ ਗ਼ੁਲਾਮਾਂ ਦੀ ਦਰਾਮਦ 'ਤੇ ਪਾਬੰਦੀ ਲਗਾਈ। ਭਾਰਤ 'ਚ ਦਾਸ ਪ੍ਰਥਾ ਦਾ ਖ਼ਾਤਮਾ 1843 ਈ. 'ਚ ਹੋਇਆ ਸੀ, ਜਦੋਂ ਬਰਤਾਨਵੀ ਸ਼ਾਸਨ ਦੇ ਸਮੇਂ ਇਕ ਐਕਟ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ 1975 'ਚ ਭਾਰਤ ਸਰਕਾਰ ਨੇ ਬੰਧੂਆ ਮਜ਼ਦੂਰੀ ਐਕਟ ਪਾਸ ਕੀਤਾ, ਜਿਸ ਤਹਿਤ ਬੰਧੂਆ ਮਜ਼ਦੂਰਾਂ ਨੂੰ ਮੁਕਤ ਕੀਤਾ ਗਿਆ।

**ਮਾਨਸਿਕ ਦਾਸਤਾਨ ਦੀ ਖ਼ਤਰਨਾਕ ਖੇਡ**

ਅੱਜ ਸਾਡੇ ਦੇਸ਼ ਦੀਆਂ ਸਿਆਸੀ ਪਾਰਟੀਆਂ ਅਤੇ ਸੱਤਾਧਾਰੀ ਵਿਅਕਤੀਆਂ ਨੂੰ ਇਹ ਸਭ ਤੋਂ ਸੌਖਾ ਤਰੀਕਾ ਲਗਦਾ ਹੈ ਕਿ ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਸੇਵਨ ਦੀ ਆਦਤ ਪਾ ਦਿੱਤੀ ਜਾਵੇ ਤਾਂ ਫਿਰ ਉਨ੍ਹਾਂ ਨੂੰ ਆਪਣੇ ਪੱਖ 'ਚ ਕਰਨ ਅਤੇ ਰੱਖਣ ਲਈ ਕੁਝ ਹੋਰ ਕਰਨ ਦੀ ਜ਼ਰੂਰਤ ਨਹੀਂ ਹੈ। ਇਹੀ ਮਾਨਸਿਕ ਗੁਲਾਮੀ ਵਾਲੀ ਦਾਸਤਾਨ ਹੈ, ਜਿਸ ਦੇ ਗੇੜ 'ਚ ਇਕ ਵਾਰ ਵਿਅਕਤੀ ਆ ਜਾਏ ਤਾਂ ਫਿਰ ਉਸ ਨੂੰ ਆਪਣੀ ਸਮਰੱਥਾ ਅਤੇ ਮਿਹਨਤ ਨਾਲ ਉਨ੍ਹਾਂ ਚੀਜ਼ਾਂ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕਰਨਾ ਬੇਮਤਲਬ ਲਗਦਾ ਹੈ। ਇਸ 'ਤੇ ਇਹ ਕਹਾਵਤ 'ਅਜਗਰ ਕਰੇ ਨਾ ਚਾਕਰੀ, ਪੰਛੀ ਕਰੇ ਨਾ ਕਾਮ, ਦਾਸ ਮਲੂਕਾ ਕਹਿ ਗਏ ਸਭ ਕੇ ਦਾਤਾ ਰਾਮ', ਸਹੀ ਢੁੱਕਦੀ ਹੈ। ਲੋੜ ਵੇਲੇ (ਭਾਵ ਕੋਰੋਨਾ ਕਾਲ, ਹੜ੍ਹਾਂ, ਭੁਚਾਲ ਅਤੇ ਕੁਦਰਤੀ ਤ੍ਰਾਸਦੀ ਵੇਲੇ) ਕੀਤੀ ਮਦਦ ਤਾਂ ਸਮਝ 'ਚ ਆਉਂਦੀ ਹੈ, ਪਰ ਜੇਕਰ ਇਹੀ ਸਹਾਇਤਾ ਬਿਨਾਂ ਕਿਸੇ ਲੋੜ ਦੇ ਉਦੋਂ ਵੀ ਕੀਤੀ ਜਾਵੇ, ਜਦੋਂ ਵਿਅਕਤੀ ਨੂੰ ਇਸ ਦੀ ਜ਼ਰੂਰਤ ਨਹੀਂ, ਉਦੋਂ ਦਾਲ 'ਚ ਕੁਝ ਕਾਲਾ ਹੋਣ ਦਾ ਅਹਿਸਾਸ ਹੋਣ ਲਗਦਾ ਹੈ। ਇਹ ਲੋਕਾਂ ਨੂੰ ਗੁੰਮਰਾਹ ਕਰਕੇ ਆਪਣਾ ਗ਼ੁਲਾਮ ਬਣਾਈ ਰੱਖਣ ਦੀ ਸਾਜ਼ਿਸ਼ ਹੈ। ਨਿਰਧਨ ਜਾਂ ਸਾਧਨਹੀਣ ਦੀ ਸਹਾਇਤਾ ਇਸ ਤਰ੍ਹਾਂ ਕੀਤੀ ਜਾਵੇ ਕਿ ਉਹ ਕੁਝ ਕਮਾ ਸਕੇ, ਨਾ ਕਿ ਭਿਖਾਰੀ ਵਾਂਗ ਉਸ ਨੂੰ ਕੁਝ ਸਿੱਕੇ ਥਮਾ ਦਿੱਤੇ ਜਾਣ, ਅਨਪੜ੍ਹ ਨੂੰ ਸਿੱਖਿਆ ਇਸ ਲਈ ਦਿੱਤੀ ਜਾਵੇ ਕਿ ਉਹ ਆਪਣਾ ਭਲਾ-ਬੁਰਾ ਸਮਝ ਸਕੇ ਅਤੇ ਨੌਕਰੀ ਦੇ ਯੋਗ ਹੋ ਸਕੇ ਅਤੇ ਆਪਣੀ ਰੋਜ਼ੀ-ਰੋਟੀ ਕਮਾ ਸਕੇ, ਨਾ ਕਿ ਉਸ ਨੂੰ ਹਮੇਸ਼ਾ ਲਈ ਅਹਿਸਾਨਮੰਦ ਬਣਾ ਦਿੱਤਾ ਜਾਵੇ। ਬਿਮਾਰ ਦਾ ਮੁਫ਼ਤ ਇਲਾਜ ਇਸ ਲਈ ਹੋਵੇ ਕਿ ਉਹ ਜਲਦੀ ਸਿਹਤਯਾਬ ਹੋ ਸਕੇ ਅਤੇ ਕਿਸੇ 'ਤੇ ਬੋਝ ਨਾ ਬਣੇ। ਇਸੇ ਤਰ੍ਹਾਂ ਬੇਰੁਜ਼ਗਾਰ ਨੂੰ ਰੁਜ਼ਗਾਰ ਅਤੇ ਉੱਦਮੀ ਨੂੰ ਵਿੱਤੀ ਸਹੂਲਤ ਦੇਣ ਦਾ ਕੰਮ ਹਰ ਸਰਕਾਰ ਦਾ ਫ਼ਰਜ਼ ਹੈ। ਰਾਜਨੀਤੀ ਨੂੰ ਇਕ ਕਾਰੋਬਾਰ ਮੰਨ ਕੇ ਆਪਣਾ ਜੀਵਨ ਸਮਰਪਿਤ ਕਰਨ ਵਾਲਾ ਹਰ ਵਿਅਕਤੀ ਇਸੇ ਸੋਚ ਦਾ ਹੋਵੇਗਾ, ਪਰ ਜੋ ਇਸ ਨੂੰ ਇਕ ਸੌਦਾ ਮੰਨ ਕੇ ਚਲਦਾ ਹੈ, ਉਨ੍ਹਾਂ ਦਾ ਆਪਣਾ ਫਾਇਦਾ ਹੋਵੇ ਨਾ ਹੋਵੇ, ਸਮਾਜ ਦਾ ਨੁਕਸਾਨ ਜ਼ਰੂਰ ਹੋ ਜਾਂਦਾ ਹੈ, ਜਿਸ ਦੀ ਭਰਪਾਈ ਪੂਰੇ ਦੇਸ਼ ਨੂੰ ਕਰਨੀ ਪੈਂਦੀ ਹੈ।

ਆਜ਼ਾਦ ਹੋਣ ਤੋਂ ਬਾਅਦ ਜੋ ਰਾਜਨੀਤਕ ਅਗਵਾਈ ਮਿਲੀ, ਉਨ੍ਹਾਂ 'ਚੋਂ ਇਕ-ਦੋ ਵਿਅਕਤੀਆਂ ਨੂੰ ਛੱਡ ਕੇ, ਜ਼ਿਆਦਾਤਰ ਨੇ ਪਹਿਲਾਂ ਚੋਰੀ-ਛਿਪੇ ਅਤੇ ਫਿਰ ਖੁੱਲ੍ਹਮ-ਖੁੱਲ੍ਹਾ ਜਨਤਾ ਨੂੰ ਆਪਣੇ ਪੱਖ 'ਚ ਵੋਟ ਕਰਨ ਜਾਂ ਸਮਰਥਨ ਦੇਣ ਲਈ ਪੈਸਿਆਂ ਦਾ ਲੈਣ-ਦੇਣ ਸ਼ੁਰੂ ਕਰ ਦਿੱਤਾ। ਪਿਛਲੇ ਕੁਝ ਸਾਲਾਂ 'ਚ ਇਹ ਆਪਣੇ ਸਿਖ਼ਰਾਂ 'ਤੇ ਪਹੁੰਚ ਗਿਆ ਹੈ। ਇਹ ਸਿਲਸਿਲਾ ਉਦੋਂ ਤੱਕ ਨਹੀਂ ਰੁਕਣ ਵਾਲਾ, ਜਦੋਂ ਤੱਕ ਦੇਸ਼ਵਾਸੀ ਪੂਰੀ ਤਰ੍ਹਾਂ ਹਰ ਚੀਜ਼ ਦੇ ਮੁਫ਼ਤ 'ਚ ਮਿਲਣ ਦੀ ਆਸ ਲਗਾਈ ਕੰਮ ਕਰਨਾ ਹੀ ਭੁੱਲ ਜਾਣ ਅਤੇ ਇਕ ਨਿਠੱਲੀ ਪੀੜ੍ਹੀ ਉੱਭਰ ਕੇ ਆ ਜਾਵੇ। ਤੁਸੀ ਕਿਸਾਨ ਨੂੰ ਖਾਦ, ਬੀਜ, ਸਿੰਚਾਈ ਦੇ ਸਾਧਨਾਂ 'ਤੇ ਸਬਸਿਡੀ ਜਾਂ ਛੋਟ ਦਿਓ, ਪਰ ਉਸ ਦੇ ਖਾਤੇ 'ਚ ਮੁਫ਼ਤ ਦਾ ਪੈਸਾ ਪਾਉਣਾ ਘਾਤਕ ਹੀ ਨਹੀਂ, ਉਸ ਦੇ ਸਨਮਾਨ ਨੂੰ ਠੇਸ ਪਹੁੰਚਾਉਣਾ ਵੀ ਹੈ। ਦੂਜਾ ਅਰਥ ਇਹ ਹੈ ਕਿ ਸਰਕਾਰ ਉਸ ਨੂੰ ਮਾਨਸਿਕ ਤੌਰ 'ਤੇ ਆਪਣਾ ਗ਼ੁਲਾਮ ਬਣਾਉਣ ਦੀਆਂ ਚਾਲਾਂ ਚੱਲ ਰਹੀ ਹੈ। ਹਰ ਔਰਤ ਨੂੰ ਬਿਨਾਂ ਜ਼ਰੂਰਤ ਜਾਂ ਮਿਹਨਤ ਕੀਤੇ ਹਰ ਮਹੀਨੇ ਪੈਸੇ ਫੜਾ ਦੇਣਾ ਨਾ ਸਿਰਫ਼ ਰਿਸ਼ਵਤ ਹੈ, ਸਗੋਂ ਉਸ ਦੇ ਆਤਮ-ਸਨਮਾਨ 'ਤੇ ਚੋਟ ਵੀ ਹੈ। ਇਸ ਦਾ ਮਤਲਬ ਇਹੀ ਹੈ ਉਸ ਨੂੰ ਸਿਆਸੀ ਦਲ ਗ਼ੁਲਾਮੀ ਦੀ ਸੋਚ ਦੇ ਦਾਅਰੇ 'ਚ ਲਿਆਉਣਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਮੈਰਿਟ ਜਾਂ ਯੋਗਤਾ ਦੇ ਆਧਾਰ 'ਤੇ ਗ਼ਰੀਬੀ ਹੋਣ ਕਾਰਨ ਵਿੱਤੀ ਸਹਾਇਤਾ ਦੇਣਾ ਸਮਝ 'ਚ ਆ ਸਕਦਾ ਹੈ, ਪਰ ਹਰ ਕਿਸੇ ਨੂੰ ਕੇ.ਜੀ. ਤੋਂ ਪੀ.ਜੀ. ਤੱਕ ਇਕਦਮ ਮੁਫ਼ਤ ਸਿੱਖਿਆ ਦੇਣ ਦਾ ਮਤਲਬ ਉਸ ਨੂੰ ਧਨ ਦਾ ਮਹੱਤਵ ਹੀ ਨਹੀਂ ਸਮਝਣ ਦੇਣਾ ਹੋਵੇਗਾ। ਪੜ੍ਹੇ-ਲਿਖੇ ਹੋ ਕੇ ਜਦੋਂ ਕੋਈ ਨੌਕਰੀ ਜਾਂ ਕਾਰੋਬਾਰ ਕਰੇਗਾ ਤਾਂ ਚਾਹੇਗਾ ਕਿ ਮੁਫ਼ਤ 'ਚ ਮਿਲਣ ਵਾਲਾ ਪੈਸਾ ਮਿਲਦਾ ਰਹੇ, ਇਸ ਦੇ ਲਈ ਉਹ ਰਿਸ਼ਵਤ ਦੇਵੇਗਾ, ਸਰਕਾਰੀ ਕਰਮਚਾਰੀ ਇਸ ਲਈ ਪਹਿਲਾਂ ਹੀ ਬਦਨਾਮ ਹਨ, ਪ੍ਰਾਈਵੇਟ ਸੈਕਟਰ 'ਚ ਵੀ ਇਹੀ ਰੋਗ ਲੱਗ ਚੁੱਕਾ ਹੈ।

**ਆਰਥਿਕ ਅਤੇ ਸਮਾਜਿਕ ਬਦਹਾਲੀ ਦਾ ਦੌਰ**

ਕੇਂਦਰ ਸਰਕਾਰ ਦੀ ਪਹਿਲ 'ਤੇ ਉਸ ਦੀ ਪਾਲਣਾ ਕਰਦੇ ਹੋਏ ਰਾਜ ਸਰਕਾਰਾਂ ਲੋਕਾਂ ਨੂੰ ਮੁਫ਼ਤ 'ਚ ਸਭ ਕੁਝ ਦੇਣ ਦੀ ਹੋੜ 'ਚ ਲੱਗੀਆਂ ਹਨ। ਵਿੱਤੀ ਘਾਟਾ ਅਤੇ ਕੇਂਦਰ ਤੋਂ ਉਧਾਰ ਲੈਣ ਦੀ ਮਜਬੂਰੀ ਹੈ। ਜੋ ਧਨ ਵਿਕਾਸ ਕਾਰਜਾਂ 'ਤੇ ਖ਼ਰਚ ਹੁੰਦਾ, ਸੜਕ, ਆਵਾਜਾਈ, ਸਕੂਲ, ਹਸਪਤਾਲ ਤੇ ਹੋਰ ਸੰਸਥਾਵਾਂ ਬਣਾਉਣ ਅਤੇ ਉਦਯੋਗਿਕ ਉਤਪਾਦਨ ਵਧਾਉਣ 'ਚ ਲਗਦਾ, ਉਹ ਮੁਫ਼ਤ ਦੀਆਂ ਸਕੀਮਾਂ 'ਤੇ ਲੱਗ ਰਿਹਾ ਹੈ। ਲੋਕਾਂ ਦੇ ਦਿੱਤੇ ਟੈਕਸ ਦੀ ਬਾਂਦਰਵੰਡ ਕਰਕੇ ਕਿਵੇਂ ਵੱਧ ਤੋਂ ਵੱਧ ਵੋਟਾਂ ਦੀ ਵਸੂਲੀ ਕੀਤੀ ਜਾਵੇ, ਇਸ ਨੀਤੀ 'ਤੇ ਜਦੋਂ ਯੋਜਨਾਵਾਂ ਬਣਨਗੀਆਂ ਤਾਂ ਵਿਕਾਸ ਦਰ ਦਾ ਘਟਣਾ ਤੈਅ ਹੈ। ਮੌਜੂਦਾ ਵਿੱਤੀ ਸਾਲ ਦੇ ਅੰਕੜਿਆਂ ਨਾਲ ਸਾਬਿਤ ਵੀ ਹੋ ਰਿਹਾ ਹੈ। ਮਹਿੰਗਾਈ ਦਾ ਵਧਣਾ ਅਤੇ ਗ਼ਰੀਬਾਂ ਤੇ ਅਮੀਰਾਂ ਵਿਚਾਲੇ ਫ਼ਾਸਲਾ ਵਧਣਾ ਇਸੇ ਦਾ ਸਿੱਟਾ ਹੈ। ਮੱਧ ਵਰਗ ਜੋ ਅਸਲ 'ਚ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਉਸ 'ਤੇ ਟੈਕਸਾਂ ਦਾ ਬੋਝ ਵਧ ਰਿਹਾ ਹੈ, ਰੁਪਏ ਦੀ ਕੀਮਤ ਡਿਗਣ ਦਾ ਅਸਰ ਸਭ ਤੋਂ ਵੱਧ ਉਸੇ ਨੂੰ ਹੀ ਝੱਲਣਾ ਪੈਂਦਾ ਹੈ। ਇਹ ਵਰਗ ਅਜਿਹੀ ਗਾਂ-ਮੱਝ ਹੈ, ਜਿਸ ਨੂੰ ਕੋਈ ਵੀ ਹੱਕ ਸਕਦਾ ਹੈ ਅਤੇ ਦੁੱਧ ਚੋਅ ਸਕਦਾ ਹੈ। ਇਸ ਦੇ ਪੈਰ ਕਿਲ੍ਹੇ ਦੀ ਰੱਸੀ ਨਾਲ ਇਸ ਤਰ੍ਹਾਂ ਬੱਝੇ ਹਨ, ਜਿਵੇਂ ਕੋਈ ਨਿਰਦੋਸ਼ ਵਿਅਕਤੀ ਇੱਜ਼ਤ ਬਚਾਉਣ ਲਈ ਆਪਣੀ ਚਾਦਰ ਕਿਸੇ ਤਰ੍ਹਾਂ ਸਮੇਟਣ 'ਚ ਲੱਗਾ ਹੋਵੇ। ਉੱਚ ਵਰਗ ਨੂੰ ਬੇਅੰਤ ਸਹੂਲਤਾਂ ਦੇ ਕੇ ਅਤੇ ਹੇਠਲੇ ਵਰਗ ਨੂੰ ਮੁਫ਼ਤ ਦੀਆਂ ਆਦਤਾਂ ਪਾ ਕੇ ਦੋਵਾਂ ਨੂੰ ਆਪਣੇ ਝਾਂਸੇ 'ਚ ਰੱਖਣ ਦੇ ਵਿਰੋਧ 'ਚ ਕੋਈ ਆਪਣਾ ਮੂੰਹ ਨਹੀਂ ਖੋਲ੍ਹ ਪਾਉਂਦਾ। ਇਸ ਨਾਲ ਜੋ ਵਿਚਲਾ ਵਰਗ ਹੈ, ਉਸ ਨੂੰ ਪਿਸਦੇ ਰਹਿਣ ਦੀ ਸਹੂਲੀਅਤ ਮਿਲ ਜਾਂਦੀ ਹੈ, ਕਿਉਂਕਿ ਚੁੱਪ ਰਹਿ ਕੇ ਸਭ ਕੁਝ ਸਹਿਣਾ ਹੀ ਉਸ ਦੀ ਕਿਸਮਤ ਹੈ। ਆਮ ਆਦਮੀ ਵੀ ਚਾਹੁਣ ਲੱਗਾ ਹੈ ਕਿ ਬਿਨਾਂ ਕੰਮ ਕੀਤੇ ਪੈਸੇ ਮਿਲਦੇ ਰਹਿਣ, ਇਸ ਲਈ ਜੇਕਰ ਕਿਸੇ ਨਾਲ ਬੇਈਮਾਨੀ, ਧੋਖਾਧੜੀ ਜਾਂ ਬਲੈਕਮੇਲਿੰਗ ਵੀ ਕਰਨੀ ਪਏ ਤਾਂ ਕੋਈ ਹਰਜ ਨਹੀਂ ਹੈ। ਚਰਿੱਤਰ ਦੀ ਸੁੱਚਮਤਾ ਦਾ ਕੋਈ ਅਰਥ ਨਹੀਂ ਰਹਿ ਗਿਆ।

ਮੌਜੂਦਾ ਦੌਰ ਧੋਖੇਬਾਜ਼ੀ, ਵਿਸ਼ਵਾਸਘਾਤ ਅਤੇ ਭ੍ਰਿਸ਼ਟਾਚਾਰ ਦਾ ਹੈ। ਇਸ 'ਚ ਰਾਜਨੀਤਕ ਇਮਾਨਦਾਰੀ ਭਾਵ ਰਾਜ ਧਰਮ ਦੀ ਪਾਲਣਾ ਬੀਤੇ ਜ਼ਮਾਨੇ ਦੀ ਗੱਲ ਹੈ। ਜਿਸ ਤਰ੍ਹਾਂ ਦੀ ਭਾਸ਼ਾ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਇਕ-ਦੂਜੇ ਲਈ ਇਸਤੇਮਾਲ ਕਰਦੇ ਹਨ, ਉਸ ਨੂੰ ਵੇਖ, ਸੁਣ ਕੇ ਇਹੀ ਲਗਦਾ ਹੈ ਕਿ ਸ਼ਾਇਦ ਭਵਿੱਖ 'ਚ ਇਹੀ ਲੋਕ ਅਜੋਕੀ ਨੌਜਵਾਨ ਪੀੜ੍ਹੀ ਲਈ ਆਦਰਸ਼ ਹੋਣਗੇ। ਉਦੋਂ ਦੀਆਂ ਸਥਿਤੀਆਂ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ, ਪਰ ਇਕ ਸੰਵੇਦਨਸ਼ੀਲ ਵਿਅਕਤੀ ਨੂੰ ਇਸ ਸਭ ਕੁਝ ਤੋਂ ਡਰ ਲੱਗਣਾ ਸੁਭਾਵਿਕ ਹੈ।




# ਕੰਪਿਊਟਰ ਵਾਇਰਸ

## ਆਓ ਜਾਣੀਏ ਕੰਪਿਊਟਰ ਵਾਇਰਸ ਬਾਰੇ




ਸਾਨੂੰ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਕਈ ਤਰ੍ਹਾਂ ਦੇ ਵਾਇਰਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਨ੍ਹਾਂ ਵਿਚ ਕੁਝ ਮਹੱਤਵਪੂਰਨ ਵਾਇਰਸ ਹੇਠ ਲਿਖੇ ਅਨੁਸਾਰ ਹਨ :

**ਮਾਈਂਡਵੇਅਰ :** ਇਹ ਇਕ ਰੈਨਸਮਵੇਅਰ ਵਾਇਰਸ ਹੈ, ਇਸ ਵਾਇਰਸ ਦੇ ਹਮਲੇ ਸਮੇਂ ਸਾਈਬਰ ਅਪਰਾਧੀ ਡਾਟਾ ਨੂੰ ਐਨਕ੍ਰਿਪਟ ਹੋਣ ਤੋਂ ਪਹਿਲਾਂ ਹੀ ਚੋਰੀ ਕਰ ਲੈਂਦਾ ਹੈ। ਇਸ ਵਾਇਰਸ ਵਲੋਂ ਸਭ ਤੋਂ ਪਹਿਲਾ ਹਮਲਾ ਮਾਰਚ 2022 ਵਿਚ ਕੀਤਾ ਗਿਆ ਸੀ।

**ਕਲੋਪ ਰੈਨਸਮਵੇਅਰ :** ਇਹ ਰੈਨਸਮਵੇਅਰ ਤੁਹਾਡੀਆਂ ਫਾਈਲਾਂ ਨੂੰ ਉਦੋਂ ਤੱਕ ਐਨਕ੍ਰਿਪਟ ਕਰਦਾ ਹੈ ਜਦੋਂ ਤੱਕ ਤੁਸੀਂ ਹੈਕਰਾਂ ਨੂੰ ਫਿਰੌਤੀ ਦਾ ਭੁਗਤਾਨ ਨਹੀਂ ਕਰ ਦਿੰਦੇ। ਇਹ ਕ੍ਰਿਪਟੋਮਿਕਸ ਰੈਨਸਮਵੇਅਰ ਦੀ ਇਕ ਕਿਸਮ ਹੈ। ਇਹ ਵਿੰਡੋਜ਼ ਆਪਰੇਟਿੰਗ ਸਿਸਟਮ ਦੀ ਵਰਤੋਂ ਕਰਨ ਵਾਲੇ ਯੂਜ਼ਰਾਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ।

**ਨਕਲੀ ਵਿੰਡੋਜ਼ ਅਪਡੇਟਸ :** ਹੈਕਰਾਂ ਵਲੋਂ ਯੂਜ਼ਰਾਂ ਨੂੰ ਨਵੀਂ ਵਿੰਡੋਜ਼ ਆਪਰੇਟਿੰਗ ਸਿਸਟਮ ਦੇ ਅਪਡੇਟਸ ਆਪਣੇ ਕੰਪਿਊਟਰ ਵਿਚ ਇੰਸਟਾਲ ਕਰਨ ਲਈ ਈ-ਮੇਲ ਭੇਜੇ ਜਾਂਦੇ ਹਨ। ਪਰ ਵਿੰਡੋਜ਼ ਅਪਡੇਟਸ ਨਹੀਂ ਹੁੰਦੇ। ਇਹ ਰੈਨਸਮਵੇਅਰ .exe ਫਾਈਲਾਂ ਦੇ ਰੂਪ ਵਿਚ ਹੁੰਦੇ ਹਨ ਜੋ ਯੂਜ਼ਰ ਦੇ ਕੰਪਿਊਟਰ ਵਿਚ ਇੰਸਟਾਲ ਹੋਣ ਤੋਂ ਬਾਅਦ ਸਾਰੀਆਂ ਫਾਈਲਾਂ ਨੂੰ ਐਨਕ੍ਰਿਪਟ ਕਰ ਦਿੰਦੇ ਹਨ ਅਤੇ ਹੈਕਰਾਂ ਵਲੋਂ ਇਨ੍ਹਾਂ ਫਾਈਲਾਂ ਨੂੰ ਡੀਕ੍ਰਿਪਟ ਕਰਨ ਦੇ ਲਈ ਯੂਜ਼ਰ ਤੋਂ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਸਾਈਬਰਗ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ।

**ਜ਼ਿਊਸ ਗੇਮਓਵਰ :** ਇਹ ਟਰੋਜਨ ਹੈ ਜੋ ਯੂਜ਼ਰ ਦੇ ਬੈਂਕ ਖਾਤੇ ਦੇ ਵੇਰਵਿਆਂ ਤੱਕ ਪਹੁੰਚ ਬਣਾਉਂਦਾ ਹੈ ਅਤੇ ਉਸ ਦੇ ਪੈਸਿਆਂ ਦੀ ਚੋਰੀ ਕਰਦਾ ਹੈ। ਇਸ ਨੂੰ ਕਮਾਂਡ ਅਤੇ ਕੰਟਰੋਲ ਲਈ ਕੇਂਦਰੀਕ੍ਰਿਤ ਸਰਵਰ ਦੀ ਲੋੜ ਨਹੀਂ ਹੁੰਦੀ। ਇਹ ਸੰਵੇਦਨਸ਼ੀਲ ਜਾਣਕਾਰੀ ਭੇਜਣ ਲਈ ਆਪਣਾ ਸਰਵਰ ਬਣਾ ਲੈਂਦਾ ਹੈ।

**Raas :** ਰਾਅਸ ਜਿਸ ਨੂੰ Ransomware as a service ਭੁਮੀਗਤ ਹੈਕਰਾਂ ਦਾ ਇਕ ਸਮੂਹ ਜੋ ਪਹਿਲਾਂ ਤੋਂ ਬਣੇ ਰੈਨਸਮਵੇਅਰਾਂ ਨੂੰ ਹਮਲੇ ਕਰਨ ਲਈ ਕਿਰਾਏ 'ਤੇ ਦਿੰਦਾ ਹੈ। ਹਮਲਾਵਰ ਇਸ ਵਿਚ ਆਪਣੇ ਹਿਸਾਬ ਨਾਲ ਬਦਲਾਅ ਕਰ ਸਕਦਾ ਹੈ। ਇਨ੍ਹਾਂ ਹਮਲਾਵਰਾਂ ਨੂੰ ਐਫੀਲੀਏਟ ਕਿਹਾ ਜਾਂਦਾ ਹੈ। ਐਫੀਲੀਏਟ ਹਰ ਇਕ ਫਿਰੌਤੀ ਦੀ ਅਦਾਇਗੀ 'ਤੇ ਪ੍ਰਤੀਸ਼ਤ ਕਮਾਉਂਦੇ ਹਨ।

**ਖ਼ਬਰਾਂ ਵਾਲੇ ਮਲਵੇਅਰ :** ਸਾਈਬਰ ਅਪਰਾਧੀਆਂ ਦੇ ਵਲੋਂ ਚਲੰਤ ਮਾਮਲਿਆਂ ਦੇ ਸੰਬੰਧੀ ਲੋਕਾਂ ਨੂੰ ਈ-ਮੇਲ ਰਾਹੀਂ ਖ਼ਬਰਾਂ ਭੇਜੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਪੂਰੀ ਖ਼ਬਰ ਪੜ੍ਹਨ ਲਈ ਦਿੱਤੇ ਗਏ ਲਿੰਕ 'ਤੇ ਕਲਿਕ ਕਰਨ ਲਈ ਕਿਹਾ ਜਾਂਦਾ ਹੈ। ਇਹ ਲਿੰਕ ਵਿਚ ਮਲਵੇਅਰ ਹੁੰਦਾ ਹੈ ਜੋ ਉਨ੍ਹਾਂ ਦੇ ਕੰਪਿਊਟਰ ਵਿਚ ਇੰਸਟਾਲ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਨੂੰ ਚੋਰੀ ਕਰਦਾ ਹੈ।

**ਫਲੀਸਵੇਅਰ :** ਫਲੀਸਵੇਅਰ ਇਕ ਮੋਬਾਈਲ ਮਲਵੇਅਰ ਐਪਲੀਕੇਸ਼ਨ ਹੈ, ਜੋ ਲੁਕਵੀਂ ਅਤੇ ਬਹੁਤ ਜ਼ਿਆਦਾ ਗਾਹਕੀ ਫ਼ੀਸ ਵਸੂਲਦੀ ਹੈ। ਇਹ ਯੂਜ਼ਰ ਵਲੋਂ ਐਪਲੀਕੇਸ਼ਨ ਨੂੰ ਡਿਲੀਟ ਕਰਨ ਤੋਂ ਬਾਅਦ ਵੀ ਯੂਜ਼ਰ ਦੇ ਕੋਲੋਂ ਗਾਹਕੀ ਫ਼ੀਸ ਵਸੂਲਦੀ ਰਹਿੰਦੀ ਹੈ।

**ਇੰਟਰਨੈੱਟ ਆਫ਼ ਥਿੰਗਜ਼ ਹਮਲੇ :** ਇੰਟਰਨੈੱਟ ਆਫ਼ ਥਿੰਗਜ਼ ਡਿਵਾਈਸਾਂ ਦੀ ਪ੍ਰਸਿੱਧੀ ਦੇ ਨਾਲ ਇਨ੍ਹਾਂ 'ਤੇ ਹੋਣ ਵਾਲੇ ਹਮਲਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਇੰਟਰਨੈੱਟ ਆਫ਼ ਥਿੰਗਜ਼ ਡਿਵਾਈਸਾਂ ਵਿਚ ਸੁਰੱਖਿਆ ਉਪਾਅ ਸਥਾਪਿਤ ਕਰਨ ਲਈ ਲੋੜੀਂਦੀ ਸਟੋਰੇਜ ਨਹੀਂ ਹੁੰਦੀ ਅਤੇ ਇਨ੍ਹਾਂ ਵਿਚ ਸੰਵੇਦਨਸ਼ੀਲ ਜਾਣਕਾਰੀ ਹੁੰਦੀ ਹੈ। ਇਸ ਲਈ ਇਹ ਸਾਈਬਰ ਅਪਰਾਧੀਆਂ ਦੇ ਨਿਸ਼ਾਨੇ 'ਤੇ ਹੁੰਦੇ ਹਨ। ਉਹ ਇਨ੍ਹਾਂ ਡਿਵਾਈਸਾਂ ਰਾਹੀਂ ਪੂਰੇ ਸਿਸਟਮ ਤੱਕ ਪਹੁੰਚ ਬਣਾ ਸਕਦੇ ਹਨ ਅਤੇ ਸੰਵੇਦਨਸ਼ੀਲ ਜਾਣਕਾਰੀ ਨੂੰ ਚੋਰੀ ਕਰ ਸਕਦੇ ਹਨ।

**ਸੋਸ਼ਲ ਇੰਜੀਨੀਅਰਿੰਗ :** ਜਦੋਂ ਸਾਈਬਰ ਅਪਰਾਧੀਆਂ ਵਲੋਂ ਮਨੁੱਖਾਂ ਨੂੰ ਭਰਮਾ ਕੇ ਉਨ੍ਹਾਂ ਤੋਂ ਸੰਵੇਦਨਸ਼ੀਲ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ ਉਸ ਨੂੰ ਸੋਸ਼ਲ ਇੰਜੀਨੀਅਰਿੰਗ ਹਮਲਾ ਕਿਹਾ ਜਾਂਦਾ ਹੈ। ਹੁਣ ਸੋਸ਼ਲ ਇੰਜੀਨੀਅਰਿੰਗ ਹਮਲੇ ਬਹੁਤ ਵੱਧ ਗਏ ਹਨ।

**ਕ੍ਰਿਪਟੋਜੈਕਿੰਗ :** ਕ੍ਰਿਪਟੋਜੈਕਿੰਗ ਇਕ ਸਾਈਬਰ ਅਪਰਾਧ ਹੈ, ਜਿਸ ਵਿਚ ਕਿਸੇ ਮਨੁੱਖ ਜਾਂ ਸੰਸਥਾ ਦੇ ਕੰਪਿਊਟਿੰਗ ਸਰੋਤਾਂ ਨੂੰ ਮਾਈਨ ਕ੍ਰਿਪਟੋਕਰੰਸੀ ਲਈ ਹਾਈਜੈਕ ਕਰ ਲਿਆ ਜਾਂਦਾ ਹੈ। ਇਹ ਹੈਕਰਾਂ ਨੂੰ ਬਿਜਲੀ, ਹਾਰਡਵੇਅਰ ਅਤੇ ਹੋਰ ਮਾਈਨਿੰਗ ਸਰੋਤਾਂ ਦਾ ਭੁਗਤਾਨ ਕੀਤੇ ਬਿਨਾਂ ਕ੍ਰਿਪਟੋਕਰੰਸੀ ਦੀ ਮਾਈਨਿੰਗ ਕਰਨ ਦਿੰਦਾ ਹੈ।

**ਆਰਟੀਫੀਸ਼ਲ ਇੰਟੈਲੀਜੈਂਸ ਹਮਲੇ :** ਸਾਈਬਰ ਸੁਰੱਖਿਆ ਕੰਪਨੀਆਂ ਮਲਵੇਅਰ ਨਾਲ ਲੜਨ ਲਈ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਮਸ਼ੀਨ ਸਿਖਲਾਈ ਐਲਗੋਰਿਦਮ ਦੀ ਵਰਤੋਂ ਕਰ ਰਹੀਆਂ ਹਨ। ਪਰ ਇਨ੍ਹਾਂ ਤਕਨੀਕਾਂ ਦੀ ਵਰਤੋਂ ਹੈਕਰਾਂ ਵਲੋਂ ਡਿਵਾਈਸਾਂ ਅਤੇ ਨੈੱਟਵਰਕਾਂ ਨੂੰ ਹੈਕ ਕਰਨ ਦੇ ਲਈ ਵੀ ਕੀਤੀ ਜਾਂਦੀ ਹੈ।

**Onyx:** ਇਹ ਇਕ ਰੈਨਸਮਵੇਅਰ ਹੈ 2 MB ਤੋਂ ਵੱਡੀਆਂ ਫਾਈਲਾਂ ਨੂੰ ਐਨਕ੍ਰਿਪਟ ਕਰਨ ਦੀ ਬਜਾਏ ਓਵਰਰਾਈਟ ਕਰ ਦਿੰਦਾ ਹੈ। ਹੈਕਰ ਪੀੜਤ ਸੰਸਥਾਵਾਂ ਦੇ ਫਿਰੌਤੀ ਦਾ ਪੂਰਾ ਭੁਗਤਾਨ ਕਰਨ ਤੋਂ ਬਾਅਦ ਵੀ ਪੀੜਤ ਸੰਸਥਾਵਾਂ ਦੀਆਂ ਪੂਰੀਆਂ ਫਾਈਲਾਂ ਵਾਪਸ ਨਹੀਂ ਕਰਦੇ।

# ਨਿੱਘੀਆਂ ਗੱਲਾਂ

ਲੇਖਕ : ਰਤਨ ਪਾਲ ਡੂਡੀਆਂ, ਮੋਬਾਈਲ : 94784-84000



ਪਿਆਰੇ ਨਿੱਕਿਓ! ਸਰਦੀ ਦੀ ਰੁੱਤ ਆ ਗਈ ਹੈ। ਮੇਰਾ ਦਿਲ ਤੁਹਾਡੇ ਨਾਲ ਨਿੱਘੀਆਂ ਗੱਲਾਂ ਕਰਨ ਨੂੰ ਕਰਦਾ ਹੈ। ਉਮੀਦ ਹੈ ਕਿ ਤੁਸੀਂ ਆਪਣੇ ਬਾਬੇ ਰਤਨੂ ਦੀਆਂ ਨਸੀਹਤਾਂ ਵੱਲ ਧਿਆਨ ਦੇਵੋਗੇ।

ਸਰਦੀ ਦੀ ਰੁੱਤ ਕੁੱਲ ਮਿਲਾ ਕੇ ਵਧੀਆ ਰੁੱਤ ਹੈ। ਇਸ ਰੁੱਤ ਵਿਚ ਕੋਸੇ- ਕੋਸੇ ਪਾਣੀ ਨਾਲ ਨਹਾ ਕੇ ਸਰੀਰ ਤਰੋਤਾਜ਼ਾ ਹੋ ਜਾਂਦਾ ਹੈ। ਵੰਨ-ਸੁਵੰਨੀਆਂ ਸਬਜ਼ੀਆਂ ਖਾਣ ਦਾ ਆਪਣਾ ਅਨੰਦ ਹੈ। ਪਾਲਕ, ਮੇਥੀ, ਗਾਜਰ, ਮੂਲੀਆਂ, ਸ਼ਲਗਮ, ਸੀਂਗਰੇ ਤੇ ਮਟਰ ਆਦਿ ਬਹੁਤ ਸਿਹਤ ਲਈ ਫਾਇਦੇਮੰਦ ਹਨ। ਫਲਾਂ ਵਿਚੋਂ ਕਿੰਨੂ ਬਹੁਤ ਫਾਇਦੇਮੰਦ ਹੈ। ਇਸ ਵਿਚ ਵਿਟਾਮਿਨ 'ਸੀ' ਭਰਪੂਰ ਮਾਤਰਾ ਵਿਚ ਹੁੰਦਾ ਹੈ। ਜਿੱਥੇ ਅਜਿਹੀਆਂ ਸਬਜ਼ੀਆਂ ਤੇ ਫਲ ਸਿਹਤ ਲਈ ਵਰਦਾਨ ਹਨ, ਉੱਥੇ ਪੀਜ਼ੇ, ਬਰਗਰ ਆਦਿ ਬਿਮਾਰੀਆਂ ਦਾ ਘਰ ਹੁੰਦੇ ਹਨ। ਸਰਦੀ ਵਿਚ ਖੰਘ ਜ਼ੁਕਾਮ ਤੋਂ ਬਚਣ ਲਈ ਤੁਲਸੀ ਤੇ ਅਦਰਕ ਵਾਲੀ ਚਾਹ ਚੰਗੀ ਰਹਿੰਦੀ ਹੈ। ਸੁੱਕੇ ਮੇਵਿਆਂ ਵਿਚੋਂ ਮੂੰਗਫਲੀ ਸੁਆਦ, ਸਸਤਾ ਅਤੇ ਪੋਸ਼ਟਿਕ ਹੈ। ਗਲੇ ਦੀ ਖਰਾਬੀ ਤੋਂ ਬਚਣ ਲਈ ਪਾਣੀ ਨਿੱਘਾ ਪੀਣਾ ਚਾਹੀਦਾ ਹੈ।

ਨਿੱਕੇ ਦੋਸਤੋ! ਇਸ ਰੁੱਤ ਵਿਚ ਧੁੱਪ ਜ਼ਰੂਰ ਸੇਕਿਆ ਕਰੋ। ਸਿੱਧੀ ਧੁੱਪ ਵਿਟਾਮਿਨ ਡੀ ਦਾ ਖਜ਼ਾਨਾ ਹੁੰਦੀ ਹੈ। ਇਕ ਗੱਲ ਦਾ ਖਿਆਲ ਜ਼ਰੂਰ ਰੱਖਣਾ, ਜਿਆਦਾ ਠੰਢ ਵਿਚ ਬੂਟ ਜੁਰਾਬਾਂ ਤੇ ਗਰਮ ਕੱਪੜੇ ਪਾਏ ਬਗੈਰ ਘਰੋਂ ਬਾਹਰ ਨਹੀਂ ਜਾਣਾ। ਸਿਰ ਵੀ ਪੱਗ ਜਾਂ ਗਰਮ ਕੱਪੜੇ ਨਾਲ ਕੱਜਿਆ ਹੋਣਾ ਚਾਹੀਦੈ। ਥੋੜ੍ਹੀ ਜਿਹੀ ਅਣਗਹਿਲੀ ਤੁਹਾਨੂੰ ਹਫ਼ਤੇ-ਦੋ ਹਫ਼ਤਿਆਂ ਲਈ ਬਿਮਾਰ ਕਰ ਸਕਦੀ ਹੈ। ਬੀਬੇ ਰਾਣਿਓ! ਜਿਵੇਂ ਫ਼ੌਜੀ ਦਾ ਕੰਮ ਲੜਨਾ ਹੁੰਦੈ, ਉਵੇਂ ਵਿਦਿਆਰਥੀ ਦਾ ਕੰਮ ਪੜ੍ਹਨਾ ਹੁੰਦੈ। ਇਹ ਰੁੱਤ ਪੜ੍ਹਾਈ ਲਈ ਵੀ ਸਭ ਤੋਂ ਵਧੀਆ ਹੈ। ਇਮਤਿਹਾਨ ਵੀ ਨੇੜੇ ਹੁੰਦੇ ਹਨ। ਪੂਰੀ ਉਮੀਦ ਹੈ ਕਿ ਤੁਸੀ ਤਨਦੇਹੀ ਨਾਲ ਪੜ੍ਹਾਈ ਕਰੋਗੇ ਅਤੇ ਪੇਪਰਾਂ ਵਿਚੋਂ ਚੰਗੇ ਨੰਬਰ ਲੈ ਕੇ ਆਪਣੇ ਬਾਬੇ ਰਤਨੂ ਨੂੰ ਖ਼ੁਸ਼ ਕਰ ਦਿਓਗੇ!


## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| P | R | O | N | N | O | I | T | C | E |
| A | N | U | O | I | N | T | E | R | J |
| D | V | E | R | B | D | E | T | E | R |
| E | A | P | R | E | P | O | S | I | M |
| L | D | P | E | E | N | O | I | T | I |
| C | J | A | C | P | B | C | R | E | N |
| I | E | R | H | S | R | O | N | O | N |
| T | C | T | O | F | E | N | J | U | O |
| R | T | I | V | E | V | L | U | N | I |
| A | N | U | M | E | R | A | N | C | T |


Find all the words from the word list (ignore spaces and dashes, if any):

ADJECTIVE
ADVERB
ARTICLE
CONJUNCTION
DETERMINER
INTERJECTION
NOUN
NUMERAL
PART OF SPEECH
PREPOSITION
PRONOUN
VERB

## ਬਿੰਦੂ ਮਿਲਾਓ




## ਰਸਤਾ ਲੱਭੋ




## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



# ਪੰਜਾਬ ਦੀ ਸਕੂਲੀ ਸਿੱਖਿਆ ਦਾ ਸੰਕਟ

ਲੇਖਕ : ਵਿਕਰਮ ਦੇਵ ਸਿੰਘ
ਸੰਪਰਕ: 97795-83467



ਸਾਲ 2022 ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਦੇ ਮੁੱਦੇ ਖਾਸ ਤੌਰ 'ਤੇ ਉਭਾਰੇ। ਇਨ੍ਹਾਂ ਖੇਤਰਾਂ ਵਿੱਚ ਵੱਡੀ ਕ੍ਰਾਂਤੀ ਲਿਆਉਣ ਦੇ ਦਾਅਵੇ ਕੀਤੇ ਅਤੇ ਦਿੱਲੀ ਦੇ ਵਿਕਾਸ ਮਾਡਲ ਦਾ ਗੁਣਗਾਨ ਕੀਤਾ। ਹੁਣ ਜਦੋਂ ਦਿੱਲੀ ਵਿੱਚ ਪਾਰਟੀ ਦੀ ਸੱਤਾ ਦਾ ਬਿਸਤਰਾ ਗੋਲ ਹੋ ਗਿਆ ਹੈ ਤਾਂ ਦਿੱਲੀ ਮਾਡਲ ਨੂੰ ਆਦਰਸ਼ ਮੰਨ ਕੇ ਪੰਜਾਬ ਵਿੱਚ ਕੀਤੇ ਜਾ ਰਹੇ ਵਿੱਦਿਅਕ ਸੁਧਾਰਾਂ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਇੱਕ ਪਾਸੇ ਪੰਜਾਬ ਸਰਕਾਰ ਪ੍ਰਾਇਮਰੀ ਅਧਿਆਪਕਾਂ ਦੀ ਸਿਖਲਾਈ ਲਈ ਫਿਨਲੈਂਡ ਦੀ ਯਾਤਰਾ ਕਰਵਾਉਣ ਅਤੇ ਸਕੂਲ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਭੇਜਣ ਦਾ ਪ੍ਰਚਾਰ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਵਿਚ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹੋਣ, ਕੱਚੇ ਅਧਿਆਪਕਾਂ ਦੇ ਪੱਕੇ ਧਰਨਿਆਂ 'ਤੇ ਬੈਠਣ, ਅਧਿਆਪਕਾਂ ਦਾ ਗੈਰ-ਵਿੱਦਿਅਕ ਡਿਊਟੀਆਂ 'ਤੇ ਹੋਣ ਦੀਆਂ ਖਬਰਾਂ ਵੀ ਨਸ਼ਰ ਹੋ ਰਹੀਆਂ ਹਨ।

ਸਕੂਲਾਂ ਵਿੱਚ ਸਿੱਖਣ ਸਿਖਾਉਣ ਦੇ ਪੱਧਰ ਬਾਰੇ ਬਹੁਤ ਸਾਰੇ ਖੁਲਾਸੇ 'ਸਿੱਖਿਆ ਦੇ ਸਾਲਾਨਾ ਮਿਆਰ ਬਾਰੇ ਰਿਪੋਰਟ' (ਏਐੱਸਈਆਰ ਇੰਡੀਆ-2024) ਵਿੱਚ ਹੋਏ ਹਨ। ਸੂਬੇ ਦੇ 20 ਜ਼ਿਲ੍ਹਿਆਂ ਦੇ 600 ਪਿੰਡਾਂ, 11967 ਘਰਾਂ ਅਤੇ 3 ਤੋਂ 16 ਸਾਲ ਦੇ 20226 ਬੱਚਿਆਂ ਦੇ ਸਰਵੇਖਣ 'ਤੇ ਆਧਾਰਿਤ ਇਸ ਰਿਪੋਰਟ ਅਨੁਸਾਰ, ਸਰਕਾਰੀ ਸਕੂਲਾਂ ਦੇ ਪੰਜਵੀਂ ਜਮਾਤ ਦੇ 53.7% ਬੱਚੇ ਗਣਿਤ ਵਿੱਚ ਵੰਡ ਦੇ ਸਵਾਲ ਨਹੀਂ ਕੱਢ ਸਕਦੇ, ਪ੍ਰਾਈਵੇਟ ਸਕੂਲਾਂ ਦੇ ਅਜਿਹੇ ਬੱਚਿਆਂ ਦੀ ਗਿਣਤੀ 47.4% ਦੱਸੀ ਗਈ ਹੈ। ਸਾਲ 2022 ਦੇ ਮੁਕਾਬਲੇ ਸਾਧਾਰਨ ਵਾਕ ਪੜ੍ਹ ਸਕਣ ਵਾਲਿਆਂ ਦੀ ਗਿਣਤੀ 66.2 ਤੋਂ ਘਟ ਕੇ 61.4% ਰਹਿ ਗਈ ਹਾਲਾਂਕਿ ਘਟਾਓ ਦੇ ਸਵਾਲ ਕੱਢ ਸਕਣ ਵਾਲਿਆਂ ਦੀ ਗਿਣਤੀ 44.8 ਤੋਂ ਵਧ ਕੇ 51% ਹੋਈ ਹੈ। ਕੁੱਲ ਮਿਲਾ ਕੇ ਸਮੁੱਚੀ ਸਕੂਲੀ ਸਿੱਖਿਆ ਦਾ ਮਿਆਰ ਤਸੱਲੀਬਖਸ਼ ਨਹੀਂ ਜਿਸ ਪਿੱਛੇ ਰਸਮੀ ਢਾਂਚੇ ਵਿਚਲੀਆਂ ਕਮਜ਼ੋਰੀਆਂ ਤੋਂ ਇਲਾਵਾ ਬਾਲ ਮਨਾਂ ਦਾ ਅੰਧਾਧੁੰਦ ਖਪਤ ਸੱਭਿਆਚਾਰ ਅਤੇ ਮੋਬਾਈਲ ਤੇ ਸੋਸ਼ਲ ਮੀਡਿਆ ਦੀ ਦੁਰਵਰਤੋਂ ਦਾ ਸ਼ਿਕਾਰ ਹੋਣਾ ਵੀ ਜ਼ਿੰਮੇਵਾਰ ਹੈ। ਸਿੱਖਿਆ ਵਿਭਾਗ ਨੇ ਗਣਿਤ, ਅੰਗਰੇਜ਼ੀ ਅਤੇ ਪੰਜਾਬੀ ਵਿਸ਼ਿਆਂ ਦਾ ਸਿੱਖਣ ਪੱਧਰ ਦਰੁਸਤ ਕਰਨ ਲਈ ਅਪਰੈਲ 2023 ਵਿੱਚ ਮੁੱਢਲੀਆਂ ਕਿਰਿਆਵਾਂ ਆਧਾਰਿਤ 'ਮਿਸ਼ਨ ਸਮਰੱਥ' ਸ਼ੁਰੂ ਕੀਤਾ। ਇਸ ਪ੍ਰਾਜੈਕਟ ਖ਼ਾਤਿਰ ਹਰ ਵਿੱਦਿਅਕ ਸੈਸ਼ਨ ਦੌਰਾਨ ਤੈਅਸ਼ੁਦਾ ਸਿਲੇਬਸ 4-5 ਮਹੀਨੇ ਰੋਕ ਕੇ ਰੱਖਿਆ ਪਰ ਲੋੜੀਂਦੇ ਨਤੀਜੇ ਪ੍ਰਾਪਤ ਨਹੀਂ ਹੋਏ। ਮੌਜੂਦਾ ਵਿੱਦਿਅਕ ਸੈਸ਼ਨ ਦੌਰਾਨ ਤਾਂ ਪਹਿਲੇ ਪੰਜ ਮਹੀਨੇ 'ਮਿਸ਼ਨ ਸਮਰੱਥ' ਅਤੇ ਉਸ ਤੋਂ ਬਾਅਦ ਨਵੰਬਰ ਤੱਕ ਕੌਮੀ ਸਿੱਖਿਆ ਨੀਤੀ-2020 ਆਧਾਰਿਤ ਕੇਂਦਰੀ ਸਰਵੇਖਣ 'ਪਰਖ' ਦੀ ਤਿਆਰੀ ਨੂੰ ਲੈ ਕੇ ਸਿਲੇਬਸ ਨੂੰ ਤਿਲਾਂਜਲੀ ਦੇ ਦਿੱਤੀ ਗਈ। ਇਸ ਦੇ ਬਾਵਜੂਦ ਪ੍ਰੀਖਿਆਵਾਂ ਪੂਰੇ ਸਿਲੇਬਸ ਵਿੱਚੋਂ ਹੀ ਹੋਈਆਂ। ਬੱਚਿਆਂ ਦਾ ਸਿੱਖਣ ਪੱਧਰ ਚੰਗਾ ਬਣਾਉਣ ਲਈ ਵਿਗਿਆਨਕ ਦ੍ਰਿਸ਼ਟੀਕੋਣ ਆਧਾਰਿਤ ਸੁਧਾਰਾਂ ਦਾ ਰਾਹ ਅਖ਼ਤਿਆਰ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਬਿਨਾਂ ਕਿਸੇ ਸਾਲਾਨਾ ਵਿੱਦਿਅਕ ਕੈਲੰਡਰ ਤੋਂ ਪ੍ਰੀਖਿਆਵਾਂ ਦੇ ਦਿਨੀਂ ਅਧਿਆਪਕਾਂ ਨੂੰ ਸੈਮੀਨਾਰਾਂ 'ਤੇ ਤੋਰਨ, ਵਿਸ਼ਾ ਮੇਲੇ ਲਗਾਉਣ ਅਤੇ ਵਿੱਤੀ ਵਰ੍ਹੇ ਦੇ ਅਖ਼ੀਰਲੇ ਮਹੀਨੇ ਸਾਰੀਆਂ ਗ੍ਰਾਂਟਾਂ ਭੇਜ ਕੇ ਇੱਕਦਮ ਖਰਚਣ ਦੇ ਫਰਮਾਨ ਵੀ ਨਿਰਵਿਘਨ ਜਾਰੀ ਹਨ।

ਜਨਵਰੀ 2025 ਦੇ ਪਹਿਲੇ ਹਫਤੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ (ਯੂ-ਡਾਇਸ) ਦੀ ਬੁਨਿਆਦੀ ਢਾਂਚੇ ਬਾਰੇ ਸਾਲ 2023-24 ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਅਨੁਸਾਰ, ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਕ੍ਰਮਵਾਰ 28,23,000 ਅਤੇ 29,02,000 ਵਿਦਿਆਰਥੀ ਪੜ੍ਹਦੇ ਹਨ। ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ 'ਆਪ' ਸਰਕਾਰ ਦੇ ਦੂਜੇ ਸਾਲ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 81,000 (-2.8%) ਘਟੀ ਹੈ; ਪ੍ਰਾਈਵੇਟ ਸਕੂਲਾਂ ਵਿੱਚ 1,58,000 (+5.6%) ਨਵੇਂ ਦਾਖਲੇ ਹੋਏ ਹਨ। ਇਸ ਰਿਪੋਰਟ ਵਿੱਚ ਪ੍ਰਾਈਵੇਟ ਸਕੂਲਾਂ ਦਾ ਅਧਿਆਪਕ-ਵਿਦਿਆਰਥੀ ਅਨੁਪਾਤ ਸਰਕਾਰੀ ਸਕੂਲਾਂ ਦੇ ਮੁਕਾਬਲੇ ਬਿਹਤਰ ਹੋਣ ਦਾ ਖੁਲਾਸਾ ਵੀ ਹੈ। 19242 ਸਰਕਾਰੀ ਸਕੂਲਾਂ ਵਿੱਚ ਜਿੱਥੇ 1,26,000 ਅਧਿਆਪਕ ਹਨ, ਉੱਥੇ 7704 ਪ੍ਰਾਈਵੇਟ ਸਕੂਲਾਂ ਵਿੱਚ 1,42,000 ਅਧਿਆਪਕ ਦੱਸੇ ਗਏ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਪੰਜਾਬ ਦੇ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਰਵੇਖਣ ਆਧਾਰਿਤ ਰਿਪੋਰਟ ਅਨੁਸਾਰ, 856 ਸਕੂਲਾਂ (44%) ਵਿੱਚ ਪ੍ਰਿੰਸੀਪਲਾਂ ਦੀ ਅਸਾਮੀ ਖਾਲੀ ਹਨ। ਇਸ ਰਿਪੋਰਟ ਅਨੁਸਾਰ, 228 ਸਿੱਖਿਆ ਬਲਾਕਾਂ ਵਿੱਚੋਂ 77 ਵਿੱਚ ਸਕੂਲ ਪ੍ਰਿੰਸੀਪਲਾਂ ਦੀਆਂ 50% ਤੋਂ ਵਧੇਰੇ ਅਸਾਮੀਆਂ ਖਾਲੀ ਹਨ, 9 ਬਲਾਕਾਂ ਵਿੱਚ ਇੱਕ ਵੀ ਪ੍ਰਿੰਸੀਪਲ ਨਹੀਂ ਅਤੇ 13 ਬਲਾਕਾਂ ਵਿੱਚ ਕੇਵਲ ਇੱਕ-ਇੱਕ ਪ੍ਰਿੰਸੀਪਲ ਹੈ। ਸਰਕਾਰੀ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ 40% ਤੋਂ ਵਧੇਰੇ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਈਟੀਟੀ, ਮਾਸਟਰ, ਲੈਕਚਰਾਰ ਅਤੇ ਨਾਨ ਟੀਚਿੰਗ ਅਸਾਮੀਆਂ ਵੱਡੀ ਗਿਣਤੀ ਵਿੱਚ ਖਾਲੀ ਹਨ। ਇਸ ਸਮੇਂ ਦੌਰਾਨ 10,000 ਦੇ ਕਰੀਬ ਨਵੇਂ ਅਧਿਆਪਕ ਜ਼ਰੂਰ ਭਰਤੀ ਕੀਤੇ ਹਨ ਪਰ ਇਸ ਅਰਸੇ ਦੌਰਾਨ ਨਵੀਂ ਸੇਵਾ ਮੁਕਤੀ ਤੋਂ ਇਲਾਵਾ ਬਹੁਤ ਸਾਰੀਆਂ ਅਸਾਮੀਆਂ ਪਹਿਲਾਂ ਹੀ ਖਾਲੀ ਹੋਣ ਦਾ ਸਕੂਲੀ ਸਿੱਖਿਆ 'ਤੇ ਨਾਂਹ ਪੱਖੀ ਪ੍ਰਭਾਵ ਜਾਰੀ ਹੈ। ਕੌਮੀ ਸਿੱਖਿਆ ਨੀਤੀ-2020 ਜਾਰੀ ਹੋਣ ਤੋਂ ਪਹਿਲਾਂ ਹੀ ਇਸ ਦਾ ਬਹੁਤ ਕੁਝ ਪੰਜਾਬ ਵਿੱਚ ਤਜਰਬੇ ਦੇ ਤੌਰ 'ਤੇ ਲਾਗੂ ਕਰਨ ਅਤੇ ਸਿੱਖਿਆ ਤੰਤਰ ਨੂੰ ਵਿੱਦਿਅਕ ਸਮਝ ਦੀ ਥਾਂ ਅਫਸਰੀ ਡੰਡੇ ਰਾਹੀਂ ਚਲਾ ਕੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਦੇ ਜੜ੍ਹੀਂ ਤੇਲ ਪਾਇਆ ਜਾ ਚੁੱਕਾ ਹੈ। 'ਆਪ' ਸਰਕਾਰ ਦੌਰਾਨ ਸਿੱਖਿਆ ਤੰਤਰ 'ਚੋਂ ਸਿੱਖਿਆ ਸ਼ਾਸਤਰੀ ਮਨਫੀ ਹੋ ਰਹੇ ਹਨ ਅਤੇ ਨੌਕਰਸ਼ਾਹੀ ਦੀ ਜਕੜ ਪਹਿਲਾਂ ਨਾਲੋਂ ਵਧ ਰਹੀ ਹੈ। ਹੁਣ ਤਾਂ ਸਿੱਖਿਆ ਡਾਇਰੈਕਟਰਾਂ ਦੇ ਸਾਰੇ ਅਹੁਦੇ ਵੀ ਸਿੱਖਿਆ ਕਾਡਰ ਤੋਂ ਖੋਹ ਕੇ ਨੌਕਰਸ਼ਾਹਾਂ (ਪੀਸੀਐੱਸ) ਹਵਾਲੇ ਕਰ ਦਿੱਤੇ ਗਏ ਹਨ। ਨਿਰੋਲ ਅਕਾਦਮਿਕ ਜ਼ਿੰਮੇਵਾਰੀ ਲਈ ਜਾਣੇ ਜਾਂਦੇ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਕੌਂਸਲ (ਐੱਸਸੀਈਆਰਟੀ) ਦੇ ਡਾਇਰੈਕਟਰ ਦਾ ਅਹੁਦਾ ਵੀ ਸੇਵਾ ਨਿਯਮਾਂ ਤੋਂ ਉਲਟ ਜਾ ਕੇ ਨੌਕਰਸ਼ਾਹੀ ਨੂੰ ਸੌਂਪ ਦਿੱਤਾ ਹੈ।

ਪੰਜਾਬ ਸਰਕਾਰ ਅਤੇ ਫਿਨਲੈਂਡ ਦੀ ਤੁਰਕੂ ਯੂਨੀਵਰਸਿਟੀ ਨੇ ਸਿੱਖਿਆ ਵਿੱਚ ਮੁਹਾਰਤ ਦੇ ਲੈਣ-ਦੇਣ ਨੂੰ ਉਤਸ਼ਾਹਿਤ ਕਰਨ ਲਈ ਸਮਝੌਤਾ ਕੀਤਾ ਹੈ। ਇਸ ਸਹਿਯੋਗ ਤਹਿਤ ਪੰਜਾਬ ਦੇ 72 ਪ੍ਰਾਇਮਰੀ ਅਧਿਆਪਕਾਂ ਨੇ ਅਕਤੂਬਰ 2024 ਦੌਰਾਨ ਫਿਨਲੈਂਡ ਵਿੱਚ ਤਿੰਨ ਹਫਤਿਆਂ ਦੇ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲਿਆ ਜਿਸ 'ਤੇ ਸਰਕਾਰ ਦਾ ਢਾਈ ਕਰੋੜ ਰੁਪਏ ਖਰਚ ਆਇਆ। ਹੁਣ ਮਾਰਚ ਵਿੱਚ 72 ਪ੍ਰਾਇਮਰੀ ਅਧਿਆਪਕਾਂ ਦਾ ਦੂਜਾ ਸਮੂਹ ਭੇਜਣ ਦੀ ਤਿਆਰੀ ਹੈ। ਇਸੇ ਤਰ੍ਹਾਂ ਪ੍ਰਿੰਸੀਪਲਾਂ ਨੂੰ ਵੀ ਪਿਛਲੇ ਸਾਲ ਫਰਵਰੀ ਤੋਂ ਸਿੰਗਾਪੁਰ ਭੇਜਿਆ ਜਾ ਰਿਹਾ ਹੈ, ਹੁਣ ਤੱਕ 234 ਪ੍ਰਿੰਸੀਪਲ ਸਿਖਲਾਈ ਲੈ ਚੁੱਕੇ ਹਨ। ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸਿਖਲਾਈ ਪ੍ਰੋਗਰਾਮ ਨੇਪਰੇ ਚਾੜ੍ਹਨ ਲਈ ਜ਼ਿੰਮੇਵਾਰ ਜ਼ਿਆਦਾਤਰ ਜ਼ਿਲ੍ਹਾ ਸਿੱਖਿਆ ਖੋਜ ਅਤੇ ਸਿਖਲਾਈ ਸੰਸਥਾਵਾਂ (ਡਾਈਟਾਂ) ਪੱਕੇ ਸਟਾਫ ਅਤੇ ਪ੍ਰਿੰਸੀਪਲਾਂ ਪੱਖੋਂ ਲੱਗਭਗ ਖਾਲੀ ਹਨ; ਕੀ ਚੰਦ ਕੁ ਪ੍ਰਾਇਮਰੀ ਅਧਿਆਪਕਾਂ ਦੇ ਫਿਨਲੈਂਡ ਦੌਰੇ ਲੀਹੋਂ ਲੱਥੀ ਪ੍ਰਾਇਮਰੀ ਸਿੱਖਿਆ ਨੂੰ ਮੁੜ ਲੀਹ 'ਤੇ ਲਿਆ ਸਕਦੇ ਹਨ? ਫਿਨਲੈਂਡ ਤੋਂ ਮੁੜੇ ਕੁਝ ਅਧਿਆਪਕਾਂ ਨਾਲ ਸੰਵਾਦ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਫਿਨਲੈਂਡ ਦੀ ਸਕੂਲੀ ਸਿੱਖਿਆ ਦੀ ਦੇਖ ਰੇਖ ਦਾ ਮੁੱਖ ਜ਼ਿੰਮਾ ਯੂਨੀਵਰਸਿਟੀਆਂ ਕੋਲ ਹੈ। ਸਕੂਲੀ ਸਿੱਖਿਆ ਮੁਫ਼ਤ ਤੇ ਲਾਜ਼ਮੀ ਹੈ; ਲੱਗਭੱਗ ਸਾਰੇ ਸਕੂਲ ਸਰਕਾਰੀ ਹਨ। ਸਕੂਲਾਂ ਦੇ ਮਾਮਲਿਆਂ ਵਿੱਚ ਫੈਸਲਾਕੁਨ ਅਥਾਰਟੀ ਪ੍ਰਿੰਸੀਪਲ ਹੈ। ਫਿਨਲੈਂਡ ਵਿਚ ਦੇਸ਼ ਪੱਧਰ 'ਤੇ ਸਿੱਖਿਆ ਪਾਠਕ੍ਰਮ ਫਰੇਮਵਰਕ ਮੌਜੂਦ ਹੈ ਪਰ ਸਕੂਲ ਪਾਠਕ੍ਰਮ, ਸਿਲੇਬਸ ਅਤੇ ਕਿਤਾਬਾਂ ਦੀ ਚੋਣ ਦਾ ਅਧਿਕਾਰ ਸਕੂਲਾਂ ਦੀਆਂ ਸਥਾਨਕ ਪ੍ਰਬੰਧਕ ਕਮੇਟੀਆਂ ਅਤੇ ਪ੍ਰਿੰਸੀਪਲਾਂ ਕੋਲ ਹੈ। ਉੱਥੇ ਸੱਤਾ ਬਦਲਣ ਨਾਲ ਸਿੱਖਿਆ ਤੇ ਸਿਹਤ ਢਾਂਚੇ 'ਤੇ ਬਹੁਤਾ ਅਸਰ ਨਹੀਂ ਪੈਂਦਾ। ਕੁੱਲ ਮਿਲਾ ਕੇ ਫਿਨਲੈਂਡ ਵਿੱਚ ਵਿਦਿਆਰਥੀ ਕੇਂਦਰਿਤ, ਤਾਕਤਾਂ ਦੇ ਵਿਕੇਂਦਰੀਕਰਨ ਅਤੇ ਅਕਾਦਮਿਕ ਆਜ਼ਾਦੀ ਆਧਾਰਿਤ ਮਜ਼ਬੂਤ ਤੇ ਮਿਆਰੀ ਸਿੱਖਿਆ ਪ੍ਰਬੰਧ ਹੈ। ਉੱਥੇ ਮਾਤ-ਭਾਸ਼ਾ ਆਧਾਰਿਤ ਸਿੱਖਿਆ 'ਤੇ ਬਹੁਤ ਜ਼ੋਰ ਦਿੱਤੇ ਜਾਣ ਕਾਰਨ ਫਿਨਸ਼ ਅਤੇ ਮਾਨਤਾ ਪ੍ਰਾਪਤ ਬਾਕੀ ਸਥਾਨਕ ਭਾਸ਼ਾਵਾਂ ਸਿੱਖਣ ਦੀ ਇੱਛਾ ਰੱਖਣ ਵਾਲੇ ਬਾਲਗਾਂ ਨੂੰ ਸਰਕਾਰ 200 ਯੂਰੋ ਦਿੰਦੀ ਹੈ; ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾ ਸਿੱਖਣ ਦੀ ਇੱਛਾ ਰੱਖਣ ਵਾਲੇ ਨੂੰ ਆਪਣੀ ਜੇਬ ਢਿੱਲੀ ਕਰਨੀ ਪੈਂਦੀ ਹੈ। ਉੱਥੇ ਹੋਰ ਭਾਸ਼ਾਵਾਂ ਨੂੰ ਦਬਾ ਕੇ ਅੱਗੇ ਵਧਣ ਦੀ ਨੀਤੀ ਨਹੀਂ।

ਸਾਡੇ ਦੇਸ਼ ਵਿੱਚ ਕੇਂਦਰ ਸਰਕਾਰ ਸੱਤਾ ਦੇ ਕੇਂਦਰੀਕਰਨ ਨੂੰ ਮੁੱਖ ਹਥਿਆਰ ਵਜੋਂ ਵਰਤ ਰਹੀ ਹੈ ਅਤੇ ਦੇਸ਼ ਪੱਧਰੀ ਚਰਚਾ ਤੋਂ ਬਿਨਾਂ ਹੀ ਤਿਆਰ ਕੌਮੀ ਸਿੱਖਿਆ ਨੀਤੀ-2020 ਅਤੇ ਕੌਮੀ ਪਾਠਕ੍ਰਮ ਫਰੇਮਵਰਕ-2023 ਜਬਰੀ ਥੋਪੇ ਜਾ ਰਹੇ ਹਨ। 'ਆਪ' ਸਰਕਾਰ ਵੀ ਸਿੱਖਿਆ ਦੇ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਨੂੰ ਹੁਲਾਰਾ ਦਿੰਦੀ ਅਤੇ ਸੰਸਕ੍ਰਿਤ ਤੇ ਹਿੰਦੀ ਭਾਸ਼ਾ 'ਤੇ ਵਧੇਰੇ ਜ਼ੋਰ ਦੇ ਕੇ ਬਾਕੀ ਭਾਸ਼ਾਵਾਂ ਨੂੰ ਖੂੰਜੇ ਲਗਾਉਣ ਵਾਲੀ ਇਹ ਸਿੱਖਿਆ ਨੀਤੀ ਪੰਜਾਬ ਵਿੱਚ ਲਾਗੂ ਕਰ ਰਹੀ ਹੈ। ਕੌਮੀ ਸਿੱਖਿਆ ਨੀਤੀ ਵਿੱਚ ਸੁਝਾਏ ਕੰਪਲੈਕਸ ਸਕੂਲ ਮਾਡਲ ਅਨੁਸਾਰ 'ਸਕੂਲ ਆਫ ਐਮੀਨੈਂਸ' ਸਕੀਮ ਵਿਕਸਿਤ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਵਿੱਚ ਨੇੜਲੇ ਸਕੂਲਾਂ ਦੇ ਰਲੇਵੇਂ ਦੇ ਨਿਸ਼ਾਨੇ ਤਹਿਤ ਉਨ੍ਹਾਂ ਦੇ ਫੀਡਿੰਗ ਘੇਰੇ ਵਿੱਚ ਜਾ ਕੇ ਬੱਸ ਸਰਵਿਸ ਚਲਾਉਣ ਦੇ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਕੌਮੀ ਪਾਠਕ੍ਰਮ ਫਰੇਮਵਰਕ-2023 ਵਿੱਚ ਦੱਸੇ ਪਾਠਕ੍ਰਮ ਟੀਚਿਆਂ ਨੂੰ ਆਧਾਰ ਮੰਨ ਕੇ ਕਿਤਾਬਾਂ ਤਿਆਰ ਕਰਵਾ ਰਿਹਾ ਹੈ ਹਾਲਾਂਕਿ ਇਸ ਦਾ ਸਮੁੱਚਾ ਮੁਲਾਂਕਣ ਕਿਤਾਬਾਂ ਛਪਣ ਤੋਂ ਬਾਅਦ ਹੀ ਹੋ ਸਕੇਗਾ। ਪੀਐੱਮ ਸ੍ਰੀ (ਪ੍ਰਧਾਨ ਮੰਤਰੀ ਸਕੂਲਜ਼ ਫਾਰ ਰਾਇਜ਼ਿੰਗ ਇੰਡੀਆ) ਅਧੀਨ ਲਿਆਂਦੇ ਪੰਜਾਬ ਦੇ 500 ਤੋਂ ਵਧੇਰੇ ਸਕੂਲਾਂ ਵਿੱਚ ਤਾਂ ਕੌਮੀ ਸਿੱਖਿਆ ਨੀਤੀ ਦੇ ਸਾਰੇ ਪੈਰਾਮੀਟਰ (ਸਮੇਤ ਢਾਂਚਾ ਤੇ ਪਾਠਕ੍ਰਮ) ਲਾਗੂ ਕਰਨ ਉੱਪਰ ਸਹਿਮਤੀ ਦਿੱਤੀ ਜਾ ਚੁੱਕੀ ਹੈ।

ਸਰਕਾਰੀ ਦਾਅਵੇ ਦੇ ਉਲਟ ਪੰਜਾਬ ਦੀ ਸਕੂਲੀ ਸਿੱਖਿਆ 'ਚ ਕੋਈ ਕ੍ਰਾਂਤੀਕਾਰੀ ਸੁਧਾਰ ਹੋਣ ਦੀ ਥਾਂ ਇਸ ਦਾ ਪੱਧਰ ਹੋਰ ਨਿਵਾਣ ਵੱਲ ਗਿਆ ਹੈ। ਉਂਝ ਵੀ ਸਿੱਖਿਆ ਢਾਂਚੇ 'ਚ ਵਿਗਿਆਨਕ ਸੁਧਾਰਾਂ ਦੀ ਮੰਗ ਉਥੋਂ ਦੇ ਆਰਥਿਕ ਤੇ ਸਮਾਜਿਕ ਢਾਂਚੇ ਵਿੱਚ ਲੋਕ ਪੱਖੀ ਤਬਦੀਲੀ ਨਾਲ ਜੁੜੇ ਸੰਘਰਸ਼ ਦਾ ਹਿੱਸਾ ਹੁੰਦੀ ਹੈ। ਇਸ ਕਰ ਕੇ ਕੌਮੀ ਸਿੱਖਿਆ ਨੀਤੀ ਪੰਜਾਬ ਵਿੱਚ ਲਾਗੂ ਕਰਨ 'ਤੇ ਰੋਕ ਲਗਾਉਣ, ਸਥਾਨਕ ਹਾਲਾਤ ਅਨੁਸਾਰ ਵਿਗਿਆਨਕ ਲੀਹਾਂ 'ਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ, ਸੱਤਾ ਦੇ ਵਧਦੇ ਕੇਂਦਰੀਕਰਨ ਦੀ ਥਾਂ ਰਾਜਾਂ ਦੇ ਵੱਧ ਅਧਿਕਾਰਾਂ ਨੂੰ ਮਾਨਤਾ ਦਿੰਦਿਆਂ ਸਿੱਖਿਆ ਨੂੰ ਸੰਵਿਧਾਨ ਦੀ ਰਾਜ ਸੂਚੀ ਵਿੱਚ ਦਰਜ ਕਰਨ ਅਤੇ ਸਿੱਖਿਆ ਵਿਭਾਗ ਦੇ ਸਾਰੇ ਅਹੁਦੇ ਸਿੱਖਿਆ ਸ਼ਾਸਤਰੀਆਂ ਨੂੰ ਸੌਂਪਣ ਦੀ ਮੰਗ ਲਈ ਸੰਘਰਸ਼ੀ ਲਾਮਬੰਦੀ ਕਰਨ ਦੇ ਨਾਲ-ਨਾਲ ਜਮਹੂਰੀ ਲਹਿਰ ਨੂੰ ਮਜ਼ਬੂਤ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ।

# ਔਰਤ ਦਾ ਸਨਮਾਨ ਅਤੇ ਹਕੀਕਤ

ਲੇਖਕ : ਇੰਦਰਜੀਤ ਕੌਰ



ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀਆਂ ਇਹ ਸਤਰਾਂ "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ", ਔਰਤ ਦੀ ਮਹੱਤਤਾ, ਇੱਜ਼ਤ ਅਤੇ ਸਨਮਾਨ ਦੀ ਪੂਰੀ ਤਸਵੀਰ ਪੇਸ਼ ਕਰਦੀ ਹੈ। ਪਰ ਅਫ਼ਸੋਸ, ਅੱਜ ਦੇ ਸਮਾਜ ਵਿਚ ਇਹ ਸ਼ਬਦ ਕੇਵਲ ਗ੍ਰੰਥਾਂ ਅਤੇ ਕਿਤਾਬਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ। ਪਰ ਅੱਜ ਦੇ ਸਮਾਜ ਵਿਚ ਔਰਤਾਂ ਦਾ ਹੋ ਰਿਹਾ ਨਿਰਾਦਰ ਅਤੇ ਹਿੰਸਾ ਦੀਆਂ ਅਨੇਕਾਂ ਉਦਹਾਰਣਾਂ ਸਾਨੂੰ ਹਰ ਪਾਸੇ ਨਜ਼ਰ ਆਉਂਦੀਆਂ ਹਨ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਮੁਤਾਬਕ, ਭਾਰਤ ਵਿਚ ਸਿਰਫ਼ 19% ਔਰਤਾਂ ਹੀ ਵਿੱਤੀ ਤੌਰ 'ਤੇ ਸੁਤੰਤਰ ਹਨ। ਇਕ ਹੋਰ ਰਿਪੋਰਟ ਮੁਤਾਬਿਕ 2022 ਵਿਚ ਭਾਰਤ ਦੀ ਮਹਿਲਾ ਸਾਖਰਤਾ ਦਰ 68% ਸੀ, ਜਦਕਿ ਪੁਰਸ਼ਾਂ ਦੀ 84%ਸੀ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਵੇਂ ਔਰਤਾਂ ਨੇ ਹਰ ਖੇਤਰ ਵਿਚ ਆਪਣੀ ਕਾਬਲੀਅਤ ਸਾਬਤ ਕੀਤੀ ਹੈ, ਪਰ ਅਜੇ ਵੀ ਲਿੰਗ ਵਿਤਕਰਾ ਜਾਰੀ ਹੈ। ਇੱਕ ਔਰਤ, ਚਾਹੇ ਘਰੇਲੂ ਹੋਵੇ ਜਾਂ ਕੰਮ ਕਾਜੀ, ਹਮੇਸ਼ਾ ਸਮਾਜ ਲਈ ਕੁਰਬਾਨੀ ਦੀ ਮਿਸਾਲ ਹੈ। ਉਹ ਬੱਚਿਆਂ ਦੀ ਪਰਵਰਿਸ਼ ਕਰਦੀ ਹੈ, ਘਰ ਸੰਭਾਲਦੀ ਹੈ, ਅਤੇ ਕੰਮ ਵੀ ਕਰਦੀ ਹੈ। ਇਸ ਤੋਂ ਇਲਾਵਾ, ਉਹ ਧੀ, ਭੈਣ, ਪਤਨੀ ਅਤ ਮਾਂ ਦੀ ਭੂਮਿਕਾ ਵੀ ਨਿਭਾਉਂਦੀ ਹੈ। ਇਸ ਦੇ ਨਾਲ, ਉਹ ਸਮਾਜ ਵਿਚ ਮਾਰਗ-ਦਰਸ਼ਨ ਦੀ ਭੂਮਿਕਾ ਨਿਭਾਉਂਦੀ ਹੈ, ਨਵੀਆਂ ਪੀੜ੍ਹੀਆਂ ਨੂੰ ਸਿੱਖਿਆ ਦਿੰਦੀ ਹੈ, ਤੇ ਨੈਤਿਕ ਮੁੱਲ ਸਿਖਾਉਂਦੀ ਹੈ। ਉਸ ਦੀ ਭੂਮਿਕਾ ਸਿਰਫ਼ ਘਰ ਤੱਕ ਸੀਮਿਤ ਨਹੀਂ; ਉਸ ਨੇ ਵਪਾਰ, ਤਕਨੀਕ, ਵਿਗਿਆਨ ਅਤੇ ਕਲਾ ਵਿਚ ਵੀ ਆਪਣੀ ਪਛਾਣ ਬਣਾਈ ਹੈ। ਪਰ ਅਜੇ ਵੀ, ਸਮਾਜ ਵਿਚ ਉਸਨੂੰ ਗ਼ੈਰ-ਮਹੱਤਵਪੂਰਨ ਅਤੇ ਅਸਮਾਨਤਾ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਕਈ ਯੁੱਗਾਂ ਤੋਂ ਔਰਤਾਂ ਦੀ ਭਾਗੀਦਾਰੀ ਮਰਦਾਂ ਨਾਲ ਬਰਾਬਰ ਦੀ ਰਹੀ ਹੈ, ਬਲਕਿ ਕਈ ਵਾਰ ਉਹ ਇਸ ਤੋਂ ਵੀ ਵੱਧ ਭੂਮਿਕਾ ਨਿਭਾ ਚੁੱਕੀਆਂ ਹਨ। ਮਾਈ ਭਾਗੋ, ਰਾਣੀ ਝਾਂਸੀ ਅਤੇ ਹੋਰ ਅਨੇਕਾਂ ਔਰਤਾਂ ਨੇ ਆਪਣੀ ਤਾਕਤ, ਬੁੱਧੀਮੱਤਾ ਅਤੇ ਸਾਖਰਤਾ ਨਾਲ ਇਤਿਹਾਸ ਵਿਚ ਆਪਣਾ ਅਲੌਕਿਕ ਨਿਸ਼ਾਨ ਛੱਡਿਆ। ਪਰ ਸਮੇਂ ਦੀ ਧੂੜ ਨੇ ਕਈ ਵਾਰ ਉਨ੍ਹਾਂ ਦੇ ਯੋਗਦਾਨ ਨੂੰ ਧੁੰਦਲਾ ਕਰ ਦਿੱਤਾ ਹੈ। ਹੁਣ ਲੋੜ ਹੈ ਕਿ ਉਹੀ ਸਨਮਾਨ ਮੁੜ ਪ੍ਰਾਪਤ ਕਰ ਕੇ, ਸਮਾਜ ਵਿਚ ਆਪਣੀ ਸ਼ਮੂਲੀਅਤ ਅਤੇ ਪਛਾਣ ਨੂੰ ਮਜ਼ਬੂਤ ਕੀਤਾ ਜਾਵੇ। ਅਕਸਰ ਲਿੰਗ ਸਮਾਨਤਾ ਅਤੇ ਸਨਮਾਨ ਨੂੰ ਇੱਕੋ ਜਿਹਾ ਮੰਨ ਲਿਆ ਜਾਂਦਾ ਹੈ, ਪਰ ਇਹ ਦੋ ਵੱਖਰੀਆਂ ਚੀਜ਼ਾਂ ਹਨ। ਬਰਾਬਰਤਾ ਦਾ ਅਰਥ ਹੈ ਕਿ ਹਰੇਕ ਵਿਅਕਤੀ, ਚਾਹੇ ਉਹ ਕਿਸੇ ਵੀ ਲਿੰਗ, ਧਰਮ ਜਾਂ ਵਰਗ ਨਾਲ ਸੰਬੰਧਤ ਹੋਵੇ, ਉਸ ਨੂੰ ਇੱਕੋ ਜਿਹੇ ਹੱਕ ਮਿਲਣ। ਫਰ ਸਨਮਾਨ ਉਹ ਸੋਚ ਹੈ ਜੋ ਕਿਸੇ ਵਿਅਕਤੀ ਦੀ ਯੋਗਤਾ, ਸਮਰੱਥਾ, ਅਤੇ ਬਲਿਦਾਨ ਦੀ ਮਾਨਤਾ ਦਿੰਦੀ ਹੈ। ਜਦੋਂ ਇੱਕ ਔਰਤ ਨੂੰ ਉਸਦੇ ਅਧਿਕਾਰ ਮਿਲਦੇ ਹਨ, ਤਾਂ ਸਮਾਜ ਤਰੱਕੀ ਕਰਦਾ ਹੈ। ਪਰ ਜਦ ਤਕ ਉਸਨੂੰ ਇੱਜ਼ਤ ਨਹੀਂ ਮਿਲਦੀ, ਬਰਾਬਰਤਾ ਕਦੇ ਵੀ ਪੂਰੀ ਨਹੀਂ ਹੋ ਸਕਦੀ। ਸਮਾਜ ਦੀ ਤਰੱਕੀ ਔਰਤਾਂ ਦੀ ਹਾਲਤ ਨਾਲ ਜੁੜੀ ਹੋਈ ਹੈ। ਜੇਕਰ ਅਸੀਂ ਅਜੇ ਵੀ ਔਰਤ ਨੂੰ ਇਕ 'ਦੂਜੇ ਦਰਜੇ' ਦੀ ਨਾਗਰਿਕ ਸਮਝਦੇ ਰਹੇ, ਤਾਂ ਅਸੀਂ ਇੱਕ ਖੋਖਲੇ, ਪਿੱਛੜੇ ਅਤੇ ਅਣਨੈਤਿਕ ਸਮਾਜ ਵਿਚ ਰਹਿ ਰਹੇ ਹਾਂ। ਸਾਨੂੰ ਔਰਤ ਨੂੰ ਬਰਾਬਰੀ ਨਾਲ, ਸਨਮਾਨ ਦੇਣਾ ਹੋਵੇਗਾ। ਇਸ ਦੇ ਨਾਲਨਾਲ, ਨਵੀਆਂ ਪੀੜ੍ਹੀਆਂ ਲਈ ਸੰਸਕਾਰ ਦੀ ਸਿੱਖਿਆ ਬਹੁਤ ਮਹੱਤਵਪੂਰਨ ਹੈ। ਸਕੂਲ ਅਤੇ ਵਿਦਿਆਰਥੀਆਂ ਵਿਚ ਲਿੰਗ ਸਮਾਨਤਾ ਦੀ ਸਮਝ ਪੈਦਾ ਕਰਨੀ ਚਾਹੀਦੀ ਹੈ, ਤਾਂ ਕਿ ਨਵੀਆਂ ਪੀੜ੍ਹੀਆਂ ਆਪਣੇ ਹੱਕਾਂ ਦੀ ਪਛਾਣ ਕਰ ਸਕਣ। ਉਨ੍ਹਾਂ ਨੂੰ ਵਿਗਿਆਨ, ਤਕਨੀਕ, ਵਪਾਰ ਅਤੇ ਆਰਥਿਕ ਸੁਤੰਤਰਤਾ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਾਜ ਨੂੰ ਲੋੜ ਹੈ ਕਿ ਉਹ ਔਰਤਾਂ ਦੀ ਆਵਾਜ਼ ਬਣੇ, ਉਨ੍ਹਾਂ ਨੂੰ ਆਤਮ-ਨਿਰਭਰ ਬਣਾਵੇ, ਅਤੇ ਉਨ੍ਹਾਂ ਨੂੰ ਆਪਣੀਆਂ ਯੋਗਤਾਵਾਂ ਅਤੇ ਸ਼ਕਤੀ ਨੂੰ ਸਮਝਣ ਲਈ ਉਤਸ਼ਾਹਿਤ ਕਰੇ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੋ ਸਿੱਖਿਆ ਦਿੱਤੀ ਅਤੇ ਰਸਤਾ ਵਿਖਾਇਆ, ਉਸ 'ਤੇ ਚੱਲਣ ਦੀ ਲੋੜ ਹੈ—ਜਿਥੇ ਔਰਤ ਨੂੰ ਉੱਚਾ ਦਰਜਾ ਮਿਲੇ, ਜਿਥੇ ਉਹ ਆਤਮ-ਨਿਰਭਰ ਹੋਵੇ, ਤੇ ਜਿਥੇ ਉਹ ਸਿਰਫ਼ ਸਮਾਨਤਾ ਨਹੀਂ, ਸਨਮਾਨ ਵੀ ਪ੍ਰਾਪਤ ਕਰੇ।

# ਸਿਹਤ ਸੰਸਾਰ



## ਤਣਾਅ ਦੂਰ ਕਰਨ ਲਈ ਕੀ ਖਾਈਏ?

ਲੇਖਕ : ਸੁਨੀਤਾ ਗਾਬਾ

ਤਣਾਅਗ੍ਰਸਤ ਲੋਕ ਜਾਂ ਤਾਂ ਖਾਣਾ ਕਾਫੀ ਘੱਟ ਖਾਂਦੇ ਹਨ ਜਾਂ ਫਿਰ ਜ਼ਿਆਦਾ ਖਾਣਾ ਖਾਂਦੇ ਹਨ। ਦੋਵੇਂ ਹੀ ਹਾਲਤਾਂ ਤਣਾਅ ਵਿਚ ਨੁਕਸਾਨ ਪਹੁੰਚਾਉਂਦੀਆਂ ਹਨ।

ਸੇਬ : ਜਦੋਂ ਤਣਾਅ ਹੁੰਦਾ ਹੈ ਤਾਂ ਸਾਡੇ ਸਰੀਰ ਵਿਚ ਸੈੱਲ ਬਣਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਜੇ ਅਸੀਂ ਨਿਯਮਤ ਸੇਬ ਖਾਂਦੇ ਰਹੀਏ ਜਾਂ ਤਣਾਅਗ੍ਰਸਤ ਹੋਣ 'ਤੇ ਸੇਬ ਦਾ ਸੇਵਨ ਕਰੀਏ ਤਾਂ ਇਹ ਸਾਡੇ ਆਕਸੀਡੇਟਿਵ ਤਣਾਅ ਨੂੰ ਘੱਟ ਕਰਦਾ ਹੈ ਅਤੇ ਸੈੱਲ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼। ਸੇਬ ਵਿਚ ਆਇਰਨ ਅਤੇ ਫਾਸਫੋਰਸ ਦੀ ਮਾਤਰਾ ਕਾਫੀ ਹੁੰਦੀ ਹੈ। ਮਾਹਰਾਂ ਅਨੁਸਾਰ ਸੇਬ ਖਾਲੀ ਪੇਟ ਨਾ ਖਾਓ। ਪੇਟ ਖਰਾਬ ਹੋ ਸਕਦਾ ਹੈ। ਦਿਨ ਵਿਚ ਦੋ ਸੇਬ ਖਾਓ। ਜੂਸ ਨੂੰ ਪਹਿਲ ਨਾ ਦਿਓ, ਕਿਉਂਕਿ ਜੂਸ ਨਾਲ ਸਾਨੂੰ ਫਾਈਬਰ ਨਹੀਂ ਮਿਲਦੇ।

ਔਲਾ : ਔਲਾ ਵਿਟਾਮਿਨ 'ਸੀ' ਨਾਲ ਭਰਪੂਰ ਹੁੰਦਾ ਹੈ ਅਤੇ ਸਾਡੇ ਸਰੀਰ ਨੂੰ ਬਹੁਤ ਲਾਭ ਦੇਣ ਵਾਲਾ ਫਲ ਹੈ। ਔਲੇ ਦਾ ਨਿਯਮਤ ਸੇਵਨ ਕਰਨ 'ਤੇ ਤਣਾਅ ਨਾਲ ਸਰੀਰ ਨੂੰ ਹੋਣ ਵਾਲਾ ਨੁਕਸਾਨ ਘੱਟ ਹੋ ਜਾਂਦਾ ਹੈ। ਤਣਾਅ ਨਾਲ ਸਾਡੇ ਬਲੱਡ ਵੇਸਲਜ਼ ਅਤੇ ਕੈਪਿਲਰੀਜ਼ ਮੋਟੇ ਹੋ ਕੇ ਆਕੜ ਜਾਂਦੇ ਹਨ, ਜਿਸ ਨੂੰ ਵਿਟਾਮਿਨ 'ਸੀ' ਕਾਫੀ ਹੱਦ ਤੱਕ ਦੂਰ ਕਰ ਦਿੰਦਾ ਹੈ। ਮਾਹਿਰਾਂ ਅਨੁਸਾਰ ਨਿਯਮਤ ਰੂਪ ਨਾਲ ਦੋ ਔਲੇ ਲਓ। ਜਦੋਂ ਔਲੇ ਦਾ ਮੌਸਮ ਨਾ ਹੋਵੇ ਤਾਂ ਬਾਜ਼ਾਰੋਂ ਸੁੱਕੇ ਮਿੱਠੇ ਔਲੇ ਲੈ ਸਕਦੇ ਹੋ, ਕਿਉਂਕਿ ਔਲੇ ਨੂੰ ਕਿਸੇ ਵੀ ਰੂਪ ਵਿਚ ਲੈਣ ਨਾਲ ਇਸ ਦੇ ਗੁਣ ਘੱਟ ਨਹੀਂ ਹੁੰਦੇ।

ਕੇਲਾ : ਕੇਲੇ ਵਿਚ ਪੋਟਾਸ਼ੀਅਮ ਅਤੇ ਕਾਰਬੋਹਾਈਡ੍ਰੇਟਸ ਭਰਪੂਰ ਮਾਤਰਾ ਵਿਚ ਹੁੰਦੇ ਹਨ। ਕਾਰਬੋਹਾਈਡ੍ਰੇਟਸ ਸਰੀਰ ਨੂੰ ਰਿਲੈਕਸ ਕਰਨ ਵਿਚ ਮਦਦ ਦਿੰਦੇ ਹਨ। ਪੋਟਾਸ਼ੀਅਮ ਦੀ ਕਮੀ ਨਾਲ ਸਰੀਰ ਥੱਕਿਆ-ਥੱਕਿਆ, ਨੀਂਦ ਨਾ ਆਉਣਾ, ਸਾਹ ਫੁੱਲਣਾ, ਬਲੱਡ ਸ਼ੂਗਰ ਘਟਣਾ ਆਮ ਗੱਲ ਹੈ ਅਤੇ ਜਦੋਂ ਤੁਸੀਂ ਤਣਾਅਗ੍ਰਸਤ ਹੁੰਦੇ ਹੋ ਤਾਂ ਇਹ ਪ੍ਰੇਸ਼ਾਨੀਆਂ ਹੋਰ ਵਧ ਜਾਂਦੀਆਂ ਹਨ। ਦਿਲ ਦੇ ਪੱਠਿਆਂ ਨੂੰ ਵੀ ਪੋਟਾਸ਼ੀਅਮ ਤਾਕਤਵਰ ਬਣਾਉਂਦਾ ਹੈ। ਤਣਾਅ ਦੇ ਦਿਨਾਂ ਵਿਚ ਘੱਟ ਤੋਂ ਘੱਟ ਦੋ ਕੇਲੇ ਰੋਜ਼ ਖਾਓ। ਕਾਰਬੋਹਾਈਡ੍ਰੇਟਸ ਵਾਲੇ ਭੋਜਨ ਲਓ, ਜਿਵੇਂ ਆਲੂ, ਮਟਰ, ਬੀਨਸ ਆਦਿ।

ਓਟਸ : ਓਟਸ ਵਿਚ ਰੇਸ਼ੇ ਦੀ ਭਰਮਾਰ ਹੁੰਦੀ ਹੈ ਅਤੇ ਇਹ ਰੇਸ਼ਾ ਘੁਲਣਸ਼ੀਲ ਹੁੰਦਾ ਹੈ ਜੋ ਕੋਲੈਸਟ੍ਰੋਲ ਪੱਧਰ ਨੂੰ ਘੱਟ ਕਰਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਵੀ।

ਓਟਸ ਵਿਚ ਅਜਿਹੇ ਰਸਾਇਣ ਹੁੰਦੇ ਹਨ ਜੋ ਸਾਡੇ ਪਾਚਣ ਅੰਗਾਂ ਅਤੇ ਬਲੱਡ ਸ਼ੂਗਰ ਨੂੰ ਠੀਕ ਕਰਦੇ ਹਨ। ਇਸ ਤਰ੍ਹਾਂ ਤਣਾਅ ਵਿਚ ਸਾਨੂੰ ਇਹ ਲਾਭ ਪਹੁੰਚਾਉਂਦੇ ਹਨ। ਓਟ ਬਾਨ ਨੂੰ ਕਣਕ ਦੇ ਆਟੇ ਵਿਚ ਮਿਲਾ ਕੇ ਰੋਟੀ ਦੇ ਰੂਪ ਵਿਚ ਲੈ ਸਕਦੇ ਹੋ, ਦਹੀਂ ਵਿਚ ਮਿਕਸ ਕਰਕੇ ਖਾ ਸਕਦੇ ਹੋ ਅਤੇ ਸਲਾਦ 'ਤੇ ਛਿੜਕ ਕੇ ਖਾ ਸਕਦੇ ਹੋ।

## ਚੰਗੀ ਹੈ ਛੇ ਮਿੰਟ ਦੀ ਕਸਰਤ



ਕਸਰਤ ਕਰਨਾ ਭਾਵੇਂ ਕਿਸੇ ਨੂੰ ਵੀ ਚੰਗਾ ਨਹੀਂ ਲਗਦਾ ਪਰ ਸਿਹਤ ਨੂੰ ਠੀਕ ਰੱਖਣ ਲਈ ਕਸਰਤ ਕਰਨਾ ਬਹੁਤ ਜ਼ਰੂਰੀ ਹੈ । ਹੁਣ ਲੰਦਨ ਦੇ 'ਬਾਇਓਮੈਟ ਸੈਂਟਰਲ ਇਨਡਾਕਟਰੀਨ ਡਿਸਆਡਰਸ ਜਨਰਲ' ਵਿਚ ਪ੍ਰਕਾਸ਼ਿਤ ਇਕ ਖੋਜ ਦੇ ਅਨੁਸਾਰ ਜਦੋਂ ਹਫਤੇ ਵਿਚ ਹਰ ਰੋਜ਼ 7 ਮਿੰਟ ਵੀ ਕਸਰਤ ਕਰ ਲਈ ਜਾਵੇ ਤਾਂ ਸਾਡੀ ਸਿਹਤ ਦੇ ਲਈ ਕਾਫੀ ਲਾਭਦਾਇਕ ਹੋ ਸਕਦੀ ਹੈ । ਏਡਿਨ ਬਰਾਕੀ ਹੈਰਿਯਟ ਵਾਟ ਯੂਨੀਵਰਸਿਟੀ ਦੇ ਖੋਜਕਰਤਾ ਜੇਮਸ ਟੀਮਨਸ ਨੇ 16 ਵਿਅਕਤੀਆਂ ਨੂੰ ਐਕਸਰਸਾਈਜ਼ ਸਾਈਕਲ 'ਤੇ ਹਫਤੇ ਦੇ ਸੱਤੇ ਦਿਨ 2-2 ਵਾਰ ਪ੍ਰਤੀ ਦਿਨ 3 ਮਿੰਟ ਤੱਕ ਕਸਰਤ ਕਰਵਾਈ । ਦੋ ਹਫਤੇ ਬਾਅਦ ਜਾਂਚ ਕਰਨ 'ਤੇ ਪਾਇਆ ਗਿਆ ਕਿ ਭਾਗ ਲੈਣ ਵਾਲਿਆਂ ਦੇ ਸਰੀਰ ਵਿਚ ਗੁਲੂਕੋਜ਼ ਦਾ ਪ੍ਰਯੋਗ ਕਰਨ ਦੀ ਇੰਸੁਲਿਨ ਦੀ ਸਮਰੱਥਾ 23 ਫੀਸਦੀ ਵਧੀ ਸੀ । ਇਹ ਪ੍ਰਭਾਵ ਕਸਰਤ ਖ਼ਤਮ ਕਰਨ ਤੋਂ ਬਾਅਦ 10 ਦਿਨ ਤੱਕ ਬਣਿਆ ਰਿਹਾ । ਇਸ ਲਈ ਕੋਈ ਨਾ ਕੋਈ ਕਸਰਤ ਜ਼ਰੂਰ ਕਰਦੇ ਰਹੋ ।


## ਹਕਲਾਹਟ
### ਇਸ ਦਾ ਇਲਾਜ ਸੰਭਵ ਹੈ

ਲੇਖਕ : ਪਰਣਿਮਾ ਮਿਤਰਾ

ਬੜੇ ਦੁੱਖ ਦੀ ਗੱਲ ਹੈ ਕਿ ਅੱਜ ਅਨੇਕਾਂ ਮਾਤਾ-ਪਿਤਾ ਸਹੀ ਸਮੇਂ 'ਤੇ ਹਕਲਾਹਟ ਤੋਂ ਗ੍ਰਸਤ ਬੱਚਿਆਂ ਦਾ ਇਲਾਜ ਨਹੀਂ ਕਰਵਾਉਂਦੇ, ਜਿਸ ਕਾਰਨ ਲੋਕ ਉਨ੍ਹਾਂ ਦੀ ਨਕਲ ਉਤਾਰ ਕੇ ਉਨ੍ਹਾਂ ਨੂੰ ਚਿੜਾਉਂਦੇ ਰਹਿੰਦੇ ਹਨ । ਇਸ ਨਾਲ ਅਜਿਹੇ ਬੱਚਿਆਂ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ ।

ਹਕਲਾਹਟ ਤੋਂ ਪੀੜਤ ਬੱਚਿਆਂ ਦੀ ਪ੍ਰਤਿਭਾ ਅਤੇ ਆਤਮਵਿਸ਼ਵਾਸ ਦਬ ਜਾਂਦਾ ਹੈ । ਇਸ ਲਈ ਅਜਿਹੇ ਬੱਚਿਆਂ ਦੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦੀ ਹਕਲਾਹਟ ਦੂਰ ਕਰਨ ਲਈ ਤਾਵੀਜ਼2 ਜਾਂ ਕਿਸਮਤ ਦੇ ਭਰੋਸੇ ਰਹਿਣ ਦੀ ਬਜਾਏ ਉਨ੍ਹਾਂ ਦਾ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ ।

ਅਜਿਹੇ ਬੱਚਿਆਂ ਦਾ ਇਲਾਜ ਕਰਦੇ ਮਾਹਿਰ ਕਹਿੰਦੇ ਹਨ ਕਿ ਬਚਪਨ ਵਿਚ ਹੀ ਅਜਿਹੇ ਰੋਗੀਆਂ ਦਾ ਇਲਾਜ ਕਰਵਾਉਣ ਨਾਲ ਬਹੁਤ ਜਲਦੀ ਹਾਂ-ਪੱਖੀ ਨਤੀਜੇ ਮਿਲ ਜਾਂਦੇ ਹਨ । ਡਾਕਟਰ ਅਤੇ ਮਾਪਿਆਂ ਨੂੰ ਧੀਰਜ ਰੱਖ ਕੇ ਚੱਲਣਾ ਪੈਂਦਾ ਹੈ, ਕਿਉਂਕਿ ਕੁਝ ਰੋਗੀਆਂ ਦਾ ਇਲਾਜ ਬੜੀ ਦੇਰ ਬਾਅਦ ਸੰਭਵ ਹੁੰਦਾ ਹੈ । ਵੈਸੇ ਆਧੁਨਿਕ ਖੋਜਾਂ ਦੇ ਅਨੁਸਾਰ ਬੱਚਿਆਂ ਵਿਚ ਹਕਲਾਹਟ ਸਰੀਰਕ ਅਤੇ ਮਾਨਸਿਕ ਕਾਰਨਾਂ ਕਰਕੇ ਹੁੰਦੀ ਹੈ । ਸਰੀਰਕ ਕਾਰਨਾਂ ਵਿਚ ਗਰਭ ਅਵਸਥਾ ਦੌਰਾਨ ਭਰੂਣ ਨੂੰ ਸਹੀ ਮਾਤਰਾ ਵਿਚ ਆਕਸੀਜਨ ਨਾ ਮਿਲਣ ਕਾਰਨ ਨੁਕਸਾਨ ਪੁੱਜਣ ਨਾਲ ਗਲੇ ਦੇ ਵੋਕਲ ਕਾਰਡ ਵਿਚ ਖਰਾਬੀ, ਜੀਭ ਜਾਂ ਤਾਲੂ ਵਿਚ ਕੋਈ ਵਿਗਾੜ ਹੋਣ ਕਾਰਨ ਸਿਰ ਦੇ ਪਿਛਲੇ ਹਿੱਸੇ ਵਿਚ ਸੱਟ ਪੁੱਜਣ ਨਾਲ ਜਾਂ ਵੰਸ਼ਜ ਦੋਸ਼ ਹੋਣ ਕਾਰਨ ਹੁੰਦੀ ਹੈ ।



ਇਸੇ ਤਰ੍ਹਾਂ ਮਾਨਸਿਕ ਕਾਰਨਾਂ ਵਿਚ ਮਾਤਾ-ਪਿਤਾ, ਦਾਦਾ-ਦਾਦੀ, ਮਾਮਾ-ਮਾਸੀ, ਨਾਨਾ-ਨਾਨੀ ਵਿਚੋਂ ਕਿਸੇ ਨੂੰ ਇਹ ਬਿਮਾਰੀ ਹੋਣਾ, ਘਰ ਦਾ ਵਾਤਾਵਰਨ ਕਲੇਸ਼ਪੂਰਨ ਜਾਂ ਘੁਟਨ ਭਰਿਆ ਹੋਣਾ, ਮਾਤਾ-ਪਿਤਾ ਵਿਚੋਂ ਕਿਸੇ ਦਾ ਬੱਚੇ ਪ੍ਰਤੀ ਦਮਨਕਾਰੀ ਰਵੱਈਆ ਹੋਣਾ ਅਤੇ ਆਤਮਵਿਸ਼ਵਾਸ ਦੀ ਕਮੀ ਹੋਣਾ ਪ੍ਰਮੁੱਖ ਕਾਰਨ ਹਨ । ਪਹਿਲਾਂ ਅਜਿਹੇ ਬੱਚਿਆਂ ਲਈ ਕਾਫੀ ਇਲਾਜ ਅਤੇ ਮਾਰਗ ਦਰਸ਼ਨ ਦੀਆਂ ਸਹੂਲਤਾਂ ਨਾ ਦੇ ਬਰਾਬਰ ਸਨ ਪਰ ਹੁਣ ਅਜਿਹਾ ਨਹੀਂ ਹੈ । ਹਰ ਛੋਟੇ-ਵੱਡੇ ਸ਼ਹਿਰ ਵਿਚ ਸਪੀਚ ਥਰੈਪੀ ਸੈਂਟਰ ਖੁੱਲ੍ਹੇ ਹੋਏ ਹਨ । ਇਸ ਬਿਮਾਰੀ ਦੇ ਲਈ ਐਲੋਪੈਥਿਕ ਅਤੇ ਹੋਮਿਓਪੈਥਿਕ ਦੋਵੇਂ ਤਰ੍ਹਾਂ ਦੇ ਇਲਾਜ ਮੌਜੂਦ ਹਨ । ਇਸ ਤੋਂ ਇਲਾਵਾ ਘਰ ਵਾਲਿਆਂ ਨੂੰ ਵੀ ਕੁਝ ਧਿਆਨ ਰੱਖਣਾ ਹੋਵੇਗਾ-

- ਹਮੇਸ਼ਾ ਹਕਲਾਹਟ ਦੇ ਸ਼ਿਕਾਰ ਬੱਚੇ ਦਾ ਮਨੋਬਲ ਬਣਾਈ ਰੱਖੋ । ਉਸ ਨੂੰ ਚਿੜਾਓ ਜਾਂ ਦੁਰਕਾਰੋ ਨਾ ।
- ਬੱਚਿਆਂ ਨੂੰ ਘਰ 'ਚ ਖੁੱਲ੍ਹਾ ਵਾਤਾਵਰਨ ਦਿਓ ਤਾਂ ਕਿ ਬਿਨਾਂ ਸੰਕੋਚ ਆਪਣੇ ਮਨ ਦੀ ਗੱਲ ਦੱਸ ਸਕਣ ।
- ਅਕਸਰ ਅਜਿਹੇ ਬੱਚਿਆਂ ਦੀ ਬੋਲਣ ਗਤੀ ਬੜੀ ਤੇਜ਼ ਹੁੰਦੀ ਹੈ, ਜਿਸ ਕਰਕੇ ਬੋਲਦੇ ਸਮੇਂ ਜਟਿਲ ਵਾਕ ਦਾ ਪੂਰੀ ਤਰ੍ਹਾਂ ਉਚਾਰਨ ਨਹੀਂ ਹੋ ਪਾਉਂਦਾ ।
- ਉਸ ਨੂੰ ਹੌਲੀ-ਹੌਲੀ ਬੋਲਣ ਦਾ ਅਭਿਆਸ ਕਰਵਾਓ ।
- ਬੱਚੇ ਨੂੰ ਖੇਡਾਂ, ਸੰਗੀਤ, ਸਕੇਟਿੰਗ, ਯੋਗਾ ਜਾਂ ਮਾਰਸ਼ਲ ਆਰਟ ਦੀਆਂ ਕਲਾਸਾਂ ਵਿਚ ਭਰਤੀ ਕਰਵਾਓ ।
- ਵੱਖ-ਵੱਖ ਸਮਾਜਿਕ ਸਮਾਰੋਹਾਂ ਵਿਚ ਉਸ ਨੂੰ ਖੁੱਲ੍ਹ ਕੇ ਹਿੱਸਾ ਲੈਣ ਲਈ ਕਹੋ । ਲੋਕਾਂ ਨਾਲ ਉਸ ਦੀ ਜਾਣ-ਪਛਾਣ ਕਰਵਾ ਕੇ ਉਸ ਨੂੰ ਬੋਲਣ ਦਾ ਮੌਕਾ ਦਿਓ ।
- ਜਿਨ੍ਹਾਂ ਸ਼ਬਦਾਂ ਦਾ ਉਚਾਰਨ ਕਰਦੇ ਸਮੇਂ ਬੱਚਾ ਥਥਲਾਉਂਦਾ ਜਾਂ ਹਕਲਾਉਂਦਾ ਹੈ ਤਾਂ ਅਜਿਹੇ ਵਿਚ ਬੱਚੇ ਨੂੰ ਜ਼ਬਰਦਸਤੀ ਬੋਲਣ ਲਈ ਨਾ ਕਹੋ ।

## ਸਬਜ਼ੀਆਂ ਵਿਚ ਵੀ ਛੁਪੇ ਹਨ ਦਵਾਈ ਵਾਲੇ ਗੁਣ

ਲੇਖਕ : ਆਨੰਦ ਕੁਮਾਰ ਅਨੰਤ



ਸਾਡੇ ਆਸ-ਪਾਸ ਅਨੇਕ ਅਜਿਹੇ ਰੁੱਖ-ਬੂਟੇ ਹੁੰਦੇ ਹਨ, ਜਿਨ੍ਹਾਂ ਦਾ ਦਵਾਈ ਵਜੋਂ ਮਹੱਤਵ ਬਹੁਤ ਜ਼ਿਆਦਾ ਹੈ। ਅੰਗਰੇਜ਼ੀ ਦਵਾਈਆਂ ਜਿਥੇ ਸਰੀਰ ਦੇ ਕਿਸੇ ਨਾ ਕਿਸੇ ਅੰਗ 'ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ, ਉਥੇ ਕੁਦਰਤੀ ਰੂਪ ਨਾਲ ਪ੍ਰਾਪਤ ਪੱਤੇ, ਫਲ, ਜੜ੍ਹੀ ਬੂਟੀਆਂ ਰੋਗਾਂ ਦਾ ਨਾਸ਼ ਕਰਨ ਦੇ ਨਾਲ-ਨਾਲ ਸਿਹਤ 'ਤੇ ਵਧੀਆ ਅਸਰ ਪਾਉਂਦੀਆਂ ਹਨ। ਦੂਜਾ ਇਨ੍ਹਾਂ ਵਿਚੋਂ ਬਹੁਤੀਆਂ ਚੀਜ਼ਾਂ ਤਾਂ ਸਾਡੇ ਘਰ ਵਿਚ ਜਾਂ ਰਸੋਈ ਵਿਚ ਹੀ ਮੌਜੂਦ ਹੁੰਦੀਆਂ ਹਨ। ਇਥੇ ਸਿਹਤ ਲਈ ਗੁਣਕਾਰੀ ਅਤੇ ਦਵਾਈ ਵਾਲੇ ਗੁਣਾਂ ਨਾਲ ਭਰਪੂਰ ਬਨਸਪਤੀਆਂ ਦੀ ਚਰਚਾ ਪੇਸ਼ ਕੀਤੀ ਜਾ ਰਹੀ ਹੈ।

ਮੇਥੀ : ਮੇਥੀ ਦੇ ਪੌਦੇ ਨੂੰ ਸਬਜ਼ੀ ਦੇ ਰੂਪ ਵਿਚ ਖਾਧਾ ਜਾਂਦਾ ਹੈ। ਖੰਘ, ਦਮਾ ਅਤੇ ਸੰਧਿਵਾਤ ਦੇ ਇਲਾਜ ਵਿਚ ਇਸ ਦੀ ਵਰਤੋਂ ਦਵਾਈ ਦੇ ਰੂਪ ਵਿਚ ਹੁੰਦੀ ਹੈ। ਪਿਸ਼ਾਬ ਦੀ ਗੜਬੜੀ, ਕਬਜ਼ ਅਤੇ ਕਟਿਵਾਤ ਵਿਚ ਵੀ ਇਹ ਲਾਭਦਾਇਕ ਹੈ। ਮੇਥੀ ਦੇ ਪੱਤਿਆਂ ਦੀ ਪੁਲਟਿਸ ਬਾਹਰੀ ਅਤੇ ਅੰਦਰੂਨੀ ਸੋਜ ਵਿਚ ਲਾਭਦਾਇਕ ਹੁੰਦੀ ਹੈ।

ਪੁਦੀਨਾ : ਇਸ ਦੇ ਰਸ ਨੂੰ ਪਿਆਜ਼ ਨਾਲ ਮਿਲਾ ਕੇ ਵਰਤੋਂ ਕਰਨ ਨਾਲ ਉਲਟੀ ਦੀ ਸ਼ਿਕਾਇਤ ਨਹੀਂ ਰਹਿੰਦੀ। ਇਸ ਤੋਂ ਇਲਾਵਾ ਇਸ ਨਾਲ ਕਾਰੋਬਾਰੀ ਪੱਧਰ 'ਤੇ ਪਿਪਰਮਿੰਟ ਬਣਾਇਆ ਜਾਂਦਾ ਹੈ, ਜੋ ਅਨੇਕ ਉਤਪਾਦਾਂ ਅਤੇ ਦਵਾਈਆਂ ਬਣਾਉਣ ਦੇ ਕੰਮ ਆਉਂਦਾ ਹੈ।

ਮਿਰਚ : ਮਿਰਚ ਦਾ ਪਾਊਡਰ ਕੁੱਤੇ ਦੀ ਕੱਟੀ ਜਗ੍ਹਾ 'ਤੇ ਲਗਾਉਣ ਨਾਲ ਜ਼ਹਿਰ ਬੇਅਸਰ ਹੋ ਜਾਂਦਾ ਹੈ। ਇਸ ਨਾਲ ਸਰੀਰ ਸੁੰਨ ਹੋ ਜਾਣ ਦੀ ਸਥਿਤੀ ਵਿਚ ਅਤੇ ਹੈਜ਼ੇ ਵਿਚ ਵੀ ਰਾਹਤ ਮਿਲਦੀ ਹੈ।

ਕਰੇਲਾ : ਕਰੇਲਾ ਭਾਵੇਂ ਕਸੈਲਾ ਹੁੰਦਾ ਹੈ ਪਰ ਇਸ ਦੇ ਗੁਣਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਸ ਦੀ ਜੜ੍ਹ, ਪੱਤੇ ਅਤੇ ਫਲ ਸਾਰੇ ਫਾਇਦੇਮੰਦ ਹਨ। ਕਰੇਲੇ ਦੀ ਜੜ੍ਹ ਦੁਖਦੀ ਅੱਖ ਲਈ ਗੁਣਕਾਰੀ ਹੈ। ਇਸ ਦੇ ਪੱਤੇ ਫਿੰਨਸੀਆਂ ਅਤੇ ਜ਼ਖ਼ਮ ਲਈ ਮਲ੍ਹਮ ਦਾ ਕੰਮ ਕਰਦੇ ਹਨ। ਫਲ, ਪੱਤੇ ਕੀਟਨਾਸ਼ਕ ਹਨ। ਕੁਸ਼ਟ ਰੋਗ, ਬਵਾਸੀਰ ਅਤੇ ਪੇਟ ਦੇ ਕੀੜੇ ਕੱਢਣ ਵਾਲੀ ਦਵਾਈ ਦੇ ਰੂਪ ਵਿਚ ਵੀ ਇਨ੍ਹਾਂ ਦੀ ਵਰਤੋਂ ਹੁੰਦੀ ਹੈ। ਇਸ ਤੋਂ ਇਲਾਵਾ ਇਸ ਨੂੰ ਗਠੀਆ ਅਤੇ ਸ਼ੂਗਰ ਰੋਗਾਂ ਵਿਚ ਵੀ ਸੇਵਨ ਕੀਤਾ ਜਾਂਦਾ ਹੈ।

ਲਸੂੜਾ : ਇਸ ਫਲ ਦਾ ਭਾਰਤ ਦੇ ਕੁਝ ਖੇਤਰਾਂ ਵਿਚ ਅਚਾਰ ਬਣਾਇਆ ਜਾਂਦਾ ਹੈ। ਗਲੇ ਦੇ ਰੋਗਾਂ ਵਿਚ ਇਸ ਦਾ ਸੇਵਨ ਲਾਭਕਾਰੀ ਹੁੰਦਾ ਹੈ, ਖਾਸ ਕਰਕੇ ਉਦੋਂ ਜਦੋਂ ਬਲਗਮ ਸਾਹ ਨਲੀ ਵਿਚ ਜੰਮ ਗਈ ਹੋਵੇ। ਕਬਜ਼ ਦੂਰ ਕਰਨ ਵਿਚ ਵੀ ਇਸ ਦੀ ਵਰਤੋਂ ਹੁੰਦੀ ਹੈ।

ਮੂਲੀ : ਇਸ ਨੂੰ ਸਲਾਦ ਦੇ ਰੂਪ ਵਿਚ ਖਾਧਾ ਜਾਂਦਾ ਹੈ। ਨਮਕ ਦੇ ਨਾਲ ਖਾਣ ਨਾਲ ਪਾਚਣ ਕਿਰਿਆ ਦਰੁਸਤ ਹੁੰਦੀ ਹੈ। ਇਹ ਮੂਤਰਵਰਧਕ ਹੁੰਦੀ ਹੈ। ਗੁਰਦਿਆਂ ਵਿਚ ਪੱਥਰੀ ਹੋਣ ਅਤੇ ਪਲੀਹਾ ਦੇ ਵਧ ਜਾਣ 'ਤੇ ਇਹ ਲਾਭਦਾਇਕ ਹੁੰਦੀ ਹੈ।

ਲਸਣ : ਇਸ ਦਾ ਚੂਰਨ ਪਾਚਕ, ਪੇਟ ਦੇ ਵਿਕਾਰਾਂ ਵਿਚ ਲਾਭਦਾਇਕ ਅਤੇ ਪਾਚਣ ਸਬੰਧੀ ਰੋਗਾਂ ਦੇ ਇਲਾਜ ਵਿਚ ਫਾਇਦੇਮੰਦ ਹੁੰਦਾ ਹੈ। ਮਿਰਗੀ ਉਦਰ-ਵਿਕਾਰਾਂ ਅਤੇ ਸਿਰਦਰਦ ਦੀ ਸਥਿਤੀ ਵਿਚ ਇਸ ਨੂੰ ਨਮਕ ਦੇ ਨਾਲ ਖਾਧਾ ਜਾਂਦਾ ਹੈ। ਗਲੇ ਦੀ ਖਰਾਸ਼, ਦਮਾ, ਆਮ ਅਧਰੰਗ ਆਦਿ ਵਿਚ ਵੀ ਲਸਣ ਫਾਇਦੇਮੰਦ ਹੁੰਦਾ ਹੈ। ਦਾਦ 'ਤੇ ਇਸ ਨੂੰ ਮਲਣ ਨਾਲ ਆਰਾਮ ਮਿਲਦਾ ਹੈ।

ਧਨੀਆ : ਸਬਜ਼ੀਆਂ ਦਾ ਸਵਾਦ ਵਧਾਉਣ ਦੇ ਨਾਲ-ਨਾਲ ਧਨੀਏ ਦੀ ਵਰਤੋਂ ਦਵਾਈ ਦੇ ਰੂਪ ਵਿਚ ਵੀ ਕੀਤੀ ਜਾਂਦੀ ਹੈ। ਇਸ ਦੀ ਤਾਸੀਰ ਠੰਢੀ ਮੰਨੀ ਜਾਂਦੀ ਹੈ। ਇਹ ਬਦਹਜ਼ਮੀ, ਉਦਰ-ਵਿਕਾਰਾਂ ਅਤੇ ਅਮਲਪਿਤ ਦੀ ਗੜਬੜੀ ਦੀ ਦਸ਼ਾ ਵਿਚ ਲਾਭਦਾਇਕ ਹੁੰਦਾ ਹੈ। ਇਸ ਦੇ ਭੁੰਨੇ ਬੀਜ ਮੰਦਾਗਿਨ ਵਿਚ ਲਾਭ ਪਹੁੰਚਾਉਂਦੇ ਹਨ। ਚਮੜੀ ਦੇ ਜ਼ਿਆਦਾ ਲਾਲ ਹੋ ਜਾਣ 'ਤੇ ਧਨੀਏ ਦਾ ਰਸ ਲਗਾਇਆ ਜਾਂਦਾ ਹੈ। ਇਹ ਭੁੱਖ ਵਧਾਉਣ ਵਾਲਾ ਹੁੰਦਾ ਹੈ। ਪੀਸੇ ਧਨੀਏ ਦਾ ਲੇਪ ਮੱਥੇ 'ਤੇ ਲਗਾਉਣ ਨਾਲ ਸਿਰਦਰਦ ਤੋਂ ਰਾਹਤ ਮਿਲਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਆਸ਼ਕੀ ਨਿਗ੍ਹਾ



ਸੱਥ ਵਿੱਚ ਤਾਸ਼ ਖੇਡੀ ਜਾਂਦਿਆਂ ਕੋਲ ਖੇਸੀ ਦੀ ਬੁੱਕਲ ਮਾਰੀ ਖੜ੍ਹੇ ਟਹਿਲ ਮੈਂਬਰ ਕੇ ਗੱਜੂ ਨੂੰ ਸੱਥ ਕੋਲੋਂ ਲੰਘਿਆ ਜਾਂਦਾ ਸੰਤੋਖੇ ਬੁੜ੍ਹੇ ਕਾ ਕਾਂਚੀ ਕਹਿੰਦਾ, "ਓਏ ਕਿਮੇਂ ਐਂ ਟੁਣੀਏਂ ਕਿਆ, ਆ ਚੱਲੀਏ ਆਟਾ ਚੱਕ ਕੇ ਲਿਆਈਏ ਮੱਘਰ ਕੀ ਚੱਕੀ ਤੋਂ?"

ਬਾਬਾ ਗੋਪਾਲ ਸਿਉਂ ਕਾਂਚੀ ਵੱਲ ਵੇਖ ਕੇ ਬੋਲਿਆ, "ਹੈਂਅ! ਇਹ ਕੀਹਨੂੰ ਕੁਸ ਕਹਿ ਗਿਆ ਬਈ?"

ਸੀਤਾ ਮਰਾਸੀ ਬਾਬੇ ਦੇ ਕੰਨ ਦੇ ਨੇੜੇ ਮੂੰਹ ਕਰਕੇ ਮੱਧਮ ਜਿਹੀ ਆਵਾਜ਼ 'ਚ ਕਹਿੰਦਾ, "ਟਹਿਲ ਬਿੰਬਰ ਦੇ ਪੋਤੇ ਛੋਟੂ ਦੇ ਮੁੰਡੇ ਨੂੰ ਕਿਹਾ ਟੁਣੀਏਂ ਕਿਆ। ਆਹ ਵੇ ਤਾਸ਼ ਆਲਿਆਂ ਕੋਲ ਖੜ੍ਹਾ।"

ਬਾਬੇ ਨੇ ਪੁੱਛਿਆ, "ਟੁਣੀਆਂ ਕਾਸਨੂੰ ਕਹਿੰਦਾ। ਪਤੰਦਰੋ ਨਿੱਤ ਨਮੇਂ ਈ ਨਾਂਅ ਧਰ ਦੇ ਐਂ ਓਏ।

ਨਾਥਾ ਅਮਲੀ ਬਾਬੇ ਨੂੰ ਗੁੱਤ ਪੱਟਣੇ ਵਾਂਗੂੰ ਚਿੰਬੜ ਕੇ ਪਿਆ, "ਕੀ ਕਰਦੈਂ ਬਾਬਾ ਤੂੰ। ਪਿੰਡ 'ਚ ਈ ਰਹਿਨੈਂ ਕੁ ਰਾਜਸਥਾਨ 'ਚ ਮਕੰਦਗੜ੍ਹ ਬੈਠੈਂ। ਟਹਿਲ ਬਿੰਬਰ ਨੂੰ ਸਾਰਾ ਪਿੰਡ ਵੀਹਾਂ ਵਰ੍ਹਿਆਂ ਦਾ ਤਾਂ ਟੁਣੀਆਂ ਟੁਣੀਆਂ ਕਹਿੰਦਾ, ਤੈਨੂੰ ਪਤਾ ਨ੍ਹੀ ਕਿਉਂ ਨ੍ਹੀ ਖਬਰ। ਜਾਂ ਤਾਂ ਤੇਰਾ ਟਹਿਲ ਕਿਆਂ ਨਾਲ ਵਾਹ ਨ੍ਹੀ ਪਿਆ ਹੋਣਾ ਜਾਂ ਫਿਰ ਭਾਈ ਕੋਈ ਸਕੀਰੀ ਸਕੂਰੀ ਹੋਣੀ ਐ ਤੇਰੀ ਜੀਹਦੇ ਕਰਕੇ ਤੈਨੂੰ ਓਹਦੇ ਲਹੌਰੀ ਨਾਂ ਦਾ ਨ੍ਹੀ ਪਤਾ।"

ਮਾਹਲੇ ਨੰਬਰਦਾਰ ਨੇ ਅਮਲੀ ਨੂੰ ਹੈਰਾਨੀ ਨਾਲ ਪੁੱਛਿਆ, "ਆਹ ਲਹੌਰੀ ਨਾਂ ਕਿਹੜਾ ਹੁੰਦਾ ਨਾਥਾ ਸਿਆਂ। ਆਹ ਇੱਕ ਹੋਰ ਨਮਾਂ ਈ ਢੋਲ ਖੜਕਾ 'ਤਾ ਅੱਜ ਤੈਂ?"

ਨਾਥੇ ਅਮਲੀ ਦੀ ਭੋਰਾ ਵੱਧ ਟਾਂਕੀ ਹੋਈ ਕਰਕੇ ਗੱਲ ਹੇਠਾਂ ਨਹੀਂ ਸੀ ਡਿੱਗਣ ਦੇ ਰਿਹਾ। ਨੰਬਰਦਾਰ ਦੀ ਗੱਲ ਸੁਣ ਕੇ ਨੰਬਰਦਾਰ ਨੂੰ ਵੀ ਇਉਂ ਕਤਾੜ ਕੇ ਪੈ ਗਿਆ ਜਿਮੇਂ ਜਮੀਨ ਦੀ ਮਿਣਤੀ ਕਰਦੇ ਮਾਲ ਪਟਵਾਰੀ ਦੇ ਪਜਾਮੇ ਨੂੰ ਲੇਹਾ ਚਿੰਬੜ ਗਿਆ ਹੋਵੇ। ਨੰਬਰਦਾਰ ਨੂੰ ਕਹਿੰਦਾ,

"ਤੂੰ ਨੰਬਰਦਾਰ ਬਾਬੇ ਗਪਾਲ ਸਿਉਂ ਤੋਂ ਵੀ ਗਾਹਾਂ ਟੱਪ ਗਿਐਂ। ਬਾਬੇ ਨੇ ਤਾਂ ਹਜੇ ਮਕੰਦਗੜ੍ਹ ਦੀ ਓ ਈ ਟਿਕਟ ਕਟਾਈ ਐ ਤੂੰ ਪਤੰਦਰਾ ਓੱਦੂੰ ਵੀ ਚਾਲੀ ਕੋਹ ਗਾਂਹ ਨੰਘ ਗਿਐਂ। ਲੈ ਦੱਸ! ਸਾਰੀ ਉਮਰ ਲਹੌਰੀ ਕੇ ਗੁਆੜ ਰਹਿ ਕੇ ਨੰਘਾ 'ਤੀ, ਹੁਣ ਜਲੇਬੀਆਂ ਦੇ ਟੈਮ ਪੁੱਛਦਾ ਲਹੌਰੀ ਨਾਂ ਕਿਹੜਾ ਹੁੰਦਾ। ਜਾਹ ਓ ਨੰਬਰਦਾਰਾ ਗਧੇ ਦਿਆ ਯਾਰਾ। ਤੂੰ ਵੀ ਘਣ ਚੱਕਰ ਈ ਐਂ।"

ਬੁੱਘਰ ਦਖਾਣ ਨੇ ਹੱਸ ਕੇ ਪੁੱਛਿਆ, "ਜਲੇਬੀਆਂ ਦਾ ਕਿਹੜਾ ਟੈਮ ਹੁੰਦਾ ਅਮਲੀਆ ਓਏ?"

ਅਮਲੀ ਕਹਿੰਦਾ, "ਜਦੋਂ ਲੱਕੜਾਂ ਦੇ ਨੇੜੇ ਹੋ ਜਾਂਦਾ ਬੰਦਾ ਉਦੋਂ ਪੱਕਦੇ ਐ ਫੇਰ ਲੱਡੂ ਜਲੇਬੀਆਂ।"

ਜਦੋਂ ਬਾਬੇ ਗੋਪਾਲ ਸਿਉਂ ਨੇ ਅਮਲੀ ਨੂੰ ਨੰਬਰਦਾਰ ਬਾਰੇ ਬੋਲਦਾ ਸੁਣਿਆਂ ਤਾਂ ਬਾਬਾ ਅਮਲੀ ਵੱਲ ਝਾਕ ਕੇ ਮੁਸ਼ਕਣੀਆਂ ਹੱਸ ਕੇ ਇੱਕ ਦਮ ਤਰੱਭ ਕੇ ਬੋਲਿਆਾ, "ਆਹ! ਅੱਜ ਤਾਂ ਬਈ ਨੰਬਰਦਾਰ ਵੀ ਕਰ 'ਤਾ ਝੱਗੇ ਦੇ ਮੇਚ ਅਮਲੀ ਨੇ। ਓ ਪਤੰਦਰਾ ਕਿਸੇ 'ਤੇ ਤਾਂ ਰਹਿਮ ਕਰ ਲਿਆ ਕਰ, ਸਾਰਿਆਂ ਨੂੰ ਈਂ ਇੱਕੋ ਰੱਸੇ ਬੰਨ੍ਹੀ ਤੁਰਿਆ ਆਉਨੈਂ। ਇਹ ਤਾਂ ਫਿਰ ਵੀ ਨੰਬਰਦਾਰ ਐ ਪਿੰਡ ਦਾ।"

ਸੀਤਾ ਮਰਾਸੀ ਬਾਬੇ ਗੋਪਾਲ ਸਿਉਂ ਨੂੰ ਕਹਿੰਦਾ, "ਬਾਬਾ ਜੀ ਤੁਸੀਂ ਬਚ ਕੇ ਰਹੋ। ਅੱਜ ਕੁਸ ਓਵਰ ਸ਼ਪੀਟ ਹੋ ਗਿਆ ਲੱਗਦਾ ਅਮਲੀ।

ਅੱਜ ਤਾਂ ਹਰੇਕ ਨੂੰ ਈ ਇਉਂ ਚਿੰਬੜਦਾ ਜਿਮੇਂ ਘੁੱਗੀ ਦੇ ਆਲ੍ਹਣੇ 'ਚ ਸੁੰਨੇ ਪਏ ਆਂਡਿਆਂ ਨੂੰ ਕਾਂ ਪੈ ਜਾਂਦਾ ਹੁੰਦਾ। ਪ੍ਰਵਾਹ ਈਂ ਨ੍ਹੀ ਕਰਦਾ ਕਿਸੇ ਵੱਡੇ ਛੋਟੇ ਨੂੰ ਮਨ੍ਹੀ ਵੇਂਹਦਾ ਪਤੰਦਰ। ਹਰੇਕ ਨੂੰ ਸਿਰਗਟ ਆਂਗੂੰ ਮਸਲ ਕੇ ਰੱਖ ਦਿੰਦਾ।"

ਬੁੱਘਰ ਦਖਾਣ ਨੇ ਪੁੱਛਿਆ, "ਸਿਰਗਟ ਆਂਗੂੰ ਸੀਤਾ ਸਿਆਂ ਕਿਮੇਂ ਮਸਲ ਦਿੰਦਾ?"

ਸੀਤਾ ਮਰਾਸੀ ਕਹਿੰਦਾ, "ਜਿਮੇਂ ਕਹਿੰਦੇ ਹੁੰਦੇ ਐ ਬਈ ਜਦੋਂ ਤਾਂ ਕਿਸੇ ਨੂੰ ਕਿਸੇ ਤੱਕ ਕੋਈ ਗੌਂਅ ਹੁੰਦਾ, ਉਦੋਂ ਤਾਂ ਅਗਲਾ ਪੈਰਾਂ ਥੱਲੇ ਹੱਥ ਦਿੰਦਾ ਫਿਰੂ। ਜਦੋਂ ਗਰਜ ਸਰ ਜਾਂਦੀ ਐ, ਫੇਰ ਅਗਲਾ ਇਉਂ ਪਾਸਾ ਵੱਟ ਜਾਂਦਾ ਜਿਮੇਂ ਗਾਰੇ 'ਚ ਲਿਬੜੇ ਸੂਰ ਨੂੰ ਵੇਖ ਕੇ ਕਤੂਰਾ ਪਾਥੀਆਂ ਆਲੇ ਗਹੀਰੇ 'ਚ ਵੜ ਜਾਂਦਾ। ਉਹੀ ਗੱਲ ਸਿਰਗਟਾਂ ਪੀਣ ਆਲਿਆਂ ਦੀ ਐ। ਸਿਰਗਟਾਂ ਪੀਣ ਆਲੇ ਡੱਬੀ 'ਚੋਂ ਕੱਢ ਕੇ ਸਿਰਗਟ, ਚੁਸਕੀਆਂ ਲੈ ਲੈ ਸੂਟੇ ਖਿੱਚਣਗੇ। ਜਦੋਂ ਭੋਰਾ ਕੁ ਰਹੀ ਤੋਂ ਨਾਸਾਂ ਨੂੰ ਸੇਕ ਲੱਗਦਾ, ਉਦੋਂ ਥੱਲੇ ਸਿਟ ਕੇ ਪੈਰ ਨਾਲ ਇਉਂ ਮਸਲ ਦੇਣਗੇ ਜਿਮੇਂ ਪੈਰ ਨੂੰ ਬਾਹਮਣੀ ਲੱਗੀ ਤੋਂ ਅਗਲਾ ਪੈਰ ਈ ਘਸਾਈ ਜਾਂਦਾ ਹੁੰਦਾ ਰੇਤੇ 'ਚ।"




ਬਾਬਾ ਗੋਪਾਲ ਸਿਉਂ ਕਹਿੰਦਾ, "ਫੇਰ ਤਾਂ ਬਈ ਆਪਣੇ ਓਧਰਲੇ ਗੁਆੜ ਆਲਿਆਂ ਆਲੇ ਬਿਸ਼ਨੇ ਕੰਨ ਖੰਜੂਰੇ ਕਿਆ ਤੋਂ ਵੀ ਵਧ ਗਿਆ ਹੈਂਅ।"

ਬਿਸ਼ਨੇ ਮਾਹਲੇ ਕਾ ਕੰਨ ਖੰਜੂਰੇ ਨਾਂ ਸੁਣ ਕੇ ਅੱਗ ਲਾਉਣਿਆਂ ਦਾ ਬਿੱਕਰ ਸਿਰ ਖੁਰਕ ਦਾ ਬੋਲਿਆ, "ਇਹ ਕੰਨ ਖੰਜੂਰੇ ਨਾਂਅ ਕੀਹਨੇ ਧਰਿਆ ਬਾਬਾ ਬਿਸ਼ਨੇ ਮਾਹਲੇ ਕਾ?" ਨਾਥੇ ਅਮਲੀ ਨੇ ਬਿੱਕਰ ਨੂੰ ਬੋਲਿਆ ਸੁਣ ਕੇ ਬਿੱਕਰ ਵੱਲ ਵੀ ਘੁੰਮਾਇਆ ਫਿਰ ਸਟ੍ਹੇਰਿੰਗ, "ਤੂੰ ਪਹਿਲਾਂ ਆਵਦੀਆਂ ਜੂੰਆ ਖੁਰਕ ਲਾ, ਫੇਰ ਦੱਸਦੇ ਐਂ ਤੈਨੂੰ ਕੰਨ ਖੰਜੂਰੇ ਕੀਹਨੇ ਧਰਿਆ ਨਾਂ। ਜੀਹਨੇ ਤੇਰਾ ਨਾਂ ਜੂੰਆਂ ਆਲਾ ਧਰਿਆ ਓਸੇ ਨੇ ਈਂ ਬਿਸ਼ਨੇ ਮਾਹਲੇ ਕਿਆਂ ਦਾ ਨਾਂਅ ਕੰਨ ਖੰਜੂਰੇ ਧਰਿਆ।"

ਜੂੰਆਂ ਵਾਲੀ ਗੱਲ ਸੁਣ ਕੇ ਸਾਰੀ ਸੱਥ ਬਿੱਕਰ ਵੱਲ ਇਉਂ ਝਾਕੀ ਜਿਮੇਂ ਬਿਜਲੀ ਦਾ ਮੀਟਰ ਖੜ੍ਹਾਉਣ ਨੂੰ ਮੀਟਰ 'ਚ ਲੱਗੀ ਤਾਰ 'ਤੇ ਬਿਜਲੀ ਦੇ ਉਡਣ ਦਸਤੇ ਨੇ ਛਾਪਾ ਮਾਰ ਲਿਆ ਹੋਵੇ। ਸਾਰੀ ਸੱਥ ਹੱਸੀ ਵੇਖ ਕੇ ਬਿੱਕਰ ਇਉਂ ਨਿੰਮੋਂ ਝੂਣਾ ਹੋ ਕੇ ਬਹਿ ਗਿਆ ਜਿਮੇਂ ਬਾਂਦਰੀ ਨੀਂਦ ਵਾਲੀਆਂ ਦੇ ਕੇ ਪੱਠਿਆਂ ਵਾਲੇ ਸਿੰਡੀਕੇਟ ਨਾਲ ਬੰਨ੍ਹੀ ਹੁੰਦੀ ਐ। ਬਿੱਕਰ ਨੂੰ ਚੁੱਪ ਕਰੇ ਨੂੰ ਵੇਖ ਕੇ ਬਾਬਾ ਗੋਪਾਲ ਸਿਉਂ ਬਿੱਕਰ ਨੂੰ ਕਹਿੰਦਾ,

"ਬਿੱਕਰ ਸਿਆਂ ਕੀ ਗੱਲ ਚੁੱਪ ਕਰ ਗਿਐਂ। ਤੂੰ ਈਂ ਤਾਂ ਸੱਥ 'ਚ ਬੋਲਣ ਆਲਾ ਸੀ ਤੂੰ ਈਂ ਮੂੰਹ 'ਚ ਮਿੱਠੀਆਂ ਗੋਲੀਆਂ ਪਾ ਕੇ ਬਹਿ ਗਿਐਂ। ਮਾੜਾ ਮੋਟਾ ਤਾਂ ਜਵਾਬ ਦੇਹ ਯਾਰ ਇਨ੍ਹਾਂ ਨੂੰ।"

ਲੱਸੀ ਪੀਣੀਆਂ ਦਾ ਰੱਬੀ ਬਾਬੇ ਗੋਪਾਲ ਸਿਉਂ ਦੀ ਗੱਲ ਸੁਣ ਕੇ ਬਿੱਕਰ ਵੱਲ ਝਾਕ ਕੇ ਉੱਚੀ ਹੱਸ ਕੇ ਕਹਿੰਦਾ, "ਅਮਲੀ ਨੇ ਬੋਲਣ ਜੋਗਾ ਛੱਡਿਆ ਈ ਨ੍ਹੀ, ਹੁਣ ਕੀ ਬੋਲੂ ਇਹੇ। ਅਮਲੀ ਨੇ ਬਹਾ 'ਤਾ ਬੇਹੇ ਪਾਣੀ 'ਚ।"

ਰੱਬੀ ਦੀ ਗੱਲ ਸੁਣ ਕੇ ਬਿੱਕਰ ਰੱਬੀ ਨੂੰ ਕਚੀਚੀ ਲੈ ਕੇ ਪੈ ਗਿਆ, "ਬੈਠਾ ਰਹਿ ਓਏ ਵੱਡਿਆ ਆਸ਼ਕਾ। ਸਾਲਾ ਕੇਰਾਂ ਈਂ ਹੁਣ ਤਰਪਾਲੋਂ ਜੈਲਦਾਰ ਬਣਦਾ। ਜਿੱਦੇਂ ਛਿੱਤਰ ਪਏ ਤੇਰੇ ਓਦੋਂ ਪਤਾ ਲੱਗੂ ਨੀਕਰ ਨੂੰ ਕਿੰਨੇ ਮੀਟਰ ਬੀਕਾਨੇਰੀ ਬੋਸ਼ਕੀ ਲੱਗਦੀ ਐ।"

ਬੀਕਾਨੇਰੀ ਬੋਸ਼ਕੀ ਦਾ ਨਾਂ ਸੁਣ ਕੇ ਬਾਬੇ ਗੋਪਾਲ ਸਿਉਂ ਨੇ ਬਿੱਕਰ ਨੂੰ ਪੁੱਛਿਆ, "ਬੀਕਾਨੇਰੀ ਬੋਸ਼ਕੀ ਕਿਹੜੀ ਹੁੰਦੀ ਐ ਬਿੱਕਰ ਸਿਆਂ?"

ਸੀਤਾ ਮਰਾਸੀ ਬਾਬੇ ਗੋਪਾਲ ਸਿਉਂ ਨੂੰ ਕਹਿੰਦਾ, "ਬੀਕਾਨੇਰੀ ਬੋਸ਼ਕੀ ਤਾਂ ਬਾਬਾ ਤੈਨੂੰ ਮੈਂ ਦੱਸ ਦੂੰ, ਤੂੰ ਇਹਨੂੰ ਤਰਪਾਲੋਂ ਆਲੇ ਜੈਲਦਾਰ ਆਲੀ ਗੱਲ ਪੁੱਛ।"

ਬਾਬੇ ਨੇ ਮਰਾਸੀ ਦੀ ਸੁਣ ਕੇ ਬਿੱਕਰ ਨੂੰ ਹਲੂਣਿਆਂ ਫਿਰ, "ਇਹ ਜੈਲਦਾਰ ਆਲਾ ਅਖਾਣ ਕਿਮੇਂ ਐਂ ਬਿੱਕਰ ਸਿਆਂ?"

ਜਦੋਂ ਬਿੱਕਰ ਰੱਬੀ ਦੀ ਕਰਤੂਤ ਦੱਸਣ ਲੱਗਿਆ ਤਾਂ ਰੱਬੀ ਸੱਥ 'ਚੋਂ ਉੱਠ ਕੇ ਇਉਂ ਭੱਜ ਗਿਆ ਜਿਮੇਂ ਹਿਣਕਦੇ ਗਧੇ ਨੂੰ ਸੁਣ ਕੇ ਭੇਡਾਂ 'ਚ ਬੈਠੀ ਬੱਕਰੀ ਵਾੜੇ 'ਚੋਂ ਭੱਜ ਗੀ ਹੋਵੇ। ਭੱਜੇ ਜਾਂਦੇ ਰੱਬੀ ਨੂੰ ਸੀਤਾ ਮਰਾਸੀ ਕਹਿੰਦਾ,

"ਕਿੱਧਰ ਜਾਨੈ ਓਏ, ਤੂੰ ਵੀ ਸੁਣ ਜਾ ਹੁਣ ਸੰਧੂਰੀ ਗਾਉਣ।"

ਮਾਹਲਾ ਨੰਬਰਦਾਰ ਮਰਾਸੀ ਨੂੰ ਚੁੱਪ ਕਰਾ ਕੇ ਬਿੱਕਰ ਵੱਲ ਨੂੰ ਹੋਇਆ, "ਕੀ ਗੱਲ ਐ ਬਿੱਕਰ ਸਿਆਂ। ਤੇਰੀ ਗੱਲ ਤੋਂ ਕਾਹਤੋਂ ਭੱਜ ਗਿਆ ਰੱਬੀ?"

ਬਿੱਕਰ ਕਹਿੰਦਾ, "ਦੋ ਕੁ ਮਹੀਨਿਆਂ ਦੀ ਗੱਲ ਐ। ਅਸੀਂ ਐਥੇ ਸੱਥ 'ਚ ਕਈ ਜਣੇ ਬੈਠੇ ਸੀ। ਸੁਰ੍ਹਤੋ ਕਾ ਰੀਠਾ, ਪਾਲੇ ਮਾਹਟਰ ਕਾ ਗੱਗ੍ਹੀ, ਮੈਂ ਤੇ ਇਹ ਰੱਬੀ। ਅਸੀਂ ਹੋਧਰਲੇ ਪਾਸੇ ਸੱਥ 'ਚ ਦੂਜਿਆਂ ਨਾਲੋਂ ਅੱਡ ਜੇ ਬੈਠੇ ਸੀ। ਓਧਰੋਂ ਕਿਤੇ ਬਾਹਰਲੇ ਅੱਡੇ ਵੱਲੋਂ ਦੋ ਤਿੰਨ ਕੁੜੀਆਂ ਬੱਸੋਂ ਉੱਤਰਕੇ ਪਿੰਡ 'ਚ ਨੂੰ ਸੱਥ ਵੱਲ ਤੁਰੀਆਂ ਆਉਣ। ਇਹ ਰੱਬੀ ਕਹਿੰਦਾ 'ਆਹ ਪੁਰਜੇ ਕਿੱਧਰੋਂ ਆਉਂਦੇ ਐ ਬਈ'? ਕੁੜੀਆਂ ਸੱਥ ਕੋਲ ਦੀ ਨੰਘ ਗੀਆਂ। ਪੰਜਾਂ ਕੁ ਮਿੰਟਾਂ ਮਗਰੋਂ ਆਪਣੇ ਪਿੰਡ ਦੀਆਂ ਤਿੰਨ ਚਾਰ ਹੋਰ ਕੁੜੀਆਂ ਮਿੰਨੀ ਬੱਸ ਤੋਂ ਉੱਤਰੇ ਤੁਰੀਆਂ ਆਉਣ। ਉਨ੍ਹਾਂ ਨੂੰ ਵੇਖ ਕੇ ਇਹ ਰੱਬੀ ਫੇਰ ਭੌਂਕਿਆ ਹਲਕੇ ਕੁੱਤੇ ਆਂਗੂੰ। ਕਹਿੰਦਾ 'ਤਿੰਨ ਚਾਰ ਹੀਰਾ ਆਹ ਆਉਂਦੀਆਂ। ਇਹ ਐਨੀਆਂ ਆਉਂਦੀਆਂ ਕਿਧਰੋਂ ਐ'? ਸੁਰਜਨ ਬਿਦਰ ਕਾ ਤੇਜਾ ਕਿਤੇ ਬੈਠਾ ਰੱਬੀ ਦੀਆਂ ਗੱਲਾਂ ਸੁਣੀ ਜਾਂਦਾ ਸੀ। ਉਹ ਵੇਖ ਲਾ ਫਿਰ ਜਦੋਂ ਤੇਜੇ ਨੂੰ ਚੜ੍ਹ ਜਾਣ ਫੇਰ ਤਾਂ ਅਗਲੇ ਨੂੰ ਸੂਈ ਦੇ ਨਖਾਰੇ ਵਿੱਚਦੀ ਨੰਘਾਉਣ ਤੱਕ ਜਾਂਦਾ। ਐਧਰੋਂ ਪਿੰਡ ਵੱਲੋਂ ਕਿਤੇ ਬੱਸ ਅੱਡੇ ਵੱਲ ਨੂੰ ਰੱਬੀ ਦੀ ਭੈਣ ਤੁਰੀ ਜਾਵੇ। ਤੇਜੇ ਨੂੰ ਪਤਾ ਤਾਂ ਲੱਗ ਗਿਆ ਸੀ ਬਈ ਰੱਬੀ ਦੀ ਭੈਣ ਐਂ। ਤੇਜੇ ਤੋਂ ਫਿਰ ਰਿਹਾ ਨਾ ਗਿਆ। ਤੇਜੇ ਨੇ ਰੱਬੀ ਨੂੰ ਉਹਦੀ ਭੈਣ ਵੱਲ ਝਕਾ ਕੇ ਪੁੱਛਿਆ 'ਰੱਬੀ! ਜਿਹੜੀ ਐਧਰੋਂ ਆਹ ਹੀਰ ਸਲੇਟੀ ਆਉਂਦੀ ਐ, ਇਹ ਕਿਹੜੇ ਬੇਲੇ ਨੂੰ ਚੱਲੀ ਐ? ਇਹਦੀ ਵੀ ਕਰੀ ਖਾਂ ਭਵਿੱਖਵਾਣੀ'। ਜਦੋਂ ਰੱਬੀ ਆਵਦੀ ਭੈਣ ਵੱਲ ਝਾਕਿਆ ਤਾਂ ਰੱਬੀ ਤੇਜੇ ਤੋਂ ਡਰਦਾ ਸੱਥ 'ਚੋਂ ਉੱਠ ਕੇ ਇਉਂ ਭੱਜ ਗਿਆ ਜਿਮੇਂ ਕਤੂਰਾ ਤੰਦੂਰ 'ਚ ਫਸਿਆ ਕੱਢ ਕੇ ਛੱਡਿਆ ਹੋਵੇ। ਉਹ ਫਿਰ ਚਊਂ ਚਊਂ ਕਰਦਾ ਨੇੜੇ ਤੇੜੇ ਖੜ੍ਹਦਾ ਈ ਨ੍ਹੀ ਹੁੰਦਾ। ਓਦੂੰ ਮਗਰੋਂ ਵੀਹ ਪੱਚੀ ਦਿਨ ਇਹ ਵੱਡੇ ਵੈਲੀ ਨੇ ਸੱਥ ਵੱਲ ਮੂੰਹ ਮਨ੍ਹੀ ਕੀਤਾ ਸੱਥ 'ਚ ਆਉਣਾ ਤਾਂ ਕੀ ਸੀ। ਗੱਲ ਸਾਲਾ ਹਰੇਕ ਦੀ ਵੱਢਮੀਂ ਕਰੂ।"

ਨਾਥੇ ਅਮਲੀ ਦੇ ਕੋਲ ਬੈਠਾ ਹਰੀ ਕੂਕੇ ਕਾ ਜੰਗੀ ਬਿੱਕਰ ਨੂੰ ਕਹਿੰਦਾ, "ਮੁੱਢੋਂ ਸਣਾ ਯਾਰ ਦਬਾਰੇ ਸਾਰੀ ਗੱਲ ਚੰਗੀ ਤਰਾਂ। ਵਿੱਚ ਮਿਸ ਜੀ ਮਾਰ ਜਾਨੈਂ।"

ਜੰਗੀ ਦੀ ਗੱਲ ਸੁਣ ਕੇ ਬਿੱਕਰ ਜੰਗੀ ਦੀ ਬਾਂਹ ਝੰਜੋੜ ਕੇ ਕਹਿੰਦਾ, "ਜਾਹ ਓਏ ਬਿਨਾ ਬੱਤੀ ਆਲਿਆ ਦੀਵਿਆ। ਮੇਰਾ ਤਾਂ ਗੱਲ ਸਣਉਂਦੇ ਦਾ ਮੂੰਹ ਵਿੰਗਾ ਹੋ ਗਿਆ, ਤੈਨੂੰ ਸਮਝ ਈ ਨ੍ਹੀ ਆਈ।"

ਮੂੰਹ ਵਿੰਗੇ ਵਾਲੀ ਗੱਲ ਸੁਣ ਕੇ ਨਾਥਾ ਅਮਲੀ ਬਿੱਕਰ ਨੂੰ ਹਰਖ ਕੇ ਕਹਿੰਦਾ, "ਮੂੰਹ ਤੇਰਾ ਕਾਹਦੇ ਨਾਲ ਵਿੰਗਾ ਹੋ ਗਿਆ ਓਏ, ਮੂੰਹ ਐਂ ਤੇਰਾ ਕੁ ਗੱਤੇ ਦਾ ਡੱਬਾ ਬਈ ਚਿੱਬਾ ਹੋ ਗਿਆ ਜਿਹੜਾ ਮੁੜ ਕੇ ਕੰਮ ਦਾ ਨ੍ਹੀ ਰਿਹਾ?"

ਅਮਲੀ ਨੂੰ ਹਰਖਿਆ ਵੇਖ ਕੇ ਬਾਬਾ ਗੋਪਾਲ ਸਿਉਂ ਅਮਲੀ ਨੂੰ ਘੂਰਦਾ ਦਾ ਬੋਲਿਆ, "ਚੁੱਪ ਕਰ ਓਏ ਨਾਥਾ ਸਿਆਂ, ਐਮੇਂ ਲੜ ਪੌਂ ਗੇ। ਲੜੋਂਗੇ ਤੁਸੀਂ ਸਿਰ 'ਚ ਸੁਆਹ ਸਾਡੇ ਪਊ, ਕਹਿਣਗੇ ਸਿਆਣੇ ਬਿਆਣੇ ਬੈਠੇ ਸੀ ਓੱਥੇ, ਹਟਾਏ ਨਾ ਗਏ ਲੜਦੇ ਉਨ੍ਹਾਂ ਤੋਂ। ਚੱਲੋ ਉੱਠੋ ਘਰਾਂ ਨੂੰ ਚੱਲੀਏ।" ਬਾਬੇ ਦੇ ਕਹਿਣ 'ਤੇ ਸਾਰੇ ਜਣੇ ਰੱਬੀ ਤੇ ਬਿੱਕਰ ਦੀਆਂ ਗੱਲਾਂ ਕਰਦੇ-ਕਰਦੇ ਸੱਥ 'ਚੋਂ ਉੱਠ ਕੇ ਘਰਾਂ ਨੂੰ ਤੁਰ ਪਏ।

ਲੇਖਕ : ਹਰਦੀਪ ਸਿੰਘ ਸੋਢੀ ਫੋਨ: 480-794-0325

# ਖੁੰਢ ਚਰਚਾ: 'ਸੱਥ'

ਫੱਗਣ ਦੀਆਂ ਕੋਸੀਆਂ ਕੋਸੀਆਂ ਧੁੱਪਾਂ ਵਿਚ ਹਰ ਇੱਕ ਦਾ ਦਿਲ ਧੁੱਪ ਸੇਕਣ ਨੂੰ ਕਰਦਾ ਹੈ। ਕਣਕਾਂ ਨਿਸਰੀਆਂ ਹੋਣ, ਕਮਾਦ ਮੁੱਕਣ 'ਤੇ ਆਏ ਹੋਣ, ਸਰ੍ਹੋਂ ਦੇ ਫੁੱਲ ਆਪਣਾ ਸੁਹੱਪਣ ਵੰਡ ਰਹੇ ਹੋਣ, ਹਰੇ ਹਰੇ ਬਰਸੀਮ ਦੀ ਫ਼ਿਜ਼ਾ ਵਿਚ ਘੁਲਦੀ ਖੁਸ਼ਬੂ ਪੇਂਡੂ ਬਜ਼ੁਰਗਾਂ ਨੂੰ ਕਿੱਥੇ ਘਰ ਬਹਿਣ ਦੇਂਦੀ ਹੈ। ਸਾਰੇ ਪਿੰਡ ਦੇ ਬਜ਼ੁਰਗ, ਅੱਧਖੜ, ਅਤੇ ਕੰਨਾਂ ਦੇ ਰਸੀਏ ਕੁਝ ਗੱਭਰੂ ਵੀ ਮੱਲੋਮੱਲੀ ਢਾਣੀ ਵਿਚ ਆ ਢੁਕਦੇ ਹਨ। ਇਸੇ ਤਰ੍ਹਾਂ ਹੀ ਅੱਜ ਹੋਇਆ। ਕੁਝ ਬੰਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਈ ਗੜੇਮਾਰੀ ਅਤੇ ਸਰਕਾਰ ਵੱਲੋਂ ਕੀਤੀ ਅਣਦੇਖੀ ਦੇ ਚਰਚੇ ਕਰ ਰਹੇ ਸਨ ਅਤੇ ਕੋਈ ਗੁਰਦਾਸਪੁਰ ਜ਼ਿਲ੍ਹੇ ਵਿਚੋਂ ਲੰਘਦੇ ਰਵੀ ਦਰਿਆ ਵੱਲੋਂ ਮਚਾਈ ਤਬਾਹੀ ਦੇ ਚਰਚੇ ਕਰ ਰਿਹਾ ਸੀ... ਇੱਕ ਨੇ ਗੱਲ ਛੇੜੀ ਕਹਿੰਦਾ ਸਰਕਾਰ ਨੇ ਹੁਣ ਨਸ਼ਾ ਤਸਕਰਾਂ ਦੇ ਘਰ ਢਾਹੁਣੇ ਸ਼ੁਰੂ ਕਰ ਦਿੱਤੇ। ਸ਼ਾਇਦ ਹੁਣ ਪੰਜਾਬ ਦੇ ਦਿਨ ਬਦਲ ਜਾਣ। ਬਾਬਾ ਕਿਸ਼ਨ ਸਿਹੁੰ ਕਹਿਣ ਲੱਗਾ ਭਾਈ ਇਹ ਤੁਹਾਨੂੰ ਨਿੱਪਲ ਦੇਣ ਵਾਲੀ ਕਾਰਵਾਈ ਹੈ ਜਿਨ੍ਹਾਂ ਦੇ ਸਿਰ 'ਤੇ ਦਸ-ਦਸ ਕੇਸ ਨੇ, ਉਹ ਫੇਰ ਵੀ ਜ਼ਮਾਨਤ 'ਤੇ ਆ ਕੇ ਨਸ਼ੇ ਵੇਚਦੇ ਹੋਣ ਉਨ੍ਹਾਂ ਨੂੰ ਜ਼ਮਾਨਤ ਕੌਣ ਦੇਂਦਾ ਹੈ। ਕਿਸੇ ਜੱਜ ਦਾ ਘਰ ਵੀ ਢਾਹੁਣਗੇ ਜਾਂ ਢਿੱਲਾ ਪਰਚਾ ਦੇਣ ਵਾਲੇ ਪੁਲਸੀਏ ਤੋਂ ਵੀ ਪੁੱਛ ਗਿੱਛ ਹੋਵੇਗੀ? ਬਖਤੌਰ ਸਿੰਘ ਕਹਿੰਦਾ ਯਾਰ ਛੱਡੋ ਇਨ੍ਹਾਂ ਗੱਲਾਂ ਨੂੰ ਗੱਲ ਕਰੋ ਹੁਣ ਦਿੱਲੀ ਵਾਲਿਆਂ ਦੀ ਜਿਨ੍ਹਾਂ ਨੇ ਨਵਾਂ ਈ ਸੱਪ ਕੱਢ ਦਿੱਤਾ! ਯੂਪੀ ਵਾਲਿਆਂ ਦਾ ਬਾਬਾ ਇੰਦਰ ਸਿੰਘ ਕਹਿੰਦਾ ਉਨ੍ਹਾਂ ਕੀ ਸੱਪ ਕੱਢ ਦਿੱਤਾ? ਬਖਤੌਰ ਕਹਿੰਦਾ ਦਿੱਲੀ ਆਲੇ ਆਂਹਦੇ ਬਈ ਪੰਦਰਾਂ ਸਾਲ ਤੋਂ ਪੁਰਾਣੀਆਂ ਗੱਡੀਆਂ ਨਹੀਂ ਚੱਲਣ ਦੇਣੀਆਂ ਉਨ੍ਹਾਂ ਵਿਚ ਤੇਲ ਈ ਨਹੀਂ ਪਾਉਣਾ! ਹੱਛਾ ਹਾਅ ਤਾਂ ਬਈ ਬਾਹਲਾ ਲੋਹੜਾ ਮਾਰਿਆ ਮੋਦੀ ਕਿਆਂ ਨੇ ਕੀ ਬਣੂੰ ਆਪਣੇ ਲੋਕਾਂ ਦਾ। ਬਾਬੇ ਨਾਜ਼ਰ ਸਿੰਘ ਨੇ ਹਾਂ ਵਿਚ ਹਾਂ ਰਲਾਈ! ਮਾਸਟਰ ਜੀ ਕਹਿੰਦੇ ਬਖਤੌਰ ਸਿੰਹਾਂ ਤੇਰੀ ਗੱਲ ਤਾਂ ਜਮ੍ਹਾਂ ਠੀਕ ਹੈ ਮੈਂ ਵੀ ਅਖ਼ਬਾਰ ਪੜ੍ਹੀ ਅੱਜ ਈ ਪਰ ਇਹ ਐਲਾਨ ਦਿੱਲੀ ਵਾਸਤੇ ਐ ਆਪਣੇ ਵਾਸਤੇ ਨਹੀਂ, ਬਖਤੌਰ ਨੇ ਚੰਗੇ ਗੋਲਕੀਪਰ ਵਾਂਗ ਗੱਲ ਫ਼ੜੀ ਤੇ ਕਹਿਣ ਲੱਗਾ ਮਾਸਟਰ ਜੀ ਗੱਲ ਥੋਡੀ ਵੀ ਠੀਕ ਹੈ ਪਰ ਇਹ ਸਰਕਾਰ ਬਹੁਤ ਤੇਜ਼ ਹੈ। ਦਿੱਲੀ ਦੀਆਂ ਦੋਵੇਂ ਚੋਣਾਂ ਹੁਣੇ ਹੋ ਕੇ ਹਟੀਆਂ ਨੇ ਇਥੋਂ ਇਸ ਕਰਕੇ ਬਿਸਮਿਲਾ ਬੋਲਿਆ ਕਿ ਪੰਜ ਸਾਲ ਏਥੇ ਕੋਈ ਲੋੜ ਨਹੀਂ ਬਾਕੀ ਥਾਵਾਂ 'ਤੇ ਇਲੈਕਸ਼ਨ ਦਾ ਘੁੱਗੂ ਵੱਜਿਆ ਲਓ ਪਹਿਲਾਂ ਬਿਹਾਰ, ਫਿਰ ਬੰਗਾਲ ਆਉਂਦੇ ਡੂਢ ਸਾਲ ਤੱਕ ਪੰਜਾਬ, ਯੂਪੀ ਸਮੇਤ ਪੰਜ ਸੱਤ ਸੂਬਿਆਂ ਵਿਚ ਹੋਰ ਇਲੈਕਸ਼ਨ ਆਈ ਖੜੋਤੀ ਐ। ਇਨ੍ਹਾਂ ਸੂਬਿਆਂ ਵਿਚ ਗੱਡੀਆਂ ਬੰਦ ਕਰ ਕੇ ਸੱਪ ਦੀ ਖੁੱਡ ਵਿਚ ਕੌਣ ਹੱਥ ਪਾਊ? ਨਾਲੇ ਦਿੱਲੀ ਤੋਂ ਗਲ ਵਿਚ ਪਿਆ ਹੋਇਆ ਜੂਲਾ ਵੇਖ ਕੇ ਬਾਕੀ ਸੂਬੇ ਵੀ ਵੇਖੋ ਵੇਖੀ ਪਵਾ ਲੈਣ ਗੇ...। ਮਾਸਟਰ ਜੀ ਫਿਰ ਬੋਲੇ, ''ਵੇਖ ਬਾਈ ਬਖਤੌਰ ਸਿੰਹਾਂ ਮੈਂ ਤੇਰੀ ਗੱਲ ਨਾਲ ਪੂਰਾ ਸਹਿਮਤ ਹਾਂ ਅਗਲਿਆਂ ਨੇ ਸੋਚਿਆ ਇਹੋ ਹੋਣਾ ਹੈ ਪਰ ਇਹ ਵਿਸ਼ਵ ਭਰ ਵਿਚੋਂ ਨਿਵੇਕਲੀ ਗੱਲ ਸੰਭਵ ਕਿਵੇਂ ਹੋਊ। ਇਹ ਕੰਮ ਤਾਂ ਉਨ੍ਹਾਂ ਦੇਸ਼ਾਂ ਵਿਚ ਨਹੀਂ ਹੋਇਆ ਜਿਨ੍ਹਾਂ ਨੂੰ ਪੱਦ ਆਉਂਦਾ ਹੈ ਤਾਂ ਬਾਕੀ ਦੇਸ਼ਾਂ ਨੂੰ ਦਸਤ ਲੱਗ ਉੱਠਦੇ ਹਨ। ਸਾਡਾ ਦੇਸ਼ ਤਾਂ ਉਨ੍ਹਾਂ ਸਾਹਮਣੇ ਕਿਥੇ ਖੜੋਂਦਾ ਹੈ। ਫਿਰ ਵੀ ਏਨਾ ਵੱਡਾ ਪੰਗਾ ਇਹ ਕੰਮ ਤਾਂ ਅਜੇ ਅਮਰੀਕਾ ਨੇ ਨਹੀਂ ਕੀਤਾ। ਉਥੇ ਭਾਵੇਂ ਸੌ ਸਾਲ ਪੁਰਾਣੀ ਕਾਰ ਚਲਾਈ ਫਿਰੋ। ਬੱਸ ਧੂੰਏਂ ਆਲਾ ਟੈਸਟ ਪਾਸ ਹੋਣਾ ਚਾਹੀਦਾ''। ਬਾਬਾ ਨਾਜਰ ਕਹਿੰਦਾ, ''ਨਹੀਂ ਨਹੀਂ ਬੱਲਿਓ ਸਾਡਾ ਦੇਸ਼ ਏਨਾ ਗਰੀਬ ਨਹੀਂ। ਆਂਹਦੇ ਸਾਡੇ ਪ੍ਰਧਾਨ ਮੰਤਰੀ ਨੇ ਪਤਾ ਨਹੀਂ ਚੰਗੀ ਖਾਸੀ ਰਕਮ ਦੇ ਦੋ ਜਹਾਜ਼ ਖਰੀਦੇ ਐ। ਆਂਹਦੇ ਸੌਣ ਪੈਣ ਦੇ ਨਾਲ ਨਾਲ ਰੋਟੀ ਟੁੱਕ ਬਣਾਉਣ ਤੋਂ ਇਲਾਵਾ ਨਹਾਉਣ ਆਲਾ ਜਗਾੜ ਵੀ ਵਿੱਚੇ ਫਿੱਟ ਐ...।'' ਬਾਬੇ ਨਾਜਰ ਸਿਹੁੰ ਦੇ ਮੋਢੇ 'ਤੇ ਹੱਥ ਮਾਰ ਕੇ ਮਾਸਟਰ ਜੀ ਕਹਿੰਦੇ, ''ਬਜ਼ੁਰਗੋ ਉਹ ਜਹਾਜ਼ ਆਪਣੇ ਉੱਡਣ ਨੂੰ ਤਾਂ ਲੈ ਲਏ ਪਰ ਪਬਲਿਕ ਵਾਸਤੇ ਕੋਈ ਨਵਾਂ ਜਹਾਜ਼ ਖਰੀਦੇ ਨੂੰ ਕਿੰਨੇ ਦਹਾਕੇ ਹੋਏ ਇਹ ਵੀ ਪੁੱਛਿਓ ਕਿਸੇ ਨੂੰ...। ਸਗੋਂ ਜਿਹੜੀ ਪੁਰਾਣੇ ਸਰਾਣੇ ਜਹਾਜ਼ਾਂ ਵਾਲੀ ਏਅਰਲਾਈਨ ਸੀ ਦੇਸ਼ ਕੋਲ ਉਹ ਵੀ ਵੇਚ 'ਤੀ ਅਗਲਿਆਂ ਨੇ...। ਸ਼ਾਇਦ ਹੀ ਕੋਈ ਐਸਾ ਦੇਸ਼ ਹੋਊ ਜਿਸ ਦੀ ਆਪਣੀ ਏਅਰਲਾਈਨ ਨਾ ਹੋਊ, ਨਾਲੇ ਦੇਸ਼ 'ਤੇ ਕਰਜ਼ਾ ਕਿੰਨੇ ਲੱਖ ਕਰੋੜ ਹੋਰ ਵਧ ਗਿਆ ਪਿਛਲੇ ਦਸਾਂ ਸਾਲਾਂ ਵਿਚ... ਸਾਨੂੰ ਗੱਡੀਆਂ ਤੋੜ ਕੇ ਦੇਸ਼ ਵਿਚ ਭੁੱਖ ਮਰੀ ਪਾਉਣ ਤੋਂ ਪਹਿਲਾਂ ਕਰਜ਼ਾ ਲਾਹੁਣ ਅਤੇ ਹੋਰ ਜ਼ਰੂਰੀ ਕੰਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ...।'' ਏਨੇ ਨੂੰ ਬਿਸ਼ਨ ਸਿੰਘ ਨੇ ਖੀਸੇ ਵਿਚੋਂ ਤਾਸ਼ ਦੀ ਡੱਬੀ ਕੱਢੀ ਤੇ ਕਹਿਣ ਲੱਗਾ, ''ਛੱਡੋ ਯਾਰ ਇਹ ਆਪਣੇ ਵੱਸ ਦਾ ਰੋਗ ਨਹੀਂ ਆਓ ਸੀਪ ਦੀ ਬਾਜ਼ੀ ਲਾਈਏ।

# ਦੇਸੀ ਤੜਕਾ

## ਰੋਸਟਡ ਆਲੂ



ਸਮੱਗਰੀ:

- ਆਲੂ - 3 ਵੱਡੇ ਆਕਾਰ ਦੇ
- ਚੌਲਾਂ ਦਾ ਆਟਾ - 1 1/2 ਚਮਚ,
- ਤੇਲ - 1 ਚਮਚ,
- ਹੀਂਗ - 1/4 ਚਮਚ,
- ਜੀਰਾ - 1 ਚੱਮਚ,
- ਹਲਦੀ - 1/4 ਚਮਚ,
- ਧਨੀਆ ਪਾਊਡਰ - 1/2 ਚਮਚ,
- ਜੀਰਾ ਪਾਊਡਰ - 1/4 ਚੱਮਚ,
- ਲਾਲ ਮਿਰਚ ਪਾਊਡਰ - 3/4 ਚੱਮਚ,
- ਸੌਂਫ਼ ਪਾਊਡਰ - 1/4 ਚਮਚ,
- ਨਮਕ - 1 ਚਮਚ,
- ਹਰਾ ਧਨੀਆ - 1 ਚਮਚ ਬਾਰੀਕ ਕੱਟਿਆ

ਵਿਧੀ : ਆਲੂਆਂ ਨੂੰ ਛਿੱਲ ਕੇ ਕੱਟ ਲਉ ਅਤੇ ਹਲਕੇ ਭੂਰੇ ਹੋਣ ਤੱਕ ਉਬਾਲੋ। ਕਟੋਰੇ ਵਿੱਚ ਆਲੂ ਅਤੇ ਚੌਲਾਂ ਦਾ ਆਟਾ ਪਾਓ ਅਤੇ ਮਿਲਾਓ। ਇੱਕ ਵੱਖਰੇ ਕਟੋਰੇ ਵਿੱਚ, ਨਮਕ, ਹਲਦੀ ਪਾਊਡਰ, ਲਾਲ ਮਿਰਚ ਪਾਊਡਰ, ਧਨੀਆ ਪਾਊਡਰ, ਜ਼ੀਰਾ ਪਾਊਡਰ ਅਤੇ ਸੌਂਫ਼ ਪਾਊਡਰ ਨੂੰ ਚੰਗੀ ਤਰ੍ਹਾਂ ਮਿਲਾਓ ਅਤੇ ਇੱਕ ਪਾਸੇ ਰੱਖੋ। ਇੱਕ ਪੈਨ ਵਿੱਚ ਤੇਲ ਗਰਮ ਕਰੋ। ਜ਼ੀਰਾ ਤੜਕੋ ਅਤੇ ਹਲਕੀ ਅੱਗ 'ਤੇ ਹੀਂਗ ਅਤੇ ਸਾਰੇ ਮਸਾਲੇ ਪਾਓ। ਤੁਰੰਤ ਚੌਲਾਂ ਦੇ ਆਟੇ ਦੇ ਆਲੂ ਪਾਓ। ਮਸਾਲੇ ਦੇ ਮਿਸ਼ਰਣ ਨੂੰ ਮਿਲਾਓ ਅਤੇ ਘੱਟ ਅੱਗ 'ਤੇ ਅੱਠ ਤੋਂ ਦਸ ਮਿੰਟ ਤੱਕ ਪਕਾਓ। ਹਰੇ ਧਨੀਏ ਨਾਲ ਸਜਾ ਕੇ ਗਰਮਾ ਗਰਮ ਸਰਵ ਕਰੋ।

## ਰਾਜਸਥਾਨੀ ਕੋਰਮਾ ਰੋਟੀ



ਸਮੱਗਰੀ

- ਮੂੰਗੀ ਦੀ ਦਾਲ - 50 ਗ੍ਰਾਮ,
- ਕਣਕ ਦਾ ਆਟਾ - 200 ਗ੍ਰਾਮ,
- ਤੇਲ - 3 ਚਮਚ,
- ਸੌਂਫ - 2 ਚਮਚ,
- ਪੀਸੀ ਹੋਈ ਲਾਲ ਮਿਰਚ - 2 ਚਮਚ,
- ਹੀਂਗ - 1 ਚੁਟਕੀ,
- ਧਨੀਆ - 2 ਚੱਮਚ,
- ਹਲਦੀ ਪਾਊਡਰ - 1/3 ਚਮਚ,
- ਨਮਕ - ਸਵਾਦ ਅਨੁਸਾਰ
- ਹਰੀ ਮਿਰਚ - 2 ਕੱਟੀ ਹੋਈ,
- ਹਰਾ ਧਨੀਆ - 1/4 ਕੱਪ ਕੱਟਿਆ ਹੋਇਆ

ਵਿਧੀ: ਮੂੰਗੀ ਦੀ ਦਾਲ ਨੂੰ ਵੀਹ ਮਿੰਟਾਂ ਲਈ ਪਾਣੀ ਵਿੱਚ ਭਿਓ ਕੇ ਰੱਖੋ। ਭਿੱਜੀ ਹੋਈ ਦਾਲ, ਆਟਾ, ਸਾਰੇ ਮਸਾਲੇ, ਤੇਲ, ਹਰੀ ਮਿਰਚ ਅਤੇ ਧਨੀਆ ਨੂੰ ਕਟੋਰੀ 'ਚ ਚੰਗੀ ਤਰ੍ਹਾਂ ਮਿਲਾ ਲਓ ਅਤੇ ਥੋੜਾ-ਥੋੜਾ ਪਾਣੀ ਪਾ ਕੇ ਨਰਮ ਆਟਾ ਗੁਨ੍ਹ ਲਓ। ਹੁਣ ਇਸ ਨੂੰ ਪੰਦਰਾਂ ਮਿੰਟ ਲਈ ਢੱਕ ਕੇ ਰੱਖੋ। ਆਟੇ ਦੇ ਬਰਾਬਰ ਆਕਾਰ ਦੇ ਗੋਲੇ ਬਣਾ ਕੇ ਗਿੱਲੇ ਕੱਪੜੇ ਨਾਲ ਢੱਕ ਕੇ ਕੁਝ ਮਿੰਟਾਂ ਲਈ ਰੱਖ ਦਿਓ। ਆਟੇ 'ਤੇ ਸੁੱਕਾ ਆਟਾ ਲੱਗਾ ਕੇ ਰੋਟੀਆਂ ਦੇ ਅਕਾਰ 'ਚ ਬਣਾ ਲਓ। ਗਰਮ ਤਵੇ 'ਤੇ ਘਿਓ ਜਾਂ ਤੇਲ ਲਗਾਓ ਅਤੇ ਹਲਕੀ ਅੱਗ 'ਤੇ ਦੋਹਾਂ ਪਾਸਿਆਂ ਤੋਂ ਗੋਲਡਨ ਬਰਾਊਨ ਹੋਣ ਤੱਕ ਪਕਾਓ। ਦਹੀਂ, ਚਟਨੀ ਜਾਂ ਸਬਜ਼ੀਆਂ ਨਾਲ ਗਰਮਾ-ਗਰਮ ਰੋਟੀਆਂ ਦਾ ਸਵਾਦ ਲਓ।

# ਤਕਨਾਲੋਜੀ ਟਾਈਮਜ਼

## ਐਪਲ ਵਲੋਂ ਨਵੀਂ ਮੈਕਬੁੱਕ ਏਅਰ ਐਮ-4 ਚੈੱਪ ਨਾਲ ਲਾਂਚ

ਐਪਲ ਨੇ ਮੈਕਬੁੱਕ ਏਅਰ (MacBook Air) ਨੂੰ ਰਿਫਰੈਸ਼ ਕਰਕੇ ਪੇਸ਼ ਕੀਤਾ ਹੈ। ਇਹ ਕੰਪਨੀ ਦਾ ਐਂਟਰੀ-ਲੇਵਲ ਲੈਪਟਾਪ ਹੈ। ਖਾਸ ਗੱਲ ਇਹ ਹੈ ਕਿ ਇਸ 'ਚ ਹੁਣ 10-ਕੋਰ M4 ਚਿਪ ਹੈ ਜੋ ਸਮੂਥ ਪਰਫਾਰਮੈਂਸ ਦੇਵੇਗੀ। ਨਵੀਂ ਮੈਕਬੁੱਕ ਏਅਰ (2025) ਵਿੱਚ 13-ਇੰਚ ਅਤੇ 15-ਇੰਚ ਲਿਕਵਿਡ ਰੈਟੀਨਾ ਡਿਸਪਲੇਅ ਵਿਕਲਪ ਹਨ। ਇਸ ਨੂੰ 16ਘਭ ਰੈਮ ਨਾਲ ਪੇਸ਼ ਕੀਤਾ ਗਿਆ ਹੈ। ਨਵੀਂ ਮੈਕਬੁੱਕ ਏਅਰ ਨੂੰ 2TB ਤੱਕ SSD ਸਟੋਰੇਜ ਨਾਲ ਕੌਂਫਿਗਰ ਕੀਤਾ ਜਾ ਸਕਦਾ ਹੈ। ਐਪਲ ਦੀ ਇਹ ਨਵੀਨਤਮ ਮੈਕਬੁੱਕ ਐਪਲ ਇੰਟੈਲੀਜੈਂਸ ਨੂੰ ਸਪੋਰਟ ਕਰਦੀ ਹੈ ਅਤੇ ਮਓਚੋਸ਼ ਸ਼ਏਤੋਓਿ 'ਤੇ ਚੱਲਦੀ ਹੈ। ਆਓ ਜਾਣਦੇ ਹਾਂ ਇਸਦੀ ਕੀਮਤ ਅਤੇ ਫੀਚਰਸ ਬਾਰੇ...



### 2025 ਮੈਕਬੁੱਕ ਏਅਰ: ਕੀਮਤ ਅਤੇ ਉਪਲਬਧਤਾ

ਭਾਰਤ ਵਿੱਚ ਨਵੀਂ ਮੈਕਬੁੱਕ ਏਅਰ ਦੀ ਕੀਮਤ 99,900 ਰੁਪਏ ਤੋਂ ਸ਼ੁਰੂ ਹੁੰਦੀ ਹੈ, ਜਿਸ ਵਿੱਚ 16GB ਰੈਮ ਅਤੇ 256GB ਸਟੋਰੇਜ ਉਪਲਬਧ ਹੈ। ਇਸ ਦੇ ਨਾਲ ਹੀ, 15-ਇੰਚ ਵੇਰੀਐਂਟ ਦੀ ਸ਼ੁਰੂਆਤੀ ਕੀਮਤ 1,24,900 ਰੁਪਏ ਹੈ, ਜੋ ਕਿ 16GB + 256GB ਮਾਡਲ ਲਈ ਹੈ। ਤੁਸੀਂ ਆਪਣੀ ਲੋੜ ਅਨੁਸਾਰ ਮਾਡਲ ਚੁਣ ਸਕਦੇ ਹੋ। ਜੇਕਰ ਤੁਸੀਂ ਬਹੁਤ ਜਿਆਦਾ ਯਾਤਰਾ ਕਰਦੇ ਹੋ ਤਾਂ ਤੁਸੀਂ 13-ਇੰਚ ਵੇਰੀਐਂਟ ਨੂੰ ਚੁਣ ਸਕਦੇ ਹੋ। ਇਹ ਕੰਪੈਕਟ ਅਤੇ ਹਲਕਾ ਹੈ ਜਿਸ ਨੂੰ ਚੁੱਕਣਾ ਆਸਾਨ ਹੈ।

ਨਵੀਂ ਮੈਕਬੁੱਕ ਏਅਰ ਪ੍ਰੀ-ਆਰਡਰ ਲਈ ਉਪਲਬਧ ਹੈ ਅਤੇ ਭਾਰਤ ਵਿੱਚ 12 ਮਾਰਚ ਤੋਂ ਵਿਕਰੀ ਲਈ ਸ਼ੁਰੂ ਹੋਵੇਗੀ। ਨਵਾਂ ਲੈਪਟਾਪ ਮਿਡਨਾਈਟ, ਸਿਲਵਰ, ਸਕਾਈ ਬਲੂ ਅਤੇ ਸਟਾਰ ਲਾਈਟ ਕਲਰ ਆਪਸ਼ਨ 'ਚ ਉਪਲੱਬਧ ਹੋਵੇਗਾ। ਨਵਾਂ ਮੈਕਬੁੱਕ ਏਅਰ ਲੈਪਟਾਪ ਕੰਟੈਂਟ ਬਣਾਉਣ ਵਾਲਿਆਂ ਲਈ ਸਭ ਤੋਂ ਵਧੀਆ ਵਿਕਲਪ ਸਾਬਤ ਹੋ ਸਕਦਾ ਹੈ।

### ਮੈਕਬੁੱਕ ਏਅਰ (2025) ਦੀਆਂ ਵਿਸ਼ੇਸ਼ਤਾਵਾਂ

ਨਵੀਂ ਮੈਕਬੁੱਕ ਏਅਰ 13-ਇੰਚ ਅਤੇ 15-ਇੰਚ ਸੁਪਰ ਰੇਟਿਨਾ ਡਿਸਪਲੇਅ ਦੇ ਨਾਲ ਆਉਂਦੀ ਹੈ, ਜੋ ਕਿ 500 ਨਿਟਸ ਤੱਕ ਦੀ ਬ੍ਰਾਈਟਨੇਸ ਹੈ। ਮੈਕਬੁੱਕ ਏਅਰ (2025) M4 ਚਿੱਪ ਨਾਲ ਲੈਸ ਹੈ, ਜਿਸ ਵਿੱਚ 10-ਕੋਰ CPU - 4 ਪਰਫਾਰਮੈਂਸ ਕੋਰ ਅਤੇ 4 ਐਫਿਸ਼ਿਐਂਸੀ ਕੋਰ ਹਨ। ਇਸ ਵਿੱਚ 16-ਕੋਰ ਨਿਊਰਲ ਇੰਜਣ, 8-ਕੋਰ GPU ਅਤੇ ਹਾਰਡਵੇਅਰ ਐਕਸਲਰੇਟਿਡ ਰੇ ਟਰੇਸਿੰਗ ਲਈ ਵੀ ਸਮਰਥਨ ਹੈ।

ਨਵੀਂ ਮੈਕਬੁੱਕ ਏਅਰ (2025) ਵਿੱਚ ਇੱਕ ਟੱਚ ਆਈਡੀ ਬਟਨ ਹੈ। ਇਸ ਵਿੱਚ ਇੱਕ ਫੋਰਸ ਟੱਚ ਟ੍ਰੈਕਪੈਡ ਹੈ, ਜੋ ਫੋਰਸ ਕਲਿਕ ਅਤੇ ਮਲਟੀ-ਟਚ ਜੈਸਚਰ ਨੂੰ ਸਪੋਰਟ ਕਰਦਾ ਹੈ। ਨਾਲ ਹੀ, ਸੈਂਟਰ ਸਟੇਜ ਫੀਚਰ ਨਾਲ 1080ਪ ਫੇਸਟਾਈਮ ਕੈਮਰਾ ਦਿੱਤਾ ਗਿਆ ਹੈ। ਕਨੈਕਟੀਵਿਟੀ ਲਈ, ਇਸ ਵਿੱਚ ํ-ਢਾਂ 6ਓ, ਬਲੂਟੁੱਥ 5.3, ਦੋ ਥੰਡਰਬੋਲਟ 4/USB 4 ਪੋਰਟ, ਇੱਕ ਮੈਗਸੇਫ 3 ਚਾਰਜਿੰਗ ਪੋਰਟ ਅਤੇ 3.5mm ਆਡੀਓ ਜੈਕ ਹੈ।

## ਮੈਰਟਾ ਨੇ ਲਾਂਚ ਕੀਤਾ ਨਵਾਂ ਸਮਾਰਟ ਗਲਾਸ

ਟੈੱਕ ਦਿੱਗਜ Meta ਨੇ ਆਪਣੇ ਨਵੇਂ Aria Gen 2 ਸਮਾਰਟ ਗਲਾਸ ਨੂੰ ਲਾਂਚ ਕਰ ਦਿੱਤਾ ਹੈ। ਇਹ ਰਿਸਰਚ-ਫੋਕਸਡ ਡਿਵਾਈਸ Project Aria ਦਾ ਅਗਲਾ ਵਰਜ਼ਨ ਹੈ, ਜਿਸਨੂੰ ਪਹਿਲੀ ਵਾਰ 2020 'ਚ ਪੇਸ਼ ਕੀਤਾ ਗਿਆ ਸੀ। ਅੀ ਅਤੇ ਮਸ਼ੀਨ ਲਰਨਿੰਗ (ML) 'ਤੇ ਆਧਾਰਿਤ ਇਹ ਦੂਜੀ ਪੀੜ੍ਹੀ ਦੇ ਸਮਾਰਟ ਗਲਾਸ ਕਈ ਅਪਗ੍ਰੇਡ ਦੇ ਨਾਲ ਆਏ ਹਨ।ੰਏਟਓ ਨੇ ਇਨ੍ਹਾਂ ਦੀ ਬੈਟਰੀ ਲਾਈਫ ਨੂੰ ਵੀ ਪਹਿਲਾਂ ਨਾਲੋਂ ਬਿਹਤਰ ਬਣਾਇਆ ਹੈ।

Meta ਨੇ ਆਪਣੇ ਬਲਾਗ ਪੋਸਟ 'ਚ ਇਕ ਨਵੇਂ ਡਿਵਾਈਸ ਦਾ ਐਲਾਨ ਕੀਤਾ। Aria Gen 2 ਨੂੰ ਆਮ ਗਾਹਕਾਂ ਲਈ ਨਹੀਂ, ਸਗੋਂ ਰਿਸਰਚਰਾਂ ਲਈ ਅਤੇ Meta ਦੇ ਪਾਰਟਨਰਾਂ ਲਈ ਵਿਕਸਿਤ ਕੀਤਾ ਗਿਆ ਹੈ। ਇਸਦਾ ਮੁੱਖ ਉਦੇਸ਼ ਨਵੀਆਂ ਤਕਨੀਕਾਂ ਨੂੰ ਵਿਕਸਿਤ ਕਰਨਾ ਅਤੇ ਮਸ਼ੀਨ ਪਰਸੈਪਸ਼ਨ ਨਾਲ ਜੁੜੇ ਰਿਸਰਚ ਨੂੰ ਅੱਗੇ ਵਧਾਉਣਾ ਹੈ।

ਇਹ ਡਿਵਾਈਸ ਮਸ਼ੀਨ ਪਰਸੈਪਸ਼ਨ, ਕਾਨਟੈਕਸਚੁਅਲ ਅੀ ਅਤੇ ਰੋਬੋਟਿਕਸ ਨਾਲ ਜੁੜੇ ਮੁੱਦਿਆਂ ਦਾ ਹੱਲ ਕਰਨ 'ਚ ਮਦਦ ਕਰੇਗਾ।

Meta ਨੇ BMW, Carnegie Mellon, IIIT ਹੈਦਰਾਬਾਦ ਅਤੇ ਯੂਨੀਵਰਸਿਟੀ ਆਫ ਬ੍ਰਿਸਟਲ ਵਰਗੀਆਂ ਸੰਥਾਵਾਂ ਦੇ ਨਾਲ ਸਾਂਝੇਦਾਰੀ ਕੀਤੀ ਹੈ। ਕੰਪਨੀ ਨਵੀਂ ਰਿਸਰਚ ਪਾਰਟਨਰਸ਼ਿਪ ਵੀ ਜੋੜ ਰਹੀ ਹੈ।



ਇਸ ਤੋਂ ਇਲਾਵਾ ਇਸ ਸਮਾਰਟ ਗਲਾਸ 'ਚ ਨਵੇਂ ਸੈਂਸਰ ਦੇ ਤੌਰ 'ਤੇ ਹਾਰਟ ਰੇਟ ਲਈ ਫੋਟੋਪਲੇਥੀਸਮੋਗ੍ਰਫੀ (PPG) ਸੈਂਸਰ ਦਿੱਤਾ ਗਿਆ ਹੈ। ਇਸ ਵਿਚ ਕਾਨਟੈਕਟ ਮਾਈਕ੍ਰੋਫੋਨ, ਬਿਹਤਰ ਬੈਟਰੀ ਅਤੇ ਆਨ-ਡਿਵਾਈਸ ਪ੍ਰੋਸੈਸਿੰਗ ਦੀ ਸਹੂਲਤ ਹੈ। Meta Aria Gen 2 'ਚ ਆਨ-ਡਿਵਾਈਸ ਪ੍ਰੋਸੈਸਿੰਗ ਦੀ ਸੁਵਿਧਾ ਦਿੱਤੀ ਗਈ ਹੈ, ਜਿਸ ਨਾਲ ਇਹ SLAM, ਆਈ-ਟ੍ਰੈਕਿੰਗ, ਹੈਂਡ-ਟ੍ਰੈਕਿੰਗ ਅਤੇ ਸਪੀਚ ਰਿਕੋਗਨੀਸ਼ਨ ਵਰਗੇ ਕੰਮਾਂ ਨੂੰ ਖੁਦ ਹੀ ਪ੍ਰੋਸੈਸ ਕਰ ਸਕਦਾ ਹੈ।

# ਕਾਵਿ ਕਿਆਰੀ

## ਕੁੜੀ ਤੇ ਨ੍ਹੇਰੀ

ਇਹ ਕੁੜੀ ਨ੍ਹੇਰੀ ਤੋਂ ਬਹੁਤ ਡਰਦੀ ਹੈ
ਕਹਿੰਦੀ ਹੈ
ਨ੍ਹੇਰੀ ਆਏਗੀ
ਸਾਰੇ ਗੰਦ ਪੈ ਜਾਏਗਾ
ਅਮਲਤਾਸ ਦੇ ਸੋਹਣੇ ਸੋਹਣੇ
ਫੁੱਲ ਝੜ ਜਾਣਗੇ
ਰੁੱਖਾਂ ਦੇ ਟਾਹਣੇ ਟੁੱਟ ਜਾਣਗੇ
ਪੰਖੇਰੂ ਮਰ ਜਾਣਗੇ

ਇਹ ਕੁੜੀ ਨਹੀਂ ਜਾਣਦੀ
ਨ੍ਹੇਰੀ ਆਏਗੀ
ਨਾਲ ਵਰਖਾ ਲਿਆਏਗੀ
ਸਾਰੇ ਠੰਢ ਵਰਤ ਜਾਏਗੀ
ਅਮਲਤਾਸ ਦੀਆਂ ਨਾੜਾਂ ਵਿੱਚ
ਨਵਾਂ ਤਾਜ਼ਾ ਖ਼ੂਨ ਦੌੜੇਗਾ

ਅਗਲੀ ਰੁੱਤੇ
ਫੁੱਲ ਹੋਰ ਸੋਹਣੇ ਹੋਣਗੇ
ਹੋਰ ਗੂਹੜੇ ਪੀਲ਼ੇ
ਇਹ ਕੁੜੀ ਨਹੀਂ ਜਾਣਦੀ

**ਲੇਖਕ : ਅਮਰਜੀਤ ਚੰਦਨ**

## ਸਭ ਉੱਜੜੇ ਬਾਗ ਉਮੰਗਾਂ ਦੇ

ਸਭ ਉੱਜੜੇ ਬਾਗ ਉਮੰਗਾਂ ਦੇ।
ਕਿਥੇ ਰਹੀਏ ਟੋਟੇ ਵੰਗਾਂ ਦੇ।

ਮਨ ਦਾ ਕੱਜਣ ਮੈਲਾ ਮੈਲਾ,
ਨਹੀਂ ਚੜ੍ਹਦੇ ਰੰਗ ਕੋਈ ਰੰਗਾਂ ਦੇ।

ਨਸ਼ਾ ਧਰਮ ਦਾ ਅੰਨ੍ਹਿਆਂ ਕਰ ਦਏ,
ਤੋਟੇ ਨੇ ਅਫ਼ੀਮਾਂ ਭੰਗਾਂ ਦੇ।

ਦਿਲ ਬਿਨ ਹੈ ਸਭ ਕੁਝ ਕੋਲ ਉਹਨਾਂ ਦੇ,
ਕੀ ਕਰਨਾ ਜਾ ਕੇ ਨੰਗਾਂ ਦੇ।

ਛੁਹ ਸੰਗ ਸਰਦਲ ਟਹਿਕ ਪਏ,
ਰੰਗ ਪੂਜੀਏ ਉਹਨਾਂ ਅੰਗਾਂ ਦੇ।

ਸੰਗ ਸੰਗ ਵਿਚ ਡੁਬੀਏ ਜੇ ਬੇਕਾਰਨ,
ਲੱਖ ਲਾਹਨਤ ਐਸੀਆਂ ਸੰਗਾਂ ਦੇ।

ਕੁਈ ਪ੍ਰਵਾਜ਼ ਭਰੀ ਨਾ ਹੱਸਤੀ ਨੇ,
ਕੀ ਕਰੀਏ ਰੰਗਾ-ਰੰਗ ਦੇ ਫੰਗਾਂ ਦੇ।

ਵੈਰੀ ਦੇ ਡੰਗ ਤਾਂ ਓਤਰ ਗਏ,
ਦਰਦ ਤਾਂ ਰਹਿਣੇ, ਮਿੱਤਰਾਂ ਮਾਰੇ ਡੰਗਾਂ ਦੇ।

ਚੁਪ ਤੇਰੀ ਤਾਂ ਠੀਕ ਹੀ ਹੋਸੀ,
ਨਹੀਂ ਮੇਚ ਮੇਰੀਆਂ ਮੰਗਾਂ ਦੇ।
ਤਰੇਲ 'ਚ ਨ੍ਹਾਤੀ ਅੱਗ

**ਲੇਖਕ : ਆਤਮਜੀਤ ਹੰਸਪਾਲ**

## ਇੱਕ ਦੋ ਕੱਪੜੇ

ਮੈਨੂੰ ਇੱਕ ਦੋ ਕੱਪੜੇ ਪਾਕੇ ਭੇਜ
ਮੇਰੇ ਜਾਣ ਦਾ ਹਵਨ ਕਰ

ਬਿਨ ਕਫ਼ਨ ਇਸ ਬੇਈਮਾਨ ਨੂੰ
ਤੇਰੇ ਦਿਲ ਵਿੱਚ ਦਫ਼ਨ ਕਰ

ਮੇਰੇ ਨਾਲ ਤੂੰ ਖੋਇਆ
ਤੇ ਪਿੱਛੋਂ ਯਾਰ ਸਾਰੇ ਖੋਏ ਮੈਂ

ਯਾ ਮੈਂ ਆਵਾਂ ਪਹਿਲਾਂ
ਯਾ ਤੂੰ ਆਉਣ ਦਾ ਜਤਨ ਕਰ

ਬਿਨ ਕਫ਼ਨ ਇਸ ਬੇਈਮਾਨ ਨੂੰ
ਤੇਰੇ ਦਿਲ ਵਿੱਚ ਦਫ਼ਨ ਕਰ।

**ਲੇਖਕ : ਸੋਨੀ ਧੀਮਾਨ**

## ਸਮਰੱਥ ਕਲਮ

ਐ ਬੁਰਜੁਆ
ਤੂੰ ਖ਼ੌਫ ਦੀਆਂ ਲਕੀਰਾਂ ਖਿੱਚ ਕੇ
ਚੁੱਪ 'ਤੇ ਪੈਂਤੜੇ ਨਾ ਅਜ਼ਮਾ
ਤੂੰ ਨਹੀਂ ਜਾਣਦਾ
ਹਨ੍ਹੇਰਾ ਹੋਰ ਡੂੰਘਾ ਹੋ ਜਾਂਦਾ
ਤੇ ਚੁੱਪ ਦਾ ਸ਼ੋਰ
ਵੀ ਬੜਾ ਖ਼ੌਫ਼ਨਾਕ ਹੁੰਦਾ
ਦਿਲ-ਓ ਦਿਮਾਗ ਦੀ ਲੋਅ
ਲਟ ਲਟ ਬਲਦੀ ਆ
ਕਦਰਾਂ ਕੀਮਤਾਂ ਦੀ ਹਿਫ਼ਾਜ਼ਤ
ਕਰਨ ਦਾ ਜਜ਼ਬਾ
ਮੁੱਢ ਕਦੀਮਾਂ ਤੋਂ ਹੀ
ਹੈ ਸਾਡੇ ਖ਼ੂਨ ਅੰਦਰ
ਤੇ ਸਮਰੱਥ ਕਲਮ ਸਦਾ
ਉਮੀਦ ਨੂੰ ਰੱਖਦੀ ਏ ਜ਼ਿੰਦਾ
ਤੇ ਲਗਾਤਾਰ ਸੰਘਰਸ਼ ਦੇ
ਰਾਹੇ ਤੋਰਦੀ ਆ।

**ਲੇਖਕ : ਅਮਨਦੀਪ ਕੌਰ ਜੋਗਾ**

## ਦਰਦਾਂ ਭਰਿਆ ਦਿਲ ਓਏ ਮੱਲਾ

ਦਰਦਾਂ ਭਰਿਆ ਦਿਲ ਓਏ ਮੱਲਾ ।
ਤੜਫੇ ਜਿਉਂ ਬਿਸਮਿਲ ਓਏ ਮੱਲਾ ।
ਵਿਛੜੇ ਆਂ 'ਤੇ ਵਿਛੜੇ ਰਹੀਏ,
ਲੋਕੀ ਲਾਉਂਦੇ ਟਿੱਲ ਓਏ ਮੱਲਾ ।

ਸ਼ੋਰ ਭਾਵੇਂ ਤੂਫ਼ਾਨੀ ਹੋਵੇ,
ਨਾਲ ਇਰਾਦੇ ਠਿੱਲ ਓਏ ਮੱਲਾ ।
ਜਜ਼ਬੇ ਹੋਣ ਜਵਾਨ ਜੇ ਅਪਣੇ,
ਮੰਜ਼ਲ ਜਾਂਦੀ ਮਿਲ ਓਏ ਮੱਲਾ ।

ਵੇਲਾ ਘੱਟ ਤੇ ਮੰਜ਼ਲ ਦੂਰ ਏ,
ਨਾ ਕਰ ਐਡੀ ਢਿੱਲ ਓਏ ਮੱਲਾ ।
ਅੱਖੀਆਂ ਦੇ ਵਿੱਚ ਸਾਵਣ ਭਾਦੋਂ,
ਡੁੱਬ ਡੁੱਬ ਜਾਵੇ ਦਿਲ ਓਏ ਮੱਲਾ ।

ਇਕ ਦੂਜੇ ਦੀ ਸੁਣੇ ਨਾ ਕੋਈ,
ਲੋਕ ਬੜੇ ਸੰਗ-ਦਿਲ ਓਏ ਮੱਲਾ ।
'ਰਾਹਤ' ਨੂੰ ਇਕ ਪਲ ਨਾ ਮਿਲਿਆ,
ਉੱਜੜ ਗਈ ਮਹਿਫ਼ਿਲ ਓਏ ਮੱਲਾ ।

**ਲੇਖਕ : ਇਕਬਾਲ ਰਾਹਤ**

## ਹੁਣ ਤੀਕਰ ਜੇ ਰਹਿੰਦਾ ਓਵੇਂ

ਹੁਣ ਤੀਕਰ ਜੇ ਰਹਿੰਦਾ ਓਵੇਂ
ਖ਼ੌਰੇ ਕੀ ਕੀ ਸਹਿੰਦਾ ਓਵੇਂ !

ਚੁੰਮਦਾ ਨਹੀਂ ਕੋਈ ਮਾਂ ਦੇ ਵਾਂਗੂੰ
ਚੰਨ ਵੀ ਕੋਈ ਨਹੀਂ ਕਹਿੰਦਾ ਓਵੇਂ !

ਤੈਨੂੰ ਚੇਤੇ ਨਾ ਈ ਕਰਦਾ
ਦਿਨ ਵੀ ਨਹੀਂ ਨਾ ਲਹਿੰਦਾ ਓਵੇਂ !

ਦੁੱਖਾਂ ਇੰਜ ਤਾਂ ਢਾਇਆ ਏ
ਮੈਂ ਜੋ ਨਹੀਂ ਸਾਂ ਢਹਿੰਦਾ ਓਵੇਂ !

ਦਿਲ ਚਾਹੁੰਦਾ ਸੀ ਜਿੱਦਾਂ ਸਾਹਵੇਂ
ਇੱਕ ਵਾਰੀ ਤੇ ਬਹਿੰਦਾ ਓਵੇਂ !

ਯਾਦ ਈ ਇੱਕ ਦਰਿਆ ਹੁੰਦਾ ਸੀ
ਅੱਜਕੱਲ੍ਹ ਤੇ ਨਹੀਂ ਵਹਿੰਦਾ ਓਵੇਂ!

'ਸੰਧੂ' ਜਿੱਦਾਂ ਲੋਕੀਂ ਡਾਂਹਦੇ
ਸ਼ੇਅਰ ਨੂੰ ਸਿਰ ਨਹੀਂ ਡਹਿੰਦਾ ਓਵੇਂ !

**ਲੇਖਕ :ਇਰਸ਼ਾਦ ਸੰਧੂ**

## ਪੰਗਾ

ਆਹ ਕਿਹੜਾ ਕਜੀਆ ਛੇੜ ਨਵਾਂ,
ਕਿਉਂ ਬੈਠਾਂ ਅਕਲ ਗਿਆ ਬਾਬਾ।
ਕਿਹੜੀ ਗੱਲ ਤੋਂ ਪੰਗਾ ਲੈ ਬੈਠਾਂ,
ਹੱਥ ਭੂਮਣੇ ਖੱਖਰ 'ਚ ਪਾ ਬਾਬਾ।

ਕੱਢ ਗਾਲ੍ਹਾਂ ਪਰਖ ਜਾਤ ਕੋਈ,
ਉੱਚਾ ਹੋ ਨਾ ਆਪ ਵਿਖਾ ਬਾਬਾ।
ਛਾਂ ਢਲਦੇ ਤੂੰ ਪ੍ਰਛਾਵਿਆਂ ਦੀ,
ਪੰਡ ਹੰਕਾਰ ਦੀ ਸਿਰੋਂ ਲਾਹ ਬਾਬਾ।

ਕਰ ਨਿੰਦਿਆਂ ਜਣਨੀਜਨ ਤਾਈਂ,
ਹੱਥ ਪੱਗ ਨੂੰ ਰਿਹਾਂ ਪਾ ਬਾਬਾ।
ਮੂੰਹ ਚੁੱਕ ਤਾਂਹਾਂ ਨੂੰ ਮਾਰ ਫੂਕਾਂ,
ਸੂਰਜ ਸਕਦਾ ਨਹੀਂ ਬੁਝਾ ਬਾਬਾ।

ਹੁਣ ਕਾਤਕ ਹੋ ਜਦ ਰੱਦ ਗਏ,
ਤੇਰਾ ਲਹਿ ਹੰਕਾਰ ਗਿਆ ਬਾਬਾ।
ਐਸਾ ਛੇੜ ਨਾ ਛੇੜੀਂ ਮੁੜ 'ਭਗਤਾ',
ਹੁੰਦੇ ਲੋਕ ਨੇ ਬੁਰੀ ਬਲਾਅ ਬਾਬਾ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : +1-604-751-1113**

## ਦੇਸਾਂ ਵਾਲਿਓ

ਦੇਸਾਂ ਵਾਲਿਓ ਅਪਣੇ ਦੇਸ ਅੰਦਰ,
ਅਸੀਂ ਆਏ ਆਂ ਵਾਂਗ ਪਰਦੇਸੀਆਂ ਦੇ।
ਘਰਾਂ ਵਾਲਿਓ ਅਪਣੇ ਘਰ ਅੰਦਰ,
ਅਸੀਂ ਆਏ ਆਂ ਵਾਂਗ ਪਰਾਹੁਣਿਆਂ ਦੇ।
ਦਿਲਾਂ ਵਾਲਿਓ ਦਿਲਾਂ ਦੇ ਬੰਨ੍ਹ ਟੁੱਟ ਗਏ,
ਠਾਠਾਂ ਮਾਰਦੇ ਨੇ ਹੜ੍ਹ ਸੱਧਰਾਂ ਦੇ।
ਕਿਸੇ ਬੰਨ੍ਹ ਦੇ ਕੱਲੜੇ ਰੁੱਖ ਵਾਂਙੂੰ,
ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਨਾ ਵਾਂ।
ਅਪਣੀ ਮਾਂ ਦੀ ਕਬਰ ਨੂੰ ਲੱਭਨਾ ਵਾਂ,
ਭੈਣਾਂ ਭਰਾਵਾਂ ਦੀਆਂ ਹੱਡੀਆਂ ਟੋਲ੍ਹਨਾ ਵਾਂ।
ਤੁਸੀਂ ਦੇਸ਼ ਵਾਲੇ , ਤੁਸੀਂ ਘਰਾਂ ਵਾਲੇ ,
ਅਸੀਂ ਬੇਘਰੇ , ਅਸੀਂ ਪਰਦੇਸੀ ।

ਤੁਸੀਂ ਹੱਸ ਕੇ ਸੀਨੇ ਨਾਲ ਲਾ ਲੀਤਾ,
ਅਸਾਂ ਰੋ ਕੇ ਅੱਖ ਪਰਚਾ ਲੀਤੀ।
ਤਾਰੇ ਬੁਝੇ ਹੋਏ ਫੇਰ ਇਕ ਵਾਰ ਚਮਕੇ ,
ਜਿਹਦੀ ਆਸ ਨਹੀਂ ਸੀ, ਉਹ ਆਸ ਪੁੱਗੀ।
ਜੀਵੇ ਸ਼ਹਿਰ ਮੇਰਾ, ਜੀਵਣ ਸ਼ਹਿਰ ਵਾਲੇ ,
ਅਸੀਂ ਆਏ ਦੁਆਵਾਂ ਇਹ ਦੇ ਚੱਲੇ।
ਚਾਰੇ ਕੰਨੀਆਂ ਸਾਡੀਆਂ ਵੇਖ ਖ਼ਾਲੀ,
ਅਸੀਂ ਨਾਲ ਨਾਹੀਂ ਕੁਝ ਲੈ ਚੱਲੇ।
ਏਸ ਮਿੱਟ ਦੀ ਕੁੱਖ 'ਚ ਮਾਂ ਮੇਰੀ,
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ ।
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ,
ਏਥੇ ਆਸ ਤੜਫੀ ਮੇਰੀ ਹੂਕ ਬਣ ਕੇ।

ਜਿਨ੍ਹਾਂ ਕੰਧਾਂ ਦੀਆਂ ਛਾਵਾਂ 'ਚ ਖੇਡਦੇ ਸਾਂ,
ਉਨ੍ਹਾਂ ਕੰਧਾਂ ਨਾਲ ਲਗ ਕੇ ਰੋ ਲਈਏ।
ਦੁੱਖਾਂ ਦਰਦਾਂ ਦੇ ਹਾਲੜੇ ਫੋਲ ਕੇ ਤੇ ,
ਦੁਖੀ ਕਰ ਲਈਏ ਦੁਖੀ ਹੋ ਲਈਏ।
ਐਸ ਸ਼ਹਿਰ ਦੇ ਬਾਗ ਬਗੀਚਿਆਂ ਦੇ,
ਕਦੀ ਅਸੀਂ ਨਮਾਣੇ ਸਾਂ ਫੁੱਲ ਯਾਰੋ।
ਐਸ ਆਲ੍ਹਣਿਉਂ ਡਿੱਗੇ ਹੋਏ ਬੋਟ ਅਸੀਂ,
ਕੋਈ ਚੁੱਕੇ ਨ ਕੱਖਾਂ ਦੇ ਮੁੱਲ ਯਾਰੋ।
ਅੱਧਾ ਦਿਲ ਸਾਡਾ ਏਥੇ ਤੜਫਦਾ ਏ,
ਅੱਧਾ ਦਿਲ ਗਿਆ ਉੱਥੇ ਰੁਲ ਯਾਰੋ।
ਜਿਨ੍ਹਾਂ ਰਾਹਵਾਂ ਦੇ ਸਾਹਵਾਂ 'ਚ ਧੜਕਦੇ ਸਾਂ,
ਉਨ੍ਹਾਂ ਰਾਹਵਾਂ ਲਈ ਅਸੀਂ ਅਣਜਾਣ ਹੋ ਗਏ।
ਅਸੀਂ ਲੋਕ ਇਨਸਾਨ ਤੇ ਕੀ ਬਣਦੇ,
ਹਿੰਦੂ ਸਿੱਖ ਹੋ ਗਏ, ਮੁਸਲਮਾਨ ਹੋ ਗਏ।

**ਲੇਖਕ : ਅਹਿਮਦ ਰਾਹੀ**

## ਮੈਂ ਤੇ ਤੂੰ

ਮੇਰੇ ਚ ਤੂੰ
ਤੇਰੇ 'ਚ ਮੈਂ
ਬਸ ਇਹੀ ਹਾਂ ਤੂੰ ਤੇ ਮੈਂ

ਮੇਰੇ ਖਿਆਲਾਂ 'ਚ ਤੂੰ
ਤੇਰੇ ਖਿਆਲਾਂ 'ਚ ਮੈਂ
ਬਸ ਇਹੀ ਹਾਂ ਤੂੰ ਤੇ ਮੈਂ

ਮੇਰੇ ਸੁਪਨਿਆਂ 'ਚ ਤੂੰ
ਤੇਰੇ ਸੁਪਨਿਆਂ 'ਚ ਮੈਂ
ਬਸ ਇਹੀ ਹਾਂ ਤੂੰ ਤੇ ਮੈਂ

ਮੇਰੇ ਖੁਸ਼ੀ ਦੇ ਪਲਾਂ 'ਚ ਤੂੰ
ਤੇਰੇ ਖੁਸ਼ੀ ਦੇ ਪਲਾਂ 'ਚ ਮੈਂ
ਬਸ ਇਹੀ ਹਾਂ ਤੂੰ ਤੇ ਮੈਂ

**ਲੇਖਕ : ਅਨਮੋਲ ਸੰਧੂ**

## ਧਰਤੀ

ਰੱਬ ਨੇ ਬਣਾਈ, ਧਰਤੀ ਸ਼ਿੰਗਾਰ ਕੇ
ਸਭ ਰੰਗ ਪਾਏ, ਆਪਣੇ ਪਸਾਰ ਤੇ
ਪੁੱਠਾ ਗੇੜਾ ਦੇ ਤਾ, ਬੰਦੇ ਨੇ ਸਵਾਰ ਕੇ
ਦਾਤੇ ਦੀਆਂ ਖੁੱਲ੍ਹਾਂ, ਤਾਈ ਜਿੰਦੇ ਮਾਰ ਕੇ

ਜੰਗਲ ਕਟਾਤੇ, ਵੱਢ ਦਿੱਤੇ ਰੁੱਖ ਜੀ
ਹੋ ਗਿਆ ਹੈ ਕੈਸਾ , ਦੇਖ ਲੋ ਮਨੁੱਖ ਜੀ
ਚਲਦਾ ਨਾ ਜ਼ੋਰ, ਵਧ ਗਈ ਭੁੱਖ ਜੀ
ਕਰਨਾ ਕੀ ਲੋਕੋ, ਲਗਦਾ ਹੈ ਦੁੱਖ ਜੀ

ਪੜ੍ਹੇ ਅਖ਼ਬਾਰਾਂ, ਤਾਂ ਵੀ ਨਹੀਂ ਜਾਗਦਾ
ਕੌਣ ਹੈ ਵਜਾਵੇ, ਵਾਜਾ ਮੌਤ ਰਾਗ ਦਾ
ਕੌਣ ਹੈ ਉਜਾੜੇ, ਰਾਖਾ ਕੌਣ ਬਾਗ ਦਾ
ਮਾੜਿਆ ਦੇ ਸੀਨੇ, ਗੋਲੀ ਕੌਣ ਦਾਗ਼ਦਾ

ਕੀ ਐ ਦੱਸ ਫ਼ੈਦਾ, ਛੱਡ ਪਰੇ ਖ਼ੋਰ ਨੂੰ
ਬੰਦ ਕਰੋ ਏਥੇ, ਗੱਲ ਛੇੜੋ ਹੋਰ ਨੂੰ
ਰਾਤ ਦੇ ਵਪਾਰੀ, ਲੱਭਦੇ ਨਾ ਭੋਰ ਨੂੰ
ਲੱਭਣਗੇ ਸ਼ਮੀ, ਪੈਲਾਂ ਪਾਂਦੇ ਮੋਰ ਨੂੰ

**ਲੇਖਕ : ਸਮਰਜੀਤ ਸਿੰਘ ਸ਼ਮੀ**

## ਘਰ ਫਿਰ ਹੋਇਆ ਬਹੁਤ ਉਦਾਸ

ਮਹਿਲਾਂ ਵਾਲੀ ਰਹੀ ਨਾ ਸ਼ਾਨ
ਪਹਿਲਾਂ ਵਾਲੀ ਰਹੀ ਨਾ ਆਨ
ਘਰ ਦੀ ਜੀਅ ਕਰ ਗਏ ਪ੍ਰਵਾਸ
ਘਰ ਫਿਰ ਹੋਇਆ ਬਹੁਤ ਉਦਾਸ

ਵਿਹੜੇ ਸੁਣਦੀ ਨਾ ਕਿਲਕਾਰੀ
ਸੁੱਕ ਗੀ ਫੁੱਲਾਂ ਭਰੀ ਕਿਆਰੀ
ਘਰ ਜੋ ਹੁੰਦਾ ਸੀ ਬੜਾ ਖਾਸ..........

ਨਾ ਕੋਈ ਝਾੜੂ ਪੋਚਾ ਫੇਰੇ
ਉੱਗਿਆ ਘਾਹ ਏ ਚਾਰ-ਚੁਫੇਰੇ
ਕਿੱਥੇ ਖੋ ਗਏ ਉਹ ਅਹਿਸਾਸ......

ਕੀ-ਕੀ ਵਰਤੀ ਜਾਂਦੇ ਭਾਣੇ
ਇੱਥੋਂ ਭੱਜੇ ਜਾਣ ਨਿਆਣੇ
ਆਪੇ ਲੈ ਰਹੇ ਬਨਵਾਸ.......

ਇੱਥੇ ਵੀ ਸੀ ਸੋਹਣੀ ਰੋਟੀ
ਸਮਝ ਨਾ ਆਵੇ ਕੀ ਤੂੰ ਸੋਚੀ
ਏਨੀ ਵੀ ਸੀ ਕਿਹੜੀ ਪਿਆਸ
ਘਰ ਫਿਰ ਹੋਇਆ ਬਹੁਤ ਉਦਾਸ

**ਲੇਖਕ : ਕਰਮਜੀਤ ਸਿੰਘ ਗਰੇਵਾਲ**

## ਕੰਧ

ਮੁੜ ਧਰਤੀ ਰੋ ਰੋ ਆਖਦੀ
ਤੁਸੀਂ ਸੱਭੇ ਮੇਰੇ ਲਾਲ
ਕਿਉਂ ਲਹੂ ਦੀਆਂ ਸਾਂਝਾ ਤੋੜ ਕੇ
ਲਾਈਆਂ ਜੇ ਗ਼ੈਰਾਂ ਨਾਲ ।

ਜਦ ਭਾਈਆਂ ਬਾਝ ਨਾ ਮਜਲਸਾਂ,
ਜਦ ਯਾਰਾਂ ਬਾਝ ਨਾ ਪਿਆਰ
ਕੀ ਸੋਚ ਕੇ ਤੋੜੇ ਸਾਕ ਜੇ
ਕਿਉਂ ਖਿੱਚੀ ਨੇ ਤਲਵਾਰ ।

ਮੂੰਹ ਮੋੜ ਖੜਾ ਮਹੀਵਾਲ ਵੇ
ਲਈ ਮਿਰਜ਼ੇ ਖਿੱਚ ਕਮਾਨ ।
ਇਕ ਪਾਸੇ ਵਰਕੇ ਗ੍ਰੰਥ ਦੇ
ਇਕ ਪਾਸੇ ਪਾਕ ਕੁਰਾਨ ।

ਅਜੇ ਸੋਹਣੀ ਤਰਸੇ ਪਿਆਰ ਨੂੰ
ਅਜੇ ਹੀਰਾਂ ਲੁਕ ਲੁਕ ਰੋਣ
ਕਿਉਂ ਐਨੀਆਂ ਭੀੜਾਂ ਪੈਣ ਵੇ
ਜੇ ਦੁੱਖ ਸੁੱਖ ਸਾਂਝੇ ਹੋਣ ।

**ਲੇਖਕ : ਅਹਿਮਦ ਸਲੀਮ**

## ਜੋ ਬੋਲ ਜ਼ਬਾਨੋਂ ਨਿਕਲ ਗਿਆ

ਜੋ ਬੋਲ ਜ਼ਬਾਨੋਂ ਨਿਕਲ ਗਿਆ ।
ਉਹ ਤੀਰ ਕਮਾਨੋਂ ਨਿਕਲ ਗਿਆ ।

ਮੈਂ ਦਿਲ ਵਿੱਚ ਉਹਨੂੰ ਲੱਭਨਾ ਵਾਂ,
ਉਹ ਦੂਰ ਅਸਮਾਨੋਂ ਨਿਕਲ ਗਿਆ ।

ਖ਼ੁਆਬਾਂ ਨਾ ਤੱਕ, ਖ਼ੁਆਬਾਂ ਬਦਲੇ,
'ਯੂਸਫ਼' ਕਨਿਆਨੋਂ ਨਿਕਲ ਗਿਆ ।

ਹਮਦਰਦ ਕਿਨਾਰੇ ਬਣ ਬੈਠੇ,
ਜਦ ਮੈਂ ਤੂਫ਼ਾਨੋਂ ਨਿਕਲ ਗਿਆ ।

ਮੈਂ ਘਰ ਦੀ ਅੱਗ ਲੁਕਾਉਂਦਾ ਸਾਂ,
ਧੂੰ ਰੋਸ਼ਨ ਦਾਨੋਂ ਨਿਕਲ ਗਿਆ ।

ਜੋ ਗ਼ੈਰ ਲਈ ਤਪ ਉਠਦਾ ਸੀ,
ਉਹ ਲਹੂ ਸ਼ਰਿਆਨੋਂ ਨਿਕਲ ਗਿਆ ।

'ਕਾਸ਼ਰ' ਤੋਂ ਹੁਣ ਕੀ ਪੁੱਛਦੇ ਹੋ,
ਜਦ ਦਰਦ ਬਿਆਨੋਂ ਨਿਕਲ ਗਿਆ ।

**ਲੇਖਕ : ਸਲੀਮ 'ਕਾਸ਼ਰ'**

## ਆਸਾਂ

ਆਸਾਂ ਰੱਖ ਸਵੇਰੇ ਉੱਤੇ
ਕਾਹਦਾ ਰੋਸ ਹਨੇਰੇ ਉੱਤੇ

ਅਲਫ਼ੋਂ ਪਹਿਲਾਂ ਬੇ ਆਖਾਂ ਤੇ
ਬੁੱਲ੍ਹਾ ਹੱਸਦਾ ਮੇਰੇ ਉੱਤੇ

ਕਾਗਾ ਮੋਏ ਮੁੜ ਨਈ ਆਉਂਦੇ
ਨਾ ਹੁਣ ਬੈਠ ਬਨੇਰੇ ਉੱਤੇ

ਮੱਲੋ ਜ਼ੋਰੀ ਆ ਗਈਆਂ ਨੇ
ਦਿਲ ਦੀਆਂ ਗੱਲਾਂ ਚਿਹਰੇ ਉੱਤੇ

ਰੱਬ ਘਮਿਆਰ ਦੇ ਚੱਕ ਤੇ ਬੈਠਾ
ਦੁਨੀਆਂ ਘੁੰਮਣ ਘੇਰੇ ਉੱਤੇ

ਸ਼ੀਸ਼ੇ ਨੂੰ ਕੀ ਦੋਸ਼ ਜਦੋਂ ਨੇ
ਸੌ ਸੌ ਪਰਦੇ ਚਿਹਰੇ ਉੱਤੇ

ਦਿਲ ਦੇ ਅੰਦਰ ਟਾਵੇਂ ਟਾਵੇਂ
ਰਹਿੰਦੇ ਲੋਕ ਬਥੇਰੇ ਉੱਤੇ

**ਸੰਦੀਪ ਔਲਖ**

# ਨਾਰੀ ਸੰਸਾਰ



## ਔਰਤ ਵਿਰੋਧੀ ਮਾਨਸਿਕਤਾ ਖ਼ਤਮ ਕਰੀਏ

ਲੇਖਕ : ਸੁਮੀਤ ਸਿੰਘ

ਔਰਤ ਤੋਂ ਬਿਨਾਂ ਮਨੁੱਖੀ ਸਮਾਜ ਅਧੂਰਾ ਹੈ। ਜੇ ਇਹ ਕਹਿ ਲਿਆ ਜਾਵੇ ਕਿ ਔਰਤ ਤੋਂ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਤਾਂ ਅਤਿਕਥਨੀ ਨਹੀਂ ਹੋਵੇਗੀ। ਦੁੱਖ ਦੀ ਗੱਲ ਹੈ ਕਿ ਸਾਡੇ ਦੇਸ਼ ਵਿਚ ਲੜਕੀਆਂ ਅਤੇ ਔਰਤਾਂ ਵਿਰੁੱਧ ਸਭ ਤੋਂ ਵੱਧ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਡਾ ਸਮੁੱਚਾ ਸਿਆਸੀ, ਪ੍ਰਸ਼ਾਸਨਿਕ, ਸਮਾਜਿਕ ਅਤੇ ਆਰਥਿਕ ਢਾਂਚਾ ਪੂੰਜੀਵਾਦੀ ਲੁੱਟ, ਸ਼ੋਸ਼ਣ, ਨਾ-ਬਰਾਬਰੀ, ਬੇਇਨਸਾਫ਼ੀ, ਭ੍ਰਿਸ਼ਟਾਚਾਰ, ਜਬਰ ਅਤੇ ਬਸਤੀਵਾਦੀ ਕਾਲੇ ਕਾਨੂੰਨਾਂ ਦੀਆਂ ਲੀਹਾਂ ਉਤੇ ਚੱਲ ਰਿਹਾ ਹੈ। ਇਸੇ ਕਰ ਕੇ ਇਹ ਮਨੁੱਖ ਵਿਰੋਧੀ, ਖਾਸ ਕਰ ਕੇ ਔਰਤ ਵਿਰੋਧੀ ਹੈ। ਨਤੀਜੇ ਵਜੋਂ ਹਰ ਲੜਕੀ/ਔਰਤ ਹਰ ਜਗ੍ਹਾ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਲੜਕੀਆਂ ਦੇ ਅਸੁਰੱਖਿਅਤ ਹੋਣ ਕਾਰਨ ਦੇਸ਼ ਵਿਚ ਮਾਦਾ ਭਰੂਣ ਹੱਤਿਆ ਬਹੁਤ ਵਧ ਰਹੀ ਹੈ ਜਿਸ ਦੇ ਨਤੀਜੇ ਵਜੋਂ ਲੜਕੇ ਲੜਕੀ ਦੇ ਅਨੁਪਾਤ ਵਿਚਲਾ ਫਰਕ ਵਧ ਰਿਹਾ ਹੈ। ਅਫ਼ਸੋਸ, 'ਬੇਟੀ ਬਚਾਓ ਬੇਟੀ ਪੜ੍ਹਾਓ' ਦੀਆਂ ਫੜ੍ਹਾਂ ਮਾਰਨ ਵਾਲੇ ਹੁਕਮਰਾਨ ਲੜਕੀਆਂ/ਔਰਤਾਂ ਦੀ ਸੁਰੱਖਿਆ ਵਿਚ ਨਾਕਾਮ ਸਾਬਤ ਹੋਏ ਹਨ।

ਸਾਡੇ ਦੇਸ਼ ਵਿਚ ਲੜਕੀਆਂ ਤੇ ਔਰਤਾਂ ਵਿਰੁੱਧ ਅਪਰਾਧ ਦੀਆਂ ਘਟਨਾਵਾਂ ਵਾਪਰਨ ਪਿੱਛੇ ਮਰਦ ਪ੍ਰਧਾਨ ਸਮਾਜ ਦੀ ਔਰਤ ਵਿਰੋਧੀ ਮਾਨਸਿਕਤਾ, ਲੱਚਰ ਗਾਇਕੀ, ਲੱਚਰ ਸਾਹਿਤ, ਮੀਡੀਆ ਵਿੱਚ ਔਰਤ ਨੂੰ ਵਸਤੂ ਵਜੋਂ ਪੇਸ਼ ਕਰਨਾ, ਗੈਂਗਸਟਰਵਾਦ, ਪੁਲੀਸ ਦੀ ਕਾਨੂੰਨ ਲਾਗੂ ਕਰਨ ਦੀ ਕੋਤਾਹੀ, ਪੀੜਤ ਔਰਤ ਵੱਲੋਂ ਡਰ ਤੇ ਸ਼ਰਮ ਕਾਰਨ ਸ਼ਿਕਾਇਤ ਦਰਜ ਨਾ ਕਰਵਾਉਣਾ, ਚਸ਼ਮਦੀਦ ਗਵਾਹਾਂ ਦੀ ਘਾਟ, ਗੁੰਝਲਦਾਰ ਤੇ ਮਹਿੰਗੀ ਨਿਆਂ ਪ੍ਰਣਾਲੀ, ਕੇਸਾਂ ਦੀ ਸੁਣਵਾਈ 'ਚ ਦੇਰੀ, ਪੁਲੀਸ ਤੇ ਅਦਾਲਤੀ ਭ੍ਰਿਸ਼ਟਾਚਾਰ, ਦੋਸ਼ੀਆਂ ਦੀ ਸਿਆਸੀ ਤੇ ਹਕੂਮਤੀ ਸਰਪ੍ਰਸਤੀ ਆਦਿ ਕਾਰਨ ਹਨ। ਇਸ ਤੋਂ ਇਲਾਵਾ ਨੌਜਵਾਨਾਂ ਵਿਚ ਮੋਬਾਈਲ, ਸਾਈਬਰ ਕੈਫ਼ੇ ਰਾਹੀਂ ਫੈਲਾਏ ਜਾ ਰਹੇ ਨੰਗੇਜ਼ਵਾਦ, ਅਸ਼ਲੀਲਤਾ, ਨਸ਼ੇ ਅਤੇ ਕਾਮ-ਉਕਸਾਊ ਰੁਚੀਆਂ ਵੀ ਜ਼ਿੰਮੇਵਾਰ ਹਨ।

ਸਮਾਜ ਵਿਚ ਔਰਤ ਨੂੰ ਗ਼ੁਲਾਮੀ, ਨਾ-ਬਰਾਬਰੀ ਅਤੇ ਜ਼ੁਲਮ ਦਾ ਸ਼ਿਕਾਰ ਬਣਾਉਣ ਵਿਚ ਕੁਝ ਧਰਮਾਂ ਨੇ ਨਾਂਹ-ਪੱਖੀ ਰੋਲ ਨਿਭਾਇਆ ਹੈ ਅਤੇ ਲੜਕੀਆਂ ਤੇ ਔਰਤਾਂ ਉਤੇ ਹਮੇਸ਼ਾ ਬੰਦਿਸ਼ਾਂ ਲਾਉਣ ਦੀ ਵਕਾਲਤ ਕੀਤੀ ਹੈ। ਵਿਗਿਆਨਕ ਚੇਤਨਾ ਦੇ ਯੁੱਗ ਦੇ ਬਾਵਜੂਦ ਕਈ ਦੇਸ਼ਾਂ/ਫਿਰਕਿਆਂ ਵਿਚ ਅੱਜ ਵੀ ਔਰਤਾਂ ਨੂੰ ਘੁੰਡ ਕੱਢਣ ਅਤੇ ਬੁਰਕਾ/ਹਿਜਾਬ ਪਾਉਣ ਦੀਆਂ ਰੂੜੀਵਾਦੀ ਰਸਮਾਂ ਦੀ ਗੁਲਾਮੀ ਝੱਲਣੀ ਪੈ ਰਹੀ ਹੈ। ਇਨ੍ਹਾਂ ਬੰਦਿਸ਼ਾਂ ਦੀ ਆੜ ਹੇਠ ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿਚ ਰੱਖ ਕੇ ਉਸ ਨੂੰ ਅਨਪੜ, ਗ਼ੁਲਾਮ ਅਤੇ ਅੰਧ-ਵਿਸ਼ਵਾਸੀ ਮਾਨਸਿਕਤਾ ਦਾ ਸ਼ਿਕਾਰ ਬਣਾਇਆ ਹੈ। ਇਕ ਪਾਸੇ ਤਾਂ ਔਰਤ ਨੂੰ ਜੱਗ ਜਨਣੀ ਕਿਹਾ ਜਾਂਦਾ ਹੈ, ਉਸ ਦੇ ਪੈਰ ਧੋ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ, ਰੱਖੜੀ ਮੌਕੇ ਉਸ ਦੀ ਰੱਖਿਆ ਕਰਨ ਦੀਆਂ ਸਹੁੰ ਖਾਧੀ ਜਾਂਦੀ ਹੈ

## ਆਪਸੀ ਸਾਂਝਾਂ ਅਤੇ ਮੇਲ-ਮਿਲਾਪ ਦੀ ਖ਼ੁਸ਼ਹਾਲੀ

ਅਮਰਜੀਤ ਬਰਾੜ, ਮੋਬਾਈਲ : 94179-49079

ਸਫ਼ਲਤਾ ਦੇ ਅਰਥ ਦੱਸਣ ਵਾਲੇ ਗੁਣੀ ਗਿਆਨੀ ਲੋਕ ਬਹੁਤ ਮਿਲ ਜਾਂਦੇ ਹਨ ਪਰ ਜ਼ਿੰਦਗੀ ਦੀ ਖ਼ੁਸ਼ਹਾਲੀ ਦਾ ਅਸਲ ਆਧਾਰ ਕੋਈ ਵਿਰਲਾ ਹੀ ਦਸਦਾ ਹੈ। ਹਰ ਪਾਸੇ ਸਮੱਸਿਆ ਦੀ ਚਰਚਾ ਹੈ ਪਰ ਸਮੱਸਿਆ ਦਾ ਹੱਲ ਦੱਸਣ ਵਾਲੇ ਲੋਕ ਬਹੁਤ ਘੱਟ ਹਨ। ਮੁੱਖ ਮਸਲਾ ਸਮੱਸਿਆ ਨਹੀਂ ਬਲਕਿ ਉਸ ਸਮੱਸਿਆ ਦਾ ਸਹੀ ਹੱਲ ਦਾ ਪਤਾ ਨਾ ਹੋਣਾ ਹੀ ਮੁੱਖ ਸਮੱਸਿਆ ਹੈ। ਜ਼ਿਕਰ ਕਰਨ ਵਾਲੇ ਬਹੁਤ ਹਨ ਪਰ ਫ਼ਿਕਰ ਕਰਨ ਵਾਲੇ ਬਹੁਤ ਘੱਟ। ਸਫ਼ਲਤਾ ਨਿੱਜੀ ਵੀ ਹੋ ਸਕਦੀ ਹੈ ਪਰ ਖ਼ੁਸ਼ਹਾਲੀ ਸਭ ਦੀ ਸਾਂਝੀ ਹੁੰਦੀ ਹੈ। ਸਾਡੇ ਸਮਾਜ ਵਿਚ ਸਾਂਝੇ ਪਰਿਵਾਰਾਂ ਦਾ ਟੁੱਟਣਾ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਅਸੀਂ ਆਪਣੀ ਨਿੱਜੀ ਸਫ਼ਲਤਾ ਨੂੰ ਜ਼ਿਆਦਾ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਹੈ। ਜਿਹੜੇ ਆਪ ਨਹੀਂ ਜਿੱਤ ਸਕਦੇ, ਉਹ ਕਈ ਵਾਰ ਦੂਜਿਆਂ ਦੀ ਹਾਰਾਂ ਦੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੰਦੇ ਹਨ। ਨੀਅਤ ਸਾਫ਼ ਹੋਵੇ ਤਾਂ ਕਿਸੇ ਨੂੰ ਜਿਤਾਉਣ ਲਈ ਕਈ ਵਾਰ ਤੁਹਾਡੀ ਇਕ ਹੱਲਾਸ਼ੇਰੀ ਹੀ ਕਾਫ਼ੀ ਹੁੰਦੀ ਹੈ।

ਜੇਕਰ ਤੁਹਾਡੀ ਕਮਾਈ ਅਤੇ ਦੌਲਤ ਦਾ ਸੰਬੰਧ ਸਿਰਫ਼ ਆਪਣੀਆਂ ਸੁੱਖ-ਸਹੂਲਤਾਂ ਤੱਕ ਸੀਮਤ ਹੈ ਤਾਂ ਇਹ ਇਕ ਸਮੱਸਿਆ ਹੈ। ਜਿਹੜੀ ਖ਼ੁਸ਼ੀ ਅਤੇ ਪ੍ਰਸੰਨਤਾ ਕਿਸੇ ਦਾ ਸਾਥ ਦੇਣ, ਸਾਥ ਲੈਣ ਅਤੇ ਮਾਣਨ ਵਿਚ ਹੈ, ਉਹ ਖ਼ੁਸ਼ੀ ਜਾਂ ਪ੍ਰਸੰਨਤਾ ਉਸ ਪ੍ਰਾਪਤੀ ਵਿਚ ਕਦੇ ਨਹੀਂ ਮਿਲ ਸਕਦੀ ਜਿਹੜੀ ਸਿਰਫ਼ ਨਿੱਜ ਤੱਕ ਸੀਮਤ ਹੈ। ਵਿਵਹਾਰ ਦੀ ਅਮੀਰੀ ਹੀ ਤੁਹਾਡੀ ਅਸਲ ਅਮੀਰੀ ਹੈ। ਇੱਜ਼ਤ ਅਤੇ ਸਤਿਕਾਰ ਸਭ ਤੋਂ ਵੱਡਾ ਅਹੁਦਾ ਹੈ। ਖ਼ੁਸ਼ੀ ਅਤੇ ਤਸੱਲੀ ਸਭ ਤੋਂ ਵੱਡੀ ਪ੍ਰਾਪਤੀ ਹੈ। ਕੋਈ ਵਿਅਕਤੀ ਸੱਚੇ ਦਿਲੋਂ ਤੁਹਾਡੀ ਪ੍ਰਸੰਸਾ ਕਰੇ, ਇਸ ਤੋਂ ਵੱਡਾ ਕੋਈ ਇਨਾਮ ਨਹੀਂ। ਕਿਸੇ ਵੀ ਵਿਅਕਤੀ ਵਲੋਂ ਦਿੱਤੀ ਗਈ ਅਸੀਸ ਤੇ ਦੁਆ ਤੁਹਾਡਾ ਸਭ ਤੋਂ ਵੱਡਾ ਸਨਮਾਨ ਹੈ। ਅਸੀਂ ਬਿਨਾਂ ਸੋਚੇ ਸਮਝੇ ਦੌੜ ਰਹੇ ਹਾਂ, ਇਸ ਲਈ ਕਿਤੇ ਵੀ ਪਹੁੰਚ ਨਹੀਂ ਰਹੇ।

ਲੋਕਾਂ ਵਿਚ ਖੜ੍ਹਨਾ ਅਤੇ ਲੋਕਾਂ ਦੇ ਨਾਲ ਖੜ੍ਹਨਾ ਇਸ ਗੱਲ ਵਿਚ ਵੱਡਾ ਅੰਤਰ ਹੈ, ਆਪਸੀ ਸਹਿਯੋਗ ਦੀ ਭਾਵਨਾ ਆਪਸੀ ਸਹਿਯੋਗ ਵਿਚੋਂ ਹੀ ਪੈਦਾ ਹੁੰਦੀ ਹੈ। ਚੰਗੀਆਂ ਸਾਂਝਾਂ ਸਾਡੀ ਖ਼ੁਸ਼ੀ ਅਤੇ ਸਾਡੇ ਆਤਮ-ਵਿਸ਼ਵਾਸ ਵਿਚ



ਵਾਧਾ ਕਰਦੀਆਂ ਹਨ। ਹਰ ਵੇਲੇ ਦਾ ਇਕੱਲਾਪਨ ਸਾਨੂੰ ਧੁਰ ਅੰਦਰੋਂ ਉਦਾਸ ਕਰਦਾ ਹੈ। ਹੀਣ ਭਾਵਨਾ ਵਿਚ ਘਿਰੇ ਰਹਿਣ ਵਾਲੇ ਵਿਅਕਤੀ ਆਪਣੇ ਆਲੇ-ਦੁਆਲੇ ਅਜਿਹੀਆਂ ਸੋਚਾਂ ਅਤੇ ਵਿਚਾਰਾਂ ਦੀ ਕੰਧ ਖੜ੍ਹੀ ਕਰ ਲੈਂਦੇ ਹਨ, ਜਿਸ ਵਿਚੋਂ ਬਾਹਰ ਨਿਕਲਣਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਬਣ ਜਾਂਦਾ ਹੈ। ਕਿਸੇ ਦੀ ਮਜਬੂਰੀ ਨੂੰ ਸਮਝਣਾ ਸਭ ਤੋਂ ਵੱਡੀ ਸਿਆਣਪ ਹੈ। ਉਹ ਲੋਕ ਤੰਦਰੁਸਤ ਜ਼ਿੰਦਗੀ ਭੋਗਦੇ ਹਨ, ਜਿਹੜੇ ਮਿਲਵਰਤਨ ਨਾਲ ਰਹਿਣਾ ਜਾਣਦੇ ਹਨ। ਉਹ ਲੋਕ ਲੰਮੀ ਉਮਰ ਅਤੇ ਖ਼ੁਸ਼ੀ ਵਾਲੀ ਉਮਰ ਭੋਗਦੇ ਹਨ ਜਿਨ੍ਹਾਂ ਦੇ ਸੰਬੰਧ ਦੂਜੇ ਲੋਕਾਂ ਨਾਲ ਚੰਗੇ ਹੁੰਦੇ ਹਨ। ਜੇਕਰ ਤੁਹਾਡਾ ਬੱਚਾ ਤੁਹਾਡੇ ਨਾਲ ਰੁੱਖਾ ਬੋਲਦਾ ਅਤੇ ਰੁੱਖਾ ਵਿਹਾਰ ਕਰਦਾ ਹੈ ਤਾਂ ਘੱਟੋ-ਘੱਟ ਤੁਸੀਂ ਤਾਂ ਉਸ ਨਾਲ ਰੁੱਖਾ ਵਿਹਾਰ ਨਾ ਕਰੋ। ਜੇਕਰ ਤੁਸੀਂ ਉਸ ਨਾਲ ਉਸ ਵਰਗਾ ਹੀ ਵਿਹਾਰ ਕਰਦੇ ਹੋ ਤਾਂ ਤੁਹਾਡੇ ਅਤੇ ਉਹਦੇ ਵਿਚ ਅੰਤਰ ਕਰਨਾ ਔਖਾ ਹੋ ਜਾਵੇਗਾ ਕਿ ਕਸੂਰ ਕਿਸ ਦਾ ਹੈ। ਅਸੀਂ ਆਪਣੇ ਫੋਨ ਦੇ ਜ਼ਰੀਏ ਦੂਜਿਆਂ ਨਾਲ ਵਧੀਆ ਸੰਬੰਧ ਸਥਾਪਿਤ ਵੀ ਕਰ ਸਕਦੇ ਹਾਂ ਅਤੇ ਇਸ ਦੀ ਗ਼ਲਤ ਵਰਤੋਂ ਨਾਲ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਸਕਦੇ ਹਾਂ। ਅਸੀਂ ਆਪਣੀ ਦੌਲਤ ਨਾਲ ਕਿਸੇ ਲੋੜਵੰਦ ਦੀ ਮਦਦ ਵੀ ਕਰ ਸਕਦੇ ਹਾਂ ਅਤੇ ਇਸ ਦੌਲਤ ਦੇ ਲੋਭ ਨਾਲ ਅਸੀਂ ਆਮ ਕਰਕੇ ਆਪਣੇ ਤੱਕ ਹੀ ਰਹਿ ਜਾਂਦੇ ਹਾਂ। ਚੀਜ਼ਾਂ ਕਦੇ ਵੀ ਸਾਨੂੰ ਖ਼ੁਸ਼ੀ ਨਹੀਂ ਦਿੰਦੀਆਂ। ਜੇਕਰ ਸਾਡੇ ਨਜ਼ਰੀਏ ਵਿਚ ਨੁਕਸ ਹੁੰਦਾ ਹੈ। ਜਿਹੋ ਜਿਹਾ ਸਵਾਲ ਪੁੱਛਿਆ ਜਾਂਦਾ ਹੈ, ਉੱਤਰ ਲਗਭਗ ਉਸੇ ਤਰ੍ਹਾਂ ਦਾ ਹੀ ਮਿਲਦਾ ਹੈ। ਜਦੋਂ ਤੁਹਾਡਾ ਮੂਡ ਬਿਨਾਂ ਕਿਸੇ ਕਾਰਨ ਚੰਗਾ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਤੁਸੀਂ ਜ਼ਿੰਦਗੀ ਦੀ ਅਸਲੀਅਤ ਤੋਂ ਦੂਰ ਹੋ ਸਿਰਫ਼ ਇਕੱਠਾਂ ਵਿਚ ਰਹਿਣਾ ਹੀ ਸਾਂਝ ਨਹੀਂ ਹੁੰਦੀ। ਸਾਡੀ ਸੋਚ ਦਾ ਸਾਡੇ ਵਿਹਾਰ ਨਾਲ, ਸਾਡੇ ਵਿਹਾਰ ਦਾ ਸਾਡੀਆਂ ਆਦਤਾਂ ਨਾਲ ਸਾਡੀਆਂ ਆਦਤਾਂ ਦਾ ਸਾਡੇ ਚਰਿੱਤਰ ਨਾਲ, ਸਾਡੇ ਚਰਿੱਤਰ ਦਾ ਸਾਡੀ ਸ਼ਖ਼ਸੀਅਤ ਨਾਲ ਅਤੇ ਸਾਡੀ ਸ਼ਖ਼ਸੀਅਤ ਦਾ ਸਾਡੀ ਸਫ਼ਲਤਾ ਅਤੇ ਖ਼ੁਸ਼ੀ ਨਾਲ ਸਿੱਧਾ ਸੰਬੰਧ ਹੈ। ਇਨ੍ਹਾਂ ਮਾਲਾਂ ਦੇ ਮਣਕਿਆਂ ਵਿਚੋਂ ਜੇਕਰ ਇਕ ਮਣਕਾ ਵੀ ਟੁੱਟਦਾ ਹੈ ਤਾਂ ਇਹ ਸਾਰੀ ਲੜੀ ਕਮਜ਼ੋਰ ਹੋ ਜਾਂਦੀ ਹੈ। ਜਿਵੇਂ-ਜਿਵੇਂ ਮੇਲ-ਮਿਲਾਪ, ਰਿਸ਼ਤਿਆਂ ਦੀ ਸਾਂਝ ਅਤੇ ਦੋਸਤੀਆਂ ਦੇ ਦਾਇਰੇ ਘਟਦੇ ਜਾ ਰਹੇ ਹਨ। ਮਨੁੱਖ ਸੁਆਰਥੀ, ਲਾਲਚੀ, ਲੋਭੀ, ਉਦਾਸ ਅਤੇ ਚਿੰਤਤ ਹੁੰਦਾ ਜਾ ਰਿਹਾ ਹੈ। ਜੇਕਰ ਦਿਲ ਅਤੇ ਨੀਅਤ ਸਾਫ਼ ਹੋਵੇ ਤਾਂ ਬੇਵਫ਼ਾਈ, ਧੋਖਾ, ਵਿਛੋੜਾ ਵੀ ਸਬਕ ਬਣਦਾ ਹੈ। ਕਿਸੇ ਚੀਜ਼ ਦੀ ਇੱਛਾ ਰੱਖਣਾ ਹੋਰ ਗੱਲ ਹੈ ਅਤੇ ਇਸ ਦਾ ਹੱਕਦਾਰ ਹੋਣਾ ਹੋਰ ਗੱਲ। ਆਪਣੇ-ਆਪ ਵਿਚ ਕਈ ਵਿਅਕਤੀ ਸੰਸਥਾ ਵਰਗੇ ਹੁੰਦੇ ਹਨ। ਸਮਾਜ ਦੀ ਸਭ ਤੋਂ ਵੱਡੀ ਸਮੱਸਿਆ ਹੈ ਕਿ ਘਰ ਅਤੇ ਰਿਸ਼ਤੇ ਟੁੱਟ ਰਹੇ ਹਨ। ਰਿਸ਼ਤੇ ਭਵਿੱਖ ਦੀ ਸੁਰੱਖਿਆ ਹੁੰਦੇ ਹਨ, ਰਿਸ਼ਤੇ ਖ਼ੁਸ਼ੀਆਂ, ਤਸੱਲੀਆਂ ਅਤੇ ਖ਼ੁਸ਼ਹਾਲੀਆਂ ਦਾ ਮੇਲਾ ਹੁੰਦੇ ਹਨ। ਜਿਸ ਵਿਅਕਤੀ ਨੂੰ ਦੂਜਿਆਂ ਨਾਲ ਰਹਿਣਾ ਆ ਗਿਆ, ਸੁਣਨਾ ਆ ਗਿਆ, ਸਹਿਣਾ ਆ ਗਿਆ ਅਤੇ ਸਹੀ ਢੰਗ ਨਾਲ ਕਹਿਣਾ ਆ ਗਿਆ, ਸਮਝੋ ਉਸ ਵਿਅਕਤੀ ਲਈ ਕੁਝ ਵੀ ਅਸੰਭਵ ਨਹੀਂ।

## ਪਾਲਤੂ ਜਾਨਵਰ

### ਦੇਖਭਾਲ ਤੇ ਸਾਵਧਾਨੀਆਂ



ਲੇਖਕ : ਸੀਮਾ ਠਠੋਲਾ

ਬਹੁਤੇ ਲੋਕਾਂ 'ਚ ਕੁੱਤੇ ਜਾਂ ਬਿੱਲੀ ਪਾਲਣ ਦਾ ਸ਼ੌਕ ਬਹੁਤ ਜ਼ਿਆਦਾ ਦੇਖਿਆ ਗਿਆ ਹੈ ਕਿਉਂਕਿ ਕੁੱਤਾ ਨਾ ਸਿਰਫ਼ ਤੁਹਾਡੇ ਘਰ ਦੀ ਪਹਿਰੇਦਾਰੀ ਕਰਦਾ ਹੈ ਸਗੋਂ ਸਾਰੇ ਜਾਨਵਰਾਂ ਵਿਚੋਂ ਸਭ ਤੋਂ ਜ਼ਿਆਦਾ ਵਫ਼ਾਦਾਰ ਤੇ ਸਮਝਦਾਰ ਜਾਨਵਰ ਹੈ। ਇਸੇ ਕਾਰਨ ਜ਼ਿਆਦਾਤਰ ਵਿਅਕਤੀ ਇਸ ਨੂੰ ਪਾਲਣ ਦਾ ਸ਼ੌਕ ਰੱਖਦੇ ਹਨ।

ਤੁਸੀਂ ਕਿਸੇ ਵੀ ਜਾਨਵਰ ਨੂੰ ਪਾਲੋ, ਪਰ ਉਸ ਦੀ ਦੇਖਭਾਲ ਕਰਨਾ ਜਿੰਨਾ ਉਸ ਲਈ ਜ਼ਰੂਰੀ ਹੈ, ਉਸ ਤੋਂ ਜ਼ਿਆਦਾ ਜ਼ਰੂਰੀ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਹੁੰਦਾ ਹੈ ਕਿਉਂਕਿ ਜਾਨਵਰਾਂ ਤੋਂ ਵੱਖ-ਵੱਖ ਤਰ੍ਹਾਂ ਦੇ ਰੋਗ ਫੈਲਣ ਦਾ ਡਰ ਰਹਿੰਦਾ ਹੈ। ਜਾਨਵਰਾਂ ਵਿਚ ਫੈਲੀ ਗੰਦਗੀ ਦੀ ਸਫ਼ਾਈ ਸੰਬੰਧੀ ਗੱਲਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਜਾਨਵਰ ਪਾਲੇ ਹਨ ਤਾਂ ਉਨ੍ਹਾਂ ਨੂੰ ਇਕ ਨਿਸਚਿਤ ਥਾਂ 'ਤੇ ਰੱਖੋ ਤਾਂ ਕਿ ਸਮੁੱਚੇ ਘਰ ਵਿਚ ਗੰਦਗੀ ਨਾ ਫੈਲ ਸਕੇ।

ਉਨ੍ਹਾਂ ਦੇ ਖਾਣ-ਪੀਣ ਦੇ ਭਾਂਡੇ, ਉੱਪਰ ਦੇਣ ਵਾਲੇ ਕੱਪੜੇ ਆਦਿ ਚੀਜ਼ਾਂ ਆਪਣੀਆਂ ਚੀਜ਼ਾਂ ਤੋਂ ਵੱਖਰੀਆਂ ਰੱਖਣੀਆਂ ਚਾਹੀਦੀਆਂ ਹਨ। ਜਿਸ ਥਾਂ 'ਤੇ ਜਾਨਵਰ ਰਹਿੰਦੇ ਹੋਣ, ਉਥੇ ਹਰ ਰੋਜ਼ ਸਫ਼ਾਈ ਕਰੋ। ਹਫ਼ਤੇ ਵਿਚ ਚਾਰ ਵਾਰ ਕਿਸੇ ਚੰਗੇ ਕੀਟਨਾਸ਼ਕ ਨਾਲ ਪੋਚਾ ਲਗਾਓ।


ਕੁੱਤੇ, ਬਿੱਲੀ ਆਦਿ ਜਾਨਵਰਾਂ ਦੇ ਵਾਲ ਕਾਫ਼ੀ ਝੜਦੇ ਹਨ। ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਵਾਲਾਂ ਨੂੰ ਘਰ 'ਚ ਇਧਰ-ਉਧਰ ਖਿਲਰਨ ਨਾ ਦਿਓ। ਵਾਲ ਤੁਹਾਡੇ ਖਾਣ-ਪੀਣ ਦੀਆਂ ਚੀਜ਼ਾਂ ਵਿਚ ਜਾ ਸਕਦੇ ਹਨ, ਜਿਸ ਨਾਲ ਤੁਸੀਂ ਬਿਮਾਰੀ ਦੀ ਲਪੇਟ ਵਿਚ ਆ ਸਕਦੇ ਹੋ। ਜਾਨਵਰਾਂ ਨੂੰ ਸਮੇਂ-ਸਮੇਂ 'ਤੇ ਨਹਾਉਂਦੇ ਰਹਿਣਾ ਚਾਹੀਦਾ ਹੈ। ਕੁਝ ਵਿਅਕਤੀਆਂ ਨੂੰ ਜਾਨਵਰਾਂ ਦੇ ਵਾਲਾਂ ਨਾਲ ਬੇਹੱਦ ਐਲਰਜੀ ਰਹਿੰਦੀ ਹੈ। ਇਸ ਲਈ ਜਿਥੋਂ ਤੱਕ ਹੋ ਸਕੇ, ਇਨ੍ਹਾਂ ਤੋਂ ਘਰ ਨੂੰ ਸਾਫ਼ ਰੱਖਣਾ ਚਾਹੀਦਾ ਹੈ। ਜੇਕਰ ਤੁਸੀਂ ਆਪਣੇ ਕੁੱਤੇ ਨੂੰ ਖੁੱਲ੍ਹਾ ਛੱਡਦੇ ਹੋ ਤਾਂ ਉਹ ਤੁਹਾਡੇ ਸੋਫ਼ੇ, ਮੇਜ਼, ਪਲੰਘ, ਗੱਦੇ, ਦਰੀ, ਰਸੋਈ ਆਦਿ ਵਿਚ ਗੰਦਗੀ ਫੈਲਾ ਸਕਦਾ ਹੈ। ਇਸ ਲਈ ਜਿਥੋਂ ਤੱਕ ਹੋ ਸਕੇ, ਉਨ੍ਹਾਂ ਨੂੰ ਬੰਨ੍ਹ ਕੇ ਰੱਖਣਾ ਚਾਹੀਦਾ ਹੈ। ਖੁੱਲ੍ਹੇ ਹੋਣ 'ਤੇ ਤੁਹਾਡੇ ਘਰ ਆਏ ਮਹਿਮਾਨਾਂ ਆਦਿ ਨੂੰ ਦਿੱਤੀਆਂ ਗਈਆਂ ਚੀਜ਼ਾਂ ਵਿਚ ਮੂੰਹ ਪਾ ਸਕਦਾ ਹੈ। ਬਹੁਤ ਸਾਰੇ ਲੋਕ ਜਦੋਂ ਕੁੱਤਾ ਪਾਲਦੇ ਹਨ ਤਾਂ ਉਹ ਉਸ ਨੂੰ 24 ਘੰਟੇ ਆਪਣੀ ਗੋਦੀ ਵਿਚ ਲਈ ਘੁੰਮਦੇ ਰਹਿੰਦੇ ਹਨ। ਰਾਤ ਨੂੰ ਆਪਣੇ ਨਾਲ ਆਪਣੇ ਬਿਸਤਰ 'ਤੇ ਹੀ ਸਵਾ ਲੈਂਦੇ ਹਨ। ਜਾਨਵਰਾਂ ਨਾਲ ਪਿਆਰ ਕਰਨਾ ਚਾਹੀਦਾ ਹੈ, ਪਰ ਏਨਾ ਜ਼ਿਆਦਾ ਵੀ ਨਹੀਂ ਕਿ ਤੁਹਾਡੀ ਇਹ ਆਦਤ ਤੁਹਾਡੇ ਲਈ ਕੋਈ ਵੱਡੀ ਪ੍ਰੇਸ਼ਾਨੀ ਖੜ੍ਹੀ ਕਰ ਦੇਵੇ।

ਜਾਨਵਰਾਂ ਦੇ ਮਲ-ਮੂਤਰ ਦਾ ਇਕ ਸਮਾਂ ਨਿਸਚਿਤ ਕਰੋ ਤਾਂ ਕਿ ਉਹ ਘਰ ਦੇ ਅੰਦਰ ਗੰਦਗੀ ਨਾ ਫੈਲਾਉਣ। ਉਨ੍ਹਾਂ ਨੂੰ ਨਿਸਚਿਤ ਸਮੇਂ 'ਤੇ ਘੁਮਾਉਣ ਦੀ ਆਦਤ ਬਣਾਓ। ਉਂਝ ਵੀ ਕੁੱਤਿਆਂ ਵਿਚ ਖ਼ੁਦ ਹੀ ਇਹ ਆਦਤ ਬਣੀ ਹੁੰਦੀ ਹੈ। ਜੇਕਰ ਕਿਸੇ ਕਾਰਨ ਤੁਹਾਡੇ ਕੋਲ ਸਮਾਂ ਨਾ ਹੋਵੇ ਤਾਂ ਉਨ੍ਹਾਂ ਨੂੰ ਖੁੱਲ੍ਹਾ ਛੱਡ ਦਿਓ। ਉਹ ਖ਼ੁਦ ਹੀ ਚਲੇ ਜਾਣਗੇ। ਜਿਸ ਤਰ੍ਹਾਂ ਮਨੁੱਖ ਅਚਾਨਕ ਬਿਮਾਰੀਆਂ ਨਾਲ ਘਿਰ ਜਾਂਦਾ ਹੈ, ਉਸੇ ਤਰ੍ਹਾਂ ਜਾਨਵਰ ਵੀ ਖ਼ੁਦ ਹੀ ਰੋਗਾਂ ਦੀ ਲਪੇਟ ਵਿਚ ਆ ਸਕਦੇ ਹਨ। ਇਸ ਲਈ ਜਾਨਵਰ ਦੇ ਬਿਮਾਰ ਹੋਣ 'ਤੇ ਖ਼ੁਦ ਉਸ ਦਾ ਡਾਕਟਰ ਬਣਨ ਦੀ ਕੋਸ਼ਿਸ਼ ਬਿਲਕੁਲ ਨਾ ਕਰੋ। ਇਸ ਤਰ੍ਹਾਂ ਕਰਨ ਨਾਲ ਰੋਗ ਦੇ ਫੈਲ ਜਾਣ ਦਾ ਡਰ ਰਹਿੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਉਸ ਨੂੰ ਤੁਰੰਤ ਪਸ਼ੂਆਂ ਵਾਲੇ ਡਾਕਟਰ ਕੋਲ ਲਿਜਾ ਕੇ ਜਾਂਚ ਕਰਾਓ।

ਤੁਸੀਂ ਜਾਨਵਰ ਕੋਈ ਵੀ ਪਾਲੋ ਪਰ ਉਸ ਦੀ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ। ਇਸ ਵਿਚ ਤੁਹਾਡੀ ਤੇ ਤੁਹਾਡੇ ਪਰਿਵਾਰ ਦੀ ਸੁਰੱਖਿਆ ਯਕੀਨੀ ਹੈ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

ਸਫ਼ਾ 1 ਦਾ ਬਾਕੀ

## ਖ਼ਤਰਨਾਕ ਬਿਮਾਰੀਆਂ ਕਾਰਣ ਪੰਜਾਬ...

ਵਰ੍ਹਿਆਂ ਵਿਚ ਪੰਜਾਬ ਦੇ ਲੋਕਾਂ ਨੇ 1301.31 ਕਰੋੜ ਦਾ ਖਰਚਾ ਨਜ਼ਰ ਵਾਲੀਆਂ ਐਨਕਾਂ ਅਤੇ ਬਰਾਂਡਿਡ ਐਨਕਾਂ 'ਤੇ ਖ਼ਰਚ ਕੀਤੇ ਹਨ। ਇਨ੍ਹਾਂ ਸਾਲਾਂ 'ਚ ਹੀ ਮੈਡੀਕਲ ਸੇਵਾਵਾਂ ਤੇ ਹਸਪਤਾਲਾਂ ਦਾ ਕਾਰੋਬਾਰ 15254.95 ਕਰੋੜ ਦਾ ਵੱਖਰਾ ਰਿਹਾ ਹੈ। ਜ਼ਿਲ੍ਹਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਬਠਿੰਡਾ ਜ਼ਿਲ੍ਹੇ ਵਿਚ ਸੱਤ ਸਾਲਾਂ 'ਚ ਦਵਾਈਆਂ ਦਾ ਕਾਰੋਬਾਰ 9045.74 ਕਰੋੜ ਰਿਹਾ ਹੈ ਜਦਕਿ ਪਟਿਆਲਾ ਜ਼ਿਲ੍ਹੇ 'ਚ 19063.17 ਕਰੋੜ ਦਾ ਰਿਹਾ ਹੈ। ਇਵੇਂ ਮਾਨਸਾ ਜ਼ਿਲ੍ਹੇ ਵਿਚ 1076.42 ਕਰੋੜ ਦਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 3928.32 ਕਰੋੜ ਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁਝ ਅਰਸਾ ਪਹਿਲਾਂ ਜੈਨੇਰਿਕ ਦਵਾਈਆਂ 'ਤੇ ਅਧਾਰਿਤ ਜਨ ਔਸ਼ਧੀ ਕੇਂਦਰ ਖੋਲ੍ਹੇ ਗਏ ਹਨ ਅਤੇ ਆਯੂਸ਼ਮਾਨ ਭਾਰਤ ਸਕੀਮ ਤਹਿਤ ਲੋਕਾਂ ਨੂੰ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ 'ਚ ਆਮ ਆਦਮੀ ਲਈ ਟੈਸਟਾਂ ਦਾ ਖਰਚਾ ਝੱਲਣਾ ਮੁਸ਼ਕਲ ਹੈ, ਇਲਾਜ ਦਾ ਖਰਚਾ ਤਾਂ ਦੂਰ ਦੀ ਗੱਲ ਹੈ। 'ਆਪ' ਸਰਕਾਰ ਨੇ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿਨ੍ਹਾਂ 'ਚ ਟੈਸਟ ਮੁਫ਼ਤ ਹਨ ਤੇ ਦਵਾਈਆਂ ਵੀ ਜਿਸ ਨਾਲ ਗ਼ਰੀਬ ਲੋਕਾਂ ਦੇ ਜ਼ਖ਼ਮਾਂ 'ਤੇ ਥੋੜ੍ਹੀ ਮਲ੍ਹਮ ਲੱਗੀ ਹੈ। ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਹੈ। ਕੌਮੀ ਸਿਹਤ ਨੀਤੀ 2017 ਅਨੁਸਾਰ ਸੂਬਿਆਂ ਨੂੰ ਬਜਟ ਦਾ ਅੱਠ ਫ਼ੀਸਦ ਹਿੱਸਾ ਸਿਹਤ ਖੇਤਰ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਜਦਕਿ ਪੰਜਾਬ ਦੇ ਬਜਟ ਖ਼ਰਚ ਦਾ 4.6 ਫ਼ੀਸਦੀ ਬਜਟ ਚਾਲੂ ਵਿੱਤੀ ਦੌਰਾਨ ਸਿਹਤ ਲਈ ਰੱਖਿਆ ਗਿਆ ਹੈ।

ਸਰਕਾਰੀ ਖ਼ਰੀਦ 'ਤੇ 718 ਕਰੋੜ ਦਾ ਖ਼ਰਚ

ਪੰਜਾਬ ਸਰਕਾਰ ਨੇ ਸਾਲ 2020-21 ਤੋਂ ਨਵੰਬਰ 2024 (ਪੌਣੇ ਪੰਜ ਸਾਲ) ਤੱਕ ਸਰਕਾਰੀ ਸਿਹਤ ਕੇਂਦਰਾਂ ਲਈ 718.67 ਕਰੋੜ ਰੁਪਏ ਇਕੱਲੀ ਮੈਡੀਸਨ ਦੀ ਖ਼ਰੀਦ 'ਤੇ ਖ਼ਰਚ ਕੀਤੇ ਹਨ। ਚਾਲੂ ਵਿੱਤੀ ਸਾਲ 'ਚ 123.53 ਕਰੋੜ ਤੇ ਸਾਲ 2023-24 'ਚ 191.37 ਕਰੋੜ ਦੀ ਦਵਾਈ ਸਰਕਾਰ ਨੇ ਖ਼ਰੀਦੀ ਸੀ। ਸਾਲ 2020-21 ਵਿੱਚ ਦਵਾਈ ਦੀ ਖ਼ਰੀਦ 'ਤੇ ਸਰਕਾਰੀ ਖ਼ਰਚ 84 ਕਰੋੜ ਸੀ। ਇਸ ਤੋਂ ਇਲਾਵਾ ਨਸ਼ੇੜੀਆਂ ਦਾ ਨਸ਼ਾ ਛੁਡਾਉਣ ਲਈ ਜੋ ਬੁਪਰੇਨੋਰਫਿਨ ਆਦਿ ਦੀ ਗੋਲੀ ਓਟ ਕਲੀਨਿਕਾਂ 'ਚ ਦਿੱਤੀ ਜਾਂਦੀ ਹੈ, ਉਸ 'ਤੇ ਸਰਕਾਰ ਨੇ ਸਾਲ 2019 ਤੋਂ ਹੁਣ ਤੱਕ 402.51 ਕਰੋੜ ਰੁਪਏ ਖ਼ਰਚੇ ਹਨ।

### ਵੀਆਈਪੀ ਦੇ ਇਲਾਜ ਦਾ ਖਰਚਾ ਸਰਕਾਰੀ ਖ਼ਜ਼ਾਨੇ 'ਚੋਂ

ਕੈਬਨਿਟ ਵਜ਼ੀਰਾਂ, ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦਾ ਸਮੁੱਚਾ ਮੈਡੀਕਲ ਖਰਚਾ ਸਰਕਾਰ ਚੁੱਕਦੀ ਹੈ ਜਿਸ ਦੀ ਕੋਈ ਸੀਮਾ ਨਹੀਂ। ਜੇਲ੍ਹਾਂ ਦੇ ਬੰਦੀਆਂ ਦਾ ਖਰਚਾ ਵੀ ਖ਼ਜ਼ਾਨੇ ਵਿਚੋਂ ਹੁੰਦਾ ਹੈ ਜੋ ਅਸੀਮਿਤ ਹੁੰਦਾ ਹੈ। ਹੁਣ ਤੱਕ ਬਾਦਲ ਪਰਿਵਾਰ ਦਾ ਮੈਡੀਕਲ ਖਰਚਾ 4.98 ਕਰੋੜ, ਬਰਾੜ ਪਰਿਵਾਰ (ਸਰਾਏਨਾਗਾ) ਦਾ 4.72 ਕਰੋੜ, ਤਲਵੰਡੀ ਪਰਿਵਾਰ ਦਾ 42.26 ਲੱਖ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦਾ 29.60 ਲੱਖ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਮੈਡੀਕਲ ਖਰਚਾ ਚਾਰ ਲੱਖ ਰੁਪਏ ਰਿਹਾ ਹੈ।

ਅਸਲ ਹਾਲਾਤ ਕੀ ਨੇ ਅਨੇਕਾਂ ਪੱਖਾਂ ਤੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਤਾਮਿਲ, ਕੇਰਲ, ਕਾਰਨਾਟਕ, ਤਿਲੰਗਾਨਾ ਆਦਿ ਰਾਜਾਂ ਤੋਂ ਪਿੱਛੇ ਪੈ ਗਿਆ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਇਹ ਰਾਜ ਪੰਜਾਬ ਤੋਂ ਵੱਧ ਅਮੀਰ ਹੋ ਗਏ ਹਨ ਤੇ ਨਿੱਤ ਨਵੀਆਂ ਤਕਨੀਕਾਂ ਰਾਹੀਂ ਰਾਜਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਜਦੋਂ ਸਿਹਤ ਸਿਆਸੀ ਜ਼ਿੰਮੇਵਾਰੀ ਬਣਦੀ ਹੈ ਤਾਂ ਇਹ ਸੱਤਾ ਵਿਚ ਬੈਠੀ ਸਰਕਾਰ ਤੇ ਨਿਰਭਰ ਕਰਦਾ ਹੈ। ਸਰਕਾਰਾਂ ਆਪਣੇ ਲੋਕਾਂ ਪ੍ਰਤੀ ਕਿੰਨੀਆਂ ਫ਼ਿਕਰਮੰਦ ਹਨ, ਇਹ ਤੈਅ ਕਰਦਾ ਹੈ ਕਿ ਵਿਵਸਥਾ ਕਿਸ ਤਰ੍ਹਾਂ ਦੀ ਹੈ ਜਾਂ ਹੋਵੇਗੀ।

ਇਸ ਹਾਲਤ ਦਾ ਜਾਇਜ਼ਾ ਇਸ ਪੱਖ ਤੋਂ ਲਾਇਆ ਜਾ ਸਕਦਾ ਹੈ ਕਿ ਆਜ਼ਾਦੀ ਮਗਰੋਂ ਸ਼ੁਰੂ ਤੋਂ ਹੀ ਕੇਂਦਰ ਨੇ ਸਿਹਤ ਨੂੰ ਕਦੇ ਵੀ ਪਹਿਲਕਦਮੀ ਵਾਲਾ ਮੁੱਦਾ ਨਹੀਂ ਸਮਝਿਆ। ਕਈ ਸਿਹਤ ਪ੍ਰੋਗਰਾਮ ਭਾਵੇਂ ਚੱਲ ਰਹੇ ਹਨ ਪਰ ਇਸ ਦੀ ਝਲਕ ਸਿਹਤ ਬਜਟ ਤੋਂ ਦੇਖੀ ਜਾ ਸਕਦੀ ਹੈ ਜੋ ਕਦੇ ਵੀ ਦੋ ਫੀਸਦ (2%) ਵੀ ਨਹੀਂ ਹੋਇਆ ਜਦੋਂਕਿ ਸੰਸਾਰ ਸਿਹਤ ਸੰਸਥਾ ਦੇ ਮਾਪਦੰਡਾਂ ਅਨੁਸਾਰ ਇਹ ਘੱਟੋ-ਘੱਟ ਛੇ ਫੀਸਦ ਹੋਣਾ ਚਾਹੀਦਾ ਹੈ।ਭਾਰਤ ਦੀ 62 ਫੀਸਦੀ ਆਬਾਦੀ ਸਿਹਤ ਦੇ ਪੱਖ ਤੋਂ ਆਪਣੀ ਜੇਬ ਵਿਚੋਂ ਪੈਸੇ ਖਰਚ ਕਰਦੀ ਹੈ ਅਤੇ ਇਸ ਕਾਰਜ ਲਈ ਕਰਜ਼ਾ ਵੀ ਲੈਂਦੀ ਹੈ। ਪੰਜਾਬ ਵਿਚ ਹਾਲਾਤ ਇਸ ਤੋਂ ਵੀ ਅੱਗੇ ਹਨ ਜਿੱਥੇ 75% ਲੋਕ ਆਪਣੇ ਸਿਹਤ ਮਾਮਲਿਆਂ ਲਈ ਜੇਬੋਂ ਪੈਸੇ ਖਰਚ ਕਰਦੇ ਹਨ। ਇਸ ਦੇ ਮੱਦੇਨਜ਼ਰ ਸਰਕਾਰੀ ਸਿਹਤ ਸੰਸਥਾਵਾਂ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਦੀ ਗੱਲ ਕਰੀਏ ਤਾਂ 85 ਫੀਸਦੀ ਰੋਜ਼ਾਨਾ ਓਪੀਡੀ ਅਤੇ 45 ਫੀਸਦ ਦਾਖਲੇ ਲਈ ਪ੍ਰਾਈਵੇਟ ਸਿਹਤ ਸੰਸਥਾਵਾਂ ਕੋਲ ਜਾਂਦੇ ਹਨ।

ਪੰਜਾਬ ਦਾ ਇੱਕ ਹੋਰ ਪਹਿਲੂ ਹੈ। ਇੱਥੇ ਮੁੱਢਲੀਆਂ ਪੇਂਡੂ ਸਿਹਤ ਸੇਵਾਵਾਂ ਲਈ ਪੰਚਾਇਤੀ ਰਾਜ ਪ੍ਰਬੰਧ ਜ਼ਿੰਮੇਵਾਰ ਹੈ। ਮੁੱਢਲੇ ਸਿਹਤ ਕੇਂਦਰ ਅਤੇ ਕਾਫ਼ੀ ਜ਼ਿਲ੍ਹਾ ਹਸਪਤਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਚਲਾਉਂਦੀ ਹੈ ਤੇ ਕੁਝ ਸਿਹਤ ਸੰਸਥਾਵਾਂ ਸਿਹਤ ਸੇਵਾਵਾਂ ਮਹਿਕਮਾ। ਤੀਸਰੇ ਪੱਧਰ ਦੀਆਂ ਸਿਹਤ ਸੇਵਾਵਾਂ, ਮੈਡੀਕਲ ਕਾਲਜ ਪੱਧਰੀ ਸੇਵਾਵਾਂ ਦਾ ਵਿਭਾਗ ਵੱਖਰਾ ਹੈ। ਕੰਮ ਵੰਡ ਵਧੀਆ ਗੱਲ ਹੁੰਦੀ ਹੈ ਪਰ ਤਾਲਮੇਲ ਦੀ ਘਾਟ ਉਸ ਮਕਸਦ ਨੂੰ ਪੂਰਾ ਨਹੀਂ ਕਰਦੇ ਜਾਂ ਬਹੁਤੀ ਵਾਰੀ ਅੜਿੱਕਾ ਬਣਦੇ ਹਨ।

### ਪੰਜਾਬ ਦਾ ਸਿਹਤ ਢਾਂਚਾ ਨਿਘਰਿਆ

ਕੌਮੀ ਪੱਧਰ ਦੀ ਵਿਉਂਤਬੰਦੀ ਹੇਠ ਪੰਜਾਬ ਕੋਲ 2900 ਸਬ ਸੈਂਟਰ ਹਨ ਜਿਨ੍ਹਾਂ ਨੂੰ ਹੁਣ ਵੈਲਨੈੱਸ ਸੈਂਟਰ ਦਾ ਨਾਂ ਦਿੱਤਾ ਜਾ ਰਿਹਾ ਹੈ। ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ 233 ਅਤੇ ਸਮੂਹਿਕ ਸਿਹਤ ਕੇਂਦਰਾਂ ਦੀ ਗਿਣਤੀ 139 ਹੈ। ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲ 64 ਹਨ ਅਤੇ ਚਾਰ ਸਰਕਾਰੀ ਮੈਡੀਕਲ ਕਾਲਜ ਹਨ। ਇਹ ਤਸੱਲੀਬਖ਼ਸ਼ ਤਸਵੀਰ ਜਾਪਦੀ ਹੈ ਪਰ ਇਮਾਰਤ ਤੋਂ ਵੱਧ ਜ਼ਰੂਰੀ ਹੁੰਦਾ ਹੈ ਡਾਕਟਰ, ਨਰਸ, ਸਾਜ਼ੋ-ਸਮਾਨ, ਦਵਾਈਆਂ ਆਦਿ। ਇਹ ਕਹਿਣ ਵਿਚ ਕੋਈ ਹਰਜ ਨਹੀਂ ਕਿ ਬਹੁਤੀਆਂ ਸੰਸਥਾਵਾਂ, ਪਿੰਡ ਤੋਂ ਲੈ ਕੇ ਮੈਡੀਕਲ ਕਾਲਜ ਤੱਕ, ਸਹੂਲਤਾਂ ਪੱਖੋਂ ਸੰਪੂਰਨ ਨਹੀਂ ਹਨ।

ਜ਼ਾਹਿਰ ਹੈ ਕਿ ਆਮ ਲੋਕਾਂ ਤੋਂ ਜਨਤਕ ਸਿਹਤ ਸਹੂਲਤਾਂ ਦੂਰ ਜਾ ਰਹੀਆਂ ਹਨ ਤੇ ਲੋਕ ਪ੍ਰਾਈਵੇਟ ਖੇਤਰ ਦੀਆਂ ਮਹਿੰਗੀਆਂ ਸਿਹਤ ਸਹੂਲਤਾਂ ਲੈਣ ਲਈ ਮਜਬੂਰ ਹਨ ਜਿਸ ਕਾਰਨ ਕਰਜ਼ਿਆਂ ਦਾ ਬੋਝ ਵਧਣਾ ਲਾਜ਼ਮੀ ਹੈ। ਅਸਲ ਵਿਚ, ਅਜੋਕੀ ਸਿਹਤ ਨੀਤੀ ਬਾਰੇ ਸਰਕਾਰਾਂ ਨੂੰ ਤਬਦੀਲੀ ਦੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

## ਆਖ਼ਰੀ ਕਿਸ਼ਤ

- **ਸੰਨ 2004 ਵਿੱਚ 'ਚੇਤਨਾ ਪ੍ਰਕਾਸ਼ਨਾ' ਵਲੋਂ ਤੁਹਾਡੇ ਕਾਵਿ-ਸੰਗ੍ਰਹਿ 'ਭੂਤ ਨਗਰੀ' ਦੀ ਪ੍ਰਕਾਸ਼ਨਾ ਤੋਂ ਬਾਅਦ ਤੁਹਾਡੀ ਅਗਲੀ ਕਿਤਾਬ ਪ੍ਰਕਾਸ਼ਤ ਹੁੰਦੀ ਹੈ 2020 ਵਿੱਚ, ਪੰਜਾਬ ਪੀਪਲਜ਼ ਫ਼ੋਰਮ ਵਲੋਂ, 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)', ਗ਼ਦ ਦੇ ਖ਼ੇਤਰ 'ਚੇ, ਪਰ ਕਵਿਤਾ ਦੀ ਕੋਈ ਕਿਤਾਬ 2004 ਤੋਂ ਬਾਅਦ ਅਜੇ ਤੱਕ ਵੀ ਨਹੀਂ ਆਈ, ਭਾਵੇਂ ਕਿ ਤੁਹਾਡੀਆਂ ਨਵੀਂਆਂ ਕਵਿਤਾਵਾਂ ਇੱਧਰ ਉੱਧਰ ਛਪਦੀਆਂ ਰਹਿੰਦੀਆਂ ਨੇ। ਕਿਤਾਬੀ ਰੂਪ ਵਿੱਚ ਕਾਵਿ-ਸੰਗ੍ਰਹਿ ਪ੍ਰਕਾਸ਼ਨਾ ਤੋਂ ਇੰਨੀ ਲੰਬੀ ਛੁੱਟੀ ਦਾ ਕਾਰਣ?**

ਕਿਤਾਬ 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)' ਤਾਂ ਪ੍ਰਕਾਸ਼ਤ ਹੋ ਗਈ ਕਿਉਂਕਿ ਉਹਨੂੰ 'ਅਸਲੀ ਪ੍ਰਕਾਸ਼ਕ' ਲੱਭ ਪਿਆ 'ਪੰਜਾਬ ਪੀਪਲਜ਼ ਫ਼ੋਰਮ' ਦੇ ਰੂਪ ਵਿੱਚ। ਕਵਿਤਾ ਲਿਖਣੀ ਵੀ ਬੰਦ ਨਹੀਂ ਹੋਈ। ਤਿੰਨ ਕਾਵਿ ਸੰਗ੍ਰਿਹਾਂ ਦੇ ਖਰੜੇ ਤਿਆਰ ਪਏ ਨੇ ਪ੍ਰਕਾਸ਼ਤ ਹੋਣ ਲਈ: ਖੁੱਲ੍ਹੀ ਕਵਿਤਾ ਦਾ, ਪ੍ਰਗੀਤਕ ਲਗੂ ਕਵਿਤਾ, ਤੇ ਪ੍ਰਗੀਤਕ ਆਮ-ਆਕਾਰ ਕਵਿਤਾ ਦਾ। ਜਦੋਂ ਇਨ੍ਹਾਂ ਕਾਵਿ ਸੰਗ੍ਰਿਹਾਂ ਲਈ ਕੋਈ 'ਅਸਲੀ ਪ੍ਰਕਾਸ਼ਕ' ਮਿਲ ਗਿਆ ਤਾਂ ਜ਼ਰੂਰ ਪ੍ਰਕਾਸ਼ਤ ਹੋਣਗੇ; 'ਪੀਪਲਜ਼ ਫ਼ੋਰਮ' ਵਾਲਿਆਂ ਦੇ ਪ੍ਰਕਾਸ਼ਕੀ ਘੇਰੇ ਵਿੱਚ ਕਵਿਤਾ ਆਮ ਤੌਰ 'ਤੇ ਨਹੀਂ ਆਉਂਦੀ।

- **'ਅਸਲੀ ਪ੍ਰਕਾਸ਼ਕ' ਤੋਂ ਤੁਹਾਡਾ ਕੀ ਮਤਲਬ?**

ਪੰਜਾਬੀ ਵਿੱਚ ਆਮ ਲੇਖਕਾਂ ਲਈ ਬਾਹਲੇ, ਜੇ ਸਾਰੇ ਨਹੀਂ, ਤਥਾ-ਕਥਿਕ ਪ੍ਰਕਾਸ਼ਕ ਅਸਲੋਂ 'ਮਹਿੰਗੇ' ਵਾਲੇ ਛਾਪਕ ਹੀ ਹੁੰਦੇ ਨੇ ਜੋ ਪ੍ਰਕਾਸ਼ਕ ਹੋਣ ਢੌਂਗ ਰਚਾ ਕੇ ਲੇਖਕ ਕੋਲੋਂ ਪੇਸੇ ਭੋਟ ਕੇ 'ਮਹਿੰਗੇ' ਭਾਅ 'ਉਹਦੇ ਹਿੱਸੇ ਦੀਆਂ' ਕਿਤਾਬ ਦੀਆਂ ਕਾਪੀਆਂ ਛਪਾ ਕੇ "ਆ ਕੇ ਚੁੱਕ ਲੈ ਜਾਓ" ਦਾ ਸੁਨੇਹਾ ਘੱਲ ਦਿੰਦੇ ਆ, ਪਰ ਪਾਠਕ ਤੱਕ ਕਿਤਾਬ ਪਹੁੰਚਾਉਣ ਲਈ ਕੋਈ ਗੰਭੀਰ ਜਾਂ ਅਸਰਦਾਇਕ ਯਤਨ ਤੱਕ ਵੀ ਨਹੀਂ ਕਰਦੇ। ਐਸੇ 'ਨਕਲੀ ਪ੍ਰਕਾਸ਼ਕ' ਕਿਸੇ ਵੀ ਲੇਖਕ ਦੀ ਕੋਈ ਵੀ ਕਿਤਾਬ ਛਾਪ ਦੇਣਗੇ ਕਿਉਂਕਿ ਉਨ੍ਹਾਂ ਨੇ ਛਪਾਈ ਵਿੱਚ ਹੀ ਮੁਨਾਫ਼ਾ ਕਮਾਉਣਾ ਹੁੰਦਾ ਹੈ, ਲੇਖਕ ਤੋਂ ਉਗਾਰਾਹੇ ਪੈਸਿਆਂ 'ਚੋਂ, ਕਿਤਾਬ ਪਾਠਕਾਂ ਤੱਕ ਤਾਂ ਪਹੁੰਚਾਉਣੀ ਹੀ ਨਹੀਂ ਹੁੰਦੀ। ਪਹੁੰਚਾਉਂਦੇ ਵੀ ਨੇ, ਪਰ ਕੇਵਲ ਆਪਣੇ ਚਹੇਤੇ ਲੇਖਕਾਂ ਦੀਆਂ ਕਿਤਾਬਾਂ ਹੀ, ਬਾਕੀ ਲੇਖਕਾਂ ਨੂੰ ਲੁੱਟਦੇ ਨੇ ਆਪਣੀ ਪ੍ਰਾਕਾਸ਼ਕੀ ਦੇ ਨਾਂ ਉੱਤੇ।

ਇਹਦੇ ਉਲਟ, "ਅਸਲੀ ਪ੍ਰਕਾਸ਼ਕ" ਦੇ ਕੁਝ ਅਸੂਲ ਹੁੰਦੇ ਨੇ। ਉਹ ਐਸੀ ਕਿਤਾਬ ਹੀ ਛਾਪੇਗਾ ਜੋ ਉਹਦੇ ਜਾਂ ਪ੍ਰਕਾਸ਼ਨਾ ਦੇ ਅਸੂਲਾਂ ਤੇ ਗੁਣਵੱਤਾ ਪੱਧਰ 'ਤੇ ਪੂਰੀ ਉੱਤਰਦੀ ਹੋਵੇ, ਤੇ ਪਾਠਕਾਂ ਤੱਕ ਪਹੁੰਚਾ ਕੇ ਉਹ ਘੱਟੋ ਘੱਟ ਕਿਤਾਬ-ਛਪਾਈ ਖ਼ਰਚਾ ਕੱਢ ਸਕੇ। ਮਿਸਾਲ ਵਜੋਂ, 'ਪੰਜਾਬ ਪੀਪਲਜ਼ ਫ਼ੋਰਮ' ਵਾਲਿਆਂ ਮੇਰੇ ਕੋਲੋਂ ਇੱਕ ਵੀ ਪੈਸਾ ਵਸੂਲ ਕੀਤੇ ਬਗ਼ੈਰ 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)' ਕਿਤਾਬ ਛਾਪ ਕੇ ਪਾਠਕਾਂ ਪਹੁੰਚਾਈ ਤੇ ਸੰਭਾਵਿਕ ਪਾਠਕਾਂ ਲਈ ਉਪਲੱਬਧ ਕਰਵਾਈ। ਇਹਨੂੰ ਕਹਿੰਦੇ ਨੇ "ਅਸਲੀ ਪ੍ਰਕਾਸ਼ਕ"। ਹੋਰ ਅਸਲੀ ਪ੍ਰਕਾਸ਼ਕਾਂ ਦੀ ਮੇਰੀ ਲਿਸਟ ਵਿੱਚ ਸ਼ਾਮਲ ਨੇ ਜਿਹਨਾਂ ਮੇਰੀਆਂ ਕਿਤਾਬਾਂ ਪ੍ਰਕਾਸ਼ਤ ਕੀਤੀਆਂ: ਭਾਅ ਜੀ ਗੁਰਸ਼ਰਨ ਸਿੰਘ ਹੁਣਾਂ ਦੀ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ', ਪਲਸ ਮੰਚ ਪ੍ਰਕਾਸ਼ਨ, ਸੁਰਖ ਰੇਖਾ ਪ੍ਰਕਾਸ਼ਨ, ਤੇ ਸ਼ਹੀਦ ਪ੍ਰਕਾਸ਼ਨ।

- **ਅੱਜਕੱਲ੍ਹ ਕੀ ਲਿਖ ਰਹੇ ਉਂ?**

ਕਵਿਤਾ ਲਿਖਣ ਦਾ ਕੰਮ ਤਾਂ ਚੱਲਦਾ ਈ ਰਹਿੰਦਾ ਹੌਲੀ ਹੌਲੀ, ਇਹ ਕਿਹੜੀ ਕਿਸੇ ਨੂੰ ਪੁੱਛ ਕੇ ਆਉਂਦੀ ਆ। ਹੋਰ, ਮਿੱਥ ਕੇ ਕਰਨੇ ਵਾਲੇ ਦੋ ਪ੍ਰੋਜੈਕਟ ਆ ਮਨ ਵਿੱਚ, ਅੱਜ-ਭਲਕ। ਇੱਕ ਕਾਵਿ-ਨਾਟ, ਜਾਂ ਕਹਿ ਲਓ ਓਪੇਰਾ, ਕੁਦਰਤ ਬਾਰੇ, ਜਿਸ ਵਿੱਚ ਦਿਖ਼ਾਇਆ ਜਾਏਗਾ ਕਿ ਕਿੰਝ ਕੁਦਰਤ ਹੀ ਕਾਦਰ ਆ, ਯਾਨਿ "ਸਤਿਨਾਮੁ ਕਰਤਾ ਪੁਰਖੁ" ਆ, ਤੇ ਇਹਨੂੰ ਕੀ ਤੇ ਕਿਵੇਂ ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਤੇ ਗੁਰ ਪ੍ਰਸਾਦਿ ਬਣਾਉਂਦੇ ਨੇ। ਦੂਸਰਾ ਪ੍ਰੋਜੈਕਟ ਆ ਗ਼ਦ ਵਿੱਚ, ਤਰਕਸ਼ੀਲਤਾ ਤੇ ਵਿਗਿਆਨਕ ਤਰਕ ਵਿਧਾਨ ਸੰਗ ਆਮ ਪਾਠਕ ਨੂੰ ਲੈਸ ਕਰਦੀ ਕਿਤਾਬ ਲਿਖਣ ਦਾ, ਤਾਂ ਜੋ ਪਾਠਕ ਤਰਕਹੀਣ ਜਾਂ ਖ਼ੋਟੇ ਤਰਕ ਦੇ ਅਧਾਰਿਤ ਪਰਚਾਰ ਤੋਂ ਆਪਣੀ ਰਾਖੀ ਕਰ ਸਕੇ ਅਤੇ ਖ਼ੁਦ ਵਿਗਿਆਨਕ ਤਰਕ ਵਿਧਾਨ ਦੇ ਆਧਾਰ 'ਤੇ ਖ਼ਰੀਆ ਦਲੀਲਾਂ ਨੂੰ ਉਸਾਰ ਕੇ ਵਿਚਾਰਾਂ ਨੂੰ ਉਸਾਰ, ਅਪਨਾ, ਜਾਂ ਠੁਕਰਾ ਸਕੇ।

- **'ਕੁਦਰਤ' ਤੁਹਾਡੇ ਹੁਣ ਦੇ ਕਾਵਿ ਵਿੱਚ ਕਾਫ਼ੀ ਆਉਂਦੀ ਹੈ। ਪੰਜਾਬੀ ਕਵਿਤਾ ਵਿੱਚ ਹੁਣ ਤੱਕ ਆਮ ਤੌਰ 'ਤੇ 'ਕੁਦਰਤ' ਵਿਸ਼ੇ ਉੱਪਰ ਧਰਮਿਕ ਜਾਂ ਅਧਿਆਤਮਿਕਵਾਦੀ ਜਾਂ ਇਨ੍ਹਾਂ ਰੰਗਾਂ ਵਾਲੀ ਕਵਿਤਾ ਹੀ ਭਾਰੂ ਰਹੀ ਹੈ, ਨਾ ਕਿ ਪ੍ਰਗਤੀਸ਼ੀਲ ਕਵਿਤਾ। ਸਵਾਲ ਪੁੱਛਣਾ ਬਣਦਾ ਕਿ ਅਧਿਆਤਮਿਕਵਾਦੀ ਕਵਿਤਾ ਵਿੱਚਲੀ 'ਕੁਦਰਤ' ਤੇ ਤੁਹਾਡੀ ਕਾਵਿ ਦੀ 'ਕੁਦਰਤ' ਵਿੱਚ ਜੇ ਕੋਈ ਫਰਕ ਹੈ, ਤਾਂ ਉਹ ਕੀ ਹੈ?**

ਪੰਜਾਬੀ ਪ੍ਰਗਤੀਸ਼ੀਲ ਕਵਿਤਾ ਵਿੱਚ 'ਕੁਦਰਤ' ਐਨੀ ਸ਼ਾਮਲ ਨਹੀਂ, ਕਿਉਂਕਿ ਪੰਜਾਬੀ ਵਿੱਚ ਹੋਰਨਾਂ ਵਾਂਗ ਬਾਹਲੇ, ਜੇ ਸਾਰੇ ਨਹੀ, ਪ੍ਰਗਤੀਸ਼ੀਲ ਕਵੀ ਵੀ ਬਹੁਤੇ ਜਾਂ ਥੋੜੇ ਭੂਤੀਮੁੱਖੀ ਸੋਚ ਤੇ ਪਹੁੰਚ ਦੇ ਸ਼ਿਕਾਰ ਰਹੇ ਨੇ, ਨਾ ਕਿ ਉੱਨੇ ਵਿਗਿਆਨਕ ਸੋਚ ਤੇ ਪਹੁੰਚ ਦੇ। ਆਮ ਤੌਰ 'ਤੇ ਅਸੀਂ



**ਡਾ. ਸੁਖਪਾਲ ਸੰਘੇੜਾ ਆਪਣੇ ਪਰਵਾਰ, ਪਤਨੀ ਰਨੇਅ ਸੰਘੇੜਾ ਤੇ ਪੁੱਤਰ ਆਦਮ ਸੰਘੇੜਾ, ਸੰਗ ਯੋਰਪੀਅਨ ਰੇਨਾਸਾਂਸ ਲਹਿਰ ਦੀ ਜਨਮ ਭੂਮੀ ਸ਼ਹਿਰ ਫਲੋਰੈਂਸ, ਇਟਲੀ ਵਿਖੇ।**

ਪ੍ਰਤੀਬੱਧਤਾ ਦੀ ਘਾਟ ਕਾਰਨ ਵਿਗਿਆਨ ਤੇ ਵਿਗਿਆਨਕ ਸੋਚ ਪ੍ਰਤੀ ਦਕੀਆਨੂਸੀ ਪਹੁੰਚ ਅਪਨਾਉਂਦੇ ਰਹੇ ਆ; ਮਿਸਾਲ ਵਜੋਂ ਵਿਗਿਆਨੀ ਹੋਣ ਦੇ ਬਾਵਜੂਦ, ਆਪਣੀ ਪੰਜਾਬੀ ਕਵਿਤਾ ਵਿੱਚ ਪ੍ਰੋ: ਪੂਰਨ ਸਿੰਘ ਦੀ ਲਾਗੂ ਸੋਚ ਤੇ ਪਹੁੰਚ ਜ਼ਿਆਦਾਤਰ ਭੂਤਮੁੱਖੀ ਤੇ ਜੜ੍ਹਤਾਬੰਦ ਸੀ/ਹੈ। ਬਾਕੀ, ਅਧਿਆਤਮਿਕਵਾਦੀ ਤੇ ਮੇਰੇ ਕਾਵਿ ਵਿੱਚਲੀ 'ਕੁਦਰਤ' ਵਿਚਾਲੇ ਕੀ ਫਰਕ ਹੈ? ਮੇਰੇ ਕਾਵਿ ਵਿੱਚਲੀ ਕੁਦਰਤ ਉਹ ਹੈ ਜਿਹਦੇ ਭੇਤ ਖੋਲ੍ਹਦੇ ਨਿਯਮਾਂ ਨੂੰ ਖੋਜਦਿਆਂ ਖੋਜਦਿਆਂ ਵਿਗਿਆਨੀਆਂ ਨੇ ਵਿਗਿਆਨ ਦਾ ਇਤਿਹਾਸ ਰਚਿਆ ਹੈ; ਇਹ ਕੁਦਰਤ ਮਾਦੇ ਤੇ ਊਰਜਾ ਦਾ ਇੱਕ ਸਵੈ-ਸਿਰਜਿਕ, ਸਵੈ-ਨਾਸ਼ਿਕ, ਤੇ ਸਵੈ-ਚਾਲਿਕ ਢਾਂਚਾ ਹੈ, ਜਿਹਨੂੰ ਕਿਸੇ ਸਿਰਜਨਹਾਰ ਤੇ ਡਰਾਈਵਰ, ਯਾਨਿ ਕਾਦਰ, ਦੀ ਜਰੂਰਤ ਨਹੀਂ; ਇਹਦੇ ਨਿਯਪ ਹੀ ਇਹਦੇ ਕਾਦਰ ਨੇ, ਤੇ ਨਿਯਮ ਹੀ ਕਾਦਰ, ਯਾਨਿ ਕਰਤਾ-ਪੁਰਖੁ, ਨੂੰ ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਤੇ ਗੁਰ ਪ੍ਰਸਾਦਿ ਬਣਾਉਂਦੇ ਨੇ, ਮਿਸਾਲ ਵਜੋਂ ਜਿੱਦਾਂ ਮੈਂ ਆਪਣੀ ਕਵਿਤਾ 'ਵਿਗਿਆਨ ਦਾ ਮੂਲਮੰਤਰ' ਵਿੱਚ ਬਿਆਨਿਆ ਹੈ, ਤੇ ਜਿੱਦਾਂ ਇਹਦਾ ਵਰਣਨ ਆਪਣੀ ਕਿਤਾਬ "ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨੇਸਾਂਸ ਦੇ ਪ੍ਰਸੰਗ ਵਿੱਚ" ਦੇ ਇੱਕ ਪੂਰੇ ਅਧਿਆਏ "ਪੰਜਾਬ ਜਾਗਰਤੀ ਲਹਿਰ ਵਿਗਿਆਨ ਦੀ ਸਰਦਲ 'ਤੇ: ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?" ਵਿੱਚ ਕੀਤਾ ਆ। ਵਿਗਿਆਨੀਆਂ ਵਲੋਂ ਇਨ੍ਹਾਂ ਨਿਯਮਾਂ ਦੀਆਂ ਖੋਜਾਂ ਦੇ ਆਧਾਰ 'ਤੇ ਹੀ ਮਨੁੱਖ ਗੁਫ਼ਾਵਾਂ/ਜੰਗਲਾਂ ਦੇ ਪੱਥਰ ਯੁੱਗ ਤੋਂ ਅਜੋਕੇ ਆਧੁਨਿਕ ਯੁੱਗ ਤੱਕ ਪਹੁੰਚ ਸਕਿਆਂ ਹੈ। ਇਸ ਤਰ੍ਹਾਂ ਧਰਤੀ 'ਤੇ ਮਨੁੱਖਤਾ ਦਾ ਪੱਥਰ ਯੁੱਗ ਤੋਂ ਅਜੋਕੇ ਆਧੁਨਿਕ ਯੁੱਗ ਤੱਕ ਦਾ ਇਤਿਹਾਸ ਸਿਰਜਨ ਵਿੱਚ ਤਿੰਨ ਚੀਜ਼ਾਂ ਦਾ ਮੁੱਖ ਰੋਲ ਰਿਹਾ ਹੈ: ਕੁਦਰਤ ਦੇ ਨਿਯਮ, ਵਿਗਿਆਨ, 'ਤੇ ਕਿਰਤ।

**ਮੈਗਜ਼ੀਨ 'ਹੁਣ' ਦੇ ਜਨਵਰੀ-ਅਪ੍ਰੈਲ 2024 ਅੰਕ 'ਬੁੱਢਾਪਾਨਾਮਾ' ਸ਼ੀਰਸ਼ੱਕ ਤਹਿਤ ਤੁਹਾਡੀਆਂ ਬੁੱਢਾਪੇ ਤੇ ਰਿਟਾਇਰਮੈਂਟ ਉੱਪਰ ਕਵਿਤਾਵਾਂ ਪੜ੍ਹੀਆਂ ਤਾਂ ਖਿਆਲ ਆਇਆ ਕਿ ਤੁਹਾਡੇ ਹੁਣ ਦੇ ਕਾਵਿ ਵਿੱਚ ਵਿਸ਼ਿਆਂ ਦਾ ਘੇਰਾ ਬੜਾ ਵਿਸ਼ਾਲ ਹੁੰਦਾ ਜਾ ਰਿਹਾ; ਕੁਦਰਤ, ਬ੍ਰਹਿਮੰਡ, ਵਿਕਾਸਵਾਦ, ਇਤਿਹਾਸ, ਭੂਤਮੁੱਖੀ ਸੋਚ ਤੇ ਪਹੁੰਚ, ਮਾਨਸਿਕ ਗੁਲਾਮੀ, ਮਨੁੱਖਵਾਦ, ਮਨੁੱਖ ਦੀ ਮਨੁੱਖ ਹੋਥੋਂ ਲੁੱਟ-ਖਸੁੱਟ, ਪਰਵਾਸਵਾਦ, ਆਦਿ ਤੇ ਇਨ੍ਹਾਂ ਦੇ ਉਪ ਵਿਸ਼ੇ। ਕਾਵਿ ਵਿਸ਼ਿਆਂ ਦੇ ਘੇਰੇ ਦੀ ਇਸ ਵਿਸ਼ਾਲਤਾ ਦਾ ਰਾਜ਼?**

ਜਿਵੇਂ ਮੈਂ ਪਹਿਲਾ ਕਿਹਾ, ਧਰਤੀ 'ਤੇ ਮਨੁੱਖਤਾ ਦਾ ਪੱਥਰ ਯੁੱਗ ਤੋਂ ਅਜੋਕੇ ਆਧੁਨਿਕ ਯੁੱਗ ਤੱਕ ਦਾ ਇਤਿਹਾਸ ਸਿਰਜਨ ਵਿੱਚ ਤਿੰਨ ਚੀਜ਼ਾਂ ਦਾ ਮੁੱਖ ਰੋਲ ਰਿਹਾ ਹੈ: ਕੁਦਰਤ ਦੇ ਨਿਯਮ, ਵਿਗਿਆਨ, 'ਤੇ ਕਿਰਤ। ਜਦ ਬੰਦੇ ਨੂੰ ਕੁਦਰਤ ਦਾ ਚਸਕਾ ਲੱਗ ਜਾਵੇ, ਤਾਂ ਕੁਦਰਤ ਵਿੱਚ ਤਾਂ, ਇਸ ਸੂਰਜ ਥੱਲੇ ਦੇ ਹੀ ਨਹੀਂ, ਬ੍ਰਹਿਮੰਡ ਵਿੱਚਲੇ ਸਾਰੇ ਵਿਸ਼ੇ ਆ ਜਾਂਦੇ ਨੇ। ਵਿਗਿਆਨ ਤੇ ਮਨੁੱਖੀ ਕਿਰਤ ਨੂੰ ਹਾਈਲਾਈਟ ਕਰਕੇ ਤਾਂ ਵਿਸ਼ਿਆਂ ਦੇ ਘੇਰੇ ਦਾ ਆਕਾਰ ਬੇਅੰਤਤਾ ਨੂੰ ਪਹੁੰਚ ਜਾਂਦਾ ਆ। ਵਿਸ਼ਿਆਂ ਦੀ ਬੇਅੰਤਤਾ ਦੇ ਸਮੁੰਦਰ ਵਿੱਚੋਂ ਮੈਂ ਤਾਂ ਅਜੇ ਬੂੰਦ ਭਰ ਵਿਸ਼ੇ ਵੀ ਨਹੀਂ ਛੋਹੇ; ਪਰ ਤੁਹਾਡੀ ਫ਼ਿਰਾਕ-ਦਿਲੀ ਲਈ ਸ਼ੁਕਰੀਆ, ਸੋਢੀ ਜੀ।

- **ਤੁਹਾਡੀ ਪਿਛਲੀ ਗੱਲਬਾਤ ਦੋਰਾਨ "ਅੱਜਕੱਲ੍ਹ ਕੀ ਲਿਖ ਰਹੇ ਉਂ?" ਦੇ ਜੁਆਬ ਵਿੱਚ ਤੁਸੀਂ ਕਿਹਾ ਸੀ, "ਕਿਤਾਬ 'ਭੂਤ ਨਗਰੀ' ਛਪਣ ਲਈ ਤਿਆਰ ਪਈ ਆ। ਇਕ ਨਾਵਲ 'ਕਲਗੀ' ਛੇਤੀ ਹੀ ਛਪਣ ਲਈ ਤਿਆਰ ਹੋਣ ਵਾਲਾ।" ਕਾਵਿ ਸੰਗ੍ਰਹਿ 'ਭੂਤ ਨਗਰੀ' ਤਾਂ 'ਚੇਤਨਾ ਪ੍ਰਕਾਸ਼ਨ' ਵਲੋਂ ਪ੍ਰਕਾਸ਼ਤ ਹੋ ਗਿਆ ਸੀ, ਪਰ ਨਾਵਲ 'ਕਲਗੀ' ਨਹੀਂ ਦਿਸਿਆ ਕਿਤੇ; ਇਸ ਕਿਸ ਵਿਸ਼ੇ ਬਾਰੇ ਹੈ?**

——ਤੁਸੀਂ ਠੀਕ ਓਂ, ਸੋਢੀ ਜੀ, 'ਕਲਗੀ' ਲਿਖਿਆ ਪਿਆ ਕਦੋਂ ਦਾ ਹੀ, ਪਰ ਅਜੇ ਪ੍ਰਕਾਸ਼ਤ ਨਹੀਂ ਹੋਇਆ। ਮੇਰੀ ਹਰ ਰਚਨਾ ਨੂੰ ਮੇਰਾ ਖ਼ੁਦ ਲਗਾਇਆ ਮਿਆਰ ਪਾਸ ਕਰਨਾ ਪੈਂਦਾ, ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਪ੍ਰਕਾਸ਼ਤ ਹੋਣ ਲਈ ਭੇਜ ਸਕਾਂ। 'ਕਲਗੀ' ਦੇ ਦੋ ਸੰਸਕਰਨ, ਯਾਨਿ ਵਰਜ਼ਨ, ਲਿਖ ਚੁੱਕਿਆ, ਪਰ ਅਜੇ ਗੱਲ ਬਣੀ ਨਹੀਂ। ਵਿਸ਼ਾ? ਇਹ ਨਾਵਲ ਉੱਨੀ ਸੌ 70ਵਿਆਂ ਦੇ ਪੰਜਾਬ ਵਿੱਚ ਚੱਲਦੀ ਇਨਕਲਾਬੀ ਲਹਿਰ ਵਿੱਚੀਂ ਲੰਘਦੇ ਨਿਆਣੇ ਨੌਜਵਾਨ ਦੀ ਕਹਾਣੀ ਦੱਸਦਾ ਜਾਂ ਇਹ ਕਹਿ ਲਓ ਕਿ ਲਹਿਰ ਦੀ ਕਹਾਣੀ ਉਸ ਨੌਜਵਾਨ ਦੇ ਦ੍ਰਿਸ਼ਟੀਕੋਣ ਤੋਂ।

- **ਉਵੇਂ ਤਾਂ ਭਾਵੇਂ ਹਰ ਲੇਖਕ ਦਾ ਸਮੇਂ ਦੇ ਨਾਲ ਨਾਲ ਵਿਕਾਸ਼ ਹੁੰਦਾ ਰਹਿੰਦਾ, ਪਰ ਫਿਰ ਵੀ ਦਿੱਤੇ ਸਮੇਂ 'ਤੇ ਹਰ ਲੇਖਕ ਦਾ ਇੱਕ ਕੋਡ ਜਾਂ ਕੁੰਜੀ ਹੁੰਦੀ ਏ, ਜਿਹੜੀ ਉਹਦੇ 'ਲਿਖਣ ਸੰਸਾਰ' ਵੱਲ ਨੂੰ ਦਰਵਾਜ਼ਾ ਖੋਹਲ ਸਕਦੀ ਆ। ਜੇ ਮੈਂ ਪੁੱਛਾਂ ਕਿ ਤੁਹਾਡੇ 'ਲਿਖਣ ਸੰਸਾਰ' ਦਾ ਕੋਡ ਕੀ ਆ, ਤੇ "ਕੋਡ ਕੋਈ ਨਹੀਂ" ਗਲਤ ਉੱਤਰ ਹੋਵੇ, ਤਾਂ ਤੁਹਾਡਾ ਜੁਆਬ ਕੀ ਹੋਵੇਗਾ?**

ਅ-ਹ-ਮ...ਓ ਕੇ...ਕੋਡ:
ਭੇਤ ਜਦ ਉਸ ਦੇ ਲੱਭਣ ਤੁਰਿਆ
ਮੈਂ ਕੁਦਰਤ ਦਾ ਬੰਦਾ,
ਪਰਖ਼ਪੁਰੀ ਦਾ ਜਾਇਆ ਰਾਹੀ
'ਪਰਖ਼ਾ' ਨਾਮ ਹੈ ਮੇਰਾ।

ਨਕਸਲਬਾੜੀ ਪੇਕੇ ਮੇਰੇ
ਰੇਨਾਸਾਂਸ ਨੇ ਸਹੁਰੇ,
ਇੰਨਲਾਈਟਨਮੈਂਟ ਦੀ ਲੋਏ ਚੱਲਦਾ
ਹਰ ਕੋਈ ਮੇਰਾ ਡੇਰਾ।

- **ਅੰਤ ਵਿਚ ਕੁਝ ਨਿੱਜੀ ਜ਼ਿੰਦਗੀ ਬਾਰੇ ਵੀ ਹੋ ਜਾਏ। ਪਿੱਛੇ ਜਿਹੇ ਸੁਣਿਆ, ਤੁਹਾਡੀ ਸਿਹਤ ਨੂੰ ਕੋਈ ਆਫ਼ਿਤ ਆਣ ਪਈ ਸੀ। ਇਸ ਸਬੰਧ ਵਿੱਚ ਕੁਝ ਸਾਂਝਾ ਕਰਨਾ ਚਾਹੋਗੇ? ਨਿੱਜੀ ਲਹਿਜੇ ਵਿੱਚ ਨਹੀਂ, ਤਾਂ ਤਜ਼ਰਬੇ, ਯਾਨੀ 'ਕੀ ਸਿੱਖਿਆਂ ਕੀ ਪਾਇਆ', ਦੇ ਨਜ਼ਰੀਏ ਤੋਂ ਹੀ ਸਹੀ।**

ਕਿਸੇ ਜਮਾਤ ਵਿੱਚ ਫੇਲ੍ਹ, ਯਾਨਿ ਐੱਫ਼ ਗਰੇਡ, ਤੋਂ ਲੈ ਕੇ ਫ਼ਸ਼ਟ ਕਲਾਸ, ਯਾਨਿ ਏ ਗਰੇਡ, ਤੱਕ ਦੇ ਵਿੱਦਆਰਥੀ ਹੁੰਦੇ ਨੇ; ਵਿੱਚ ਵਿਚਾਲੇ ਡੀ, ਸੀ, ਤੇ ਬੀ ਆਦਿ ਗਰੇਡ ਆ ਜਾਂਦੇ ਨੇ। ਇਸੇ ਤਰ੍ਹਾਂ, ਹਰ ਕਿੱਤੇ ਵਿੱਚ ਕਿੱਤਾਕਾਰ ਵੀ ਆਪਣੇ ਕੰਮ ਦੀ ਗੁਣਵੱਤਾ (ਤੁਓਲਿਟੇ) ਦੇ ਆਧਾਰ 'ਤੇ ਵੀ ਗਰੇਡ ਐੱਫ ਤੋਂ ਏ ਤੱਕ ਜਾਂਦੇ ਨੇ। ਹੋਇਆ ਇਹ ਕਿ ਕਿਸੇ ਡੀ ਜਾਂ ਸੀ ਗਰੇਡ ਡਾਕਟਰ ਦੁਆਰਾ ਗਲਤ-ਨਿਦਾਨ (ਮਿਸਦਿਓਗਨੋਸਏ) ਜ਼ਰੀਏ ਮੈਂ ਇੱਕ ਸੇਹਤ ਸਮੱਸਿਆ ਵਿੱਚ ਫ਼ਸ ਗਿਆ, ਜਿਸ ਨੇ ਮੇਰੇ ਬੋਲਣ ਗੁਣ ਤੇ ਦਿਮਾਗ਼ 'ਤੇ ਅਸਰ ਪਾਇਆ। ਮੇਰੀ 'ਬੋਲਦੀ' ਬਿੱਲਕੁੱਲ ਬੰਦ ਹੋ ਗਈ, ਤੇ ਪੜ੍ਹਨ ਲਿਖਣ ਗੁਣਾਂ ਦੀ ਸੂਈ ਸਿਫ਼ਰ 'ਤੇ ਆਣ ਡਿਗੀ। ਇਸ ਕਾਰਣ, ਕਿਉਂਕਿ ਖੋਜ ਤੇ ਅਧਿਆਪਨ ਕੰਮ ਨੂੰ ਬਰੇਕਾਂ ਲੱਗ ਗਈਆਂ, ਮੈਂ ਆਪਣੇ ਦਿਮਾਗ਼ ਨੂੰ ਚੈਲਿੰਜ਼ ਜਾਂ ਰੀਬੂਟ ਕਰਨ ਲਈ ਨਵੇਂ ਵਿਸ਼ੇ 'ਤੇ ਗਰੇਜੂਏਟ ਡਿਗਰੀ ਸ਼ੁਰੂ ਕਰ ਦਿੱਤੀ: ਮਾਸਟਰ ਇਨ ਬਾਇਓ ਇੰਜਨੀਅਰਿੰਗ। ਇਹ ਸਭ ਤੋਂ ਵਧੀਆ ਥੈਰੇਪੀ ਸਾਬਤ ਹੋਈ ਮੇਰਾ ਦਿਮਾਗ਼ ਰਿਸ਼ਟ-ਪੁਸ਼ਟ ਕਰਨ ਲਈ। ਇਸ ਸਿਹਤ-ਸੰਕਟ 'ਚੋਂ ਬਾਇਓ ਇੰਜੀਨੀਅਰਿੰਗ ਐਮ.ਐਸ.ਸੀ. ਦੀ ਡਿਗਰੀ ਤੇ ਗਿਆਨ ਪ੍ਰਾਪਤ ਕਰਨ ਤੋਂ ਇਲਾਵਾ ਇੱਕ ਹੋਰ ਫ਼ਾਇਦਾ ਹੋਇਆ। ਇਸ ਸੰਕਟ ਤੋਂ ਪਹਿਲਾਂ, ਕੁਝ ਪੰਜਾਬੀ ਸਾਹਿਤਕ ਜਗਤ ਵਿੱਚਲੀ ਸਥਾਪਤੀ, ਸਰਗਰਮੀਆਂ/ਕਾਰਵਾਈਆਂ, ਤੇ ਆਮ ਵਾਤਾਵਰਣ ਹੱਥੋਂ ਬੋਰ ਤੇ ਸਤਿਆ ਹੋਇਆ ਅਤੇ ਕੁਝ ਰੋਜ਼ਾਨਾਂ ਜ਼ਿਦਗੀ ਦੇ ਕੰਮਾਂ ਵਿੱਚ ਮਸ਼ਰੂਫ਼, ਮੈਂ ਪੰਜਾਬੀ ਤੇ ਪੰਜਾਬੀ ਸਾਹਿਤ ਨਾਲੋਂ ਟੁੱਟਦਾ ਟੁੱਟਦਾ ਲੱਗਭਗ ਟੁੱਟ ਹੀ ਚੁੱਕਾ ਸਾਂ। ਪਰ, ਇਸ ਸੰਕਟ ਦੌਰ ਵਿੱਚ ਅੰਗਰੇਜ਼ੀ ਵਾਂਗ ਹੀ ਪੰਜਾਬੀ ਵੀ ਅੱਖਰਾਂ ਤੋਂ ਸ਼ੁਰੂ ਕਰਕੇ ਦੁਬਾਰਾ ਪੜ੍ਹਣ/ਲਿਖਣ/ਬੋਲਣ ਸਿੱਖਣ ਦੇ ਅਭਿਆਸ ਦੌਰਾਨ ਪੰਜਾਬੀ ਤੇ ਪੰਜਾਬੀ ਸਾਹਿਤ ਨਾਲ ਦੁਬਾਰਾ ਜੁੜਣ ਦੀ ਇੱਛਾ ਜਾਗ ਪਈ।

ਇਸ ਸਿਹਤ-ਸੰਕਟ ਦੌਰਾਨ ਮੈਂ ਨਾ ਪੜ੍ਹ, ਨਾ ਲਿਖ, ਤੇ ਨਾ ਬੋਲ ਸਕਦਾ ਸੀ। ਮਾਨੋ ਕੁਦਰਤ ਨੇ ਅੱਖ-ਝਪਾਕੇ ਮੈਂਨੂੰ ਬੰਦ (ਸ਼ੱਟ-ਡਾਊਨ) ਕਰਕੇ ਆਪਣੇ ਲਲਕਾਰੇ ਬੰਦਿਆਂ ਦੀ ਦੁਨੀਆਂ ਵਿੱਚ ਸੁੱਟ ਦਿੱਤਾ ਸੀ, ਦੁਬਾਰਾ ਸ਼ੁਰੂ (ਰੀਬੂਟ) ਹੋਣ ਦੀ ਚੁਨੌਤੀ ਸੰਗ: "ਹੁਣ ਉਠੇਂ ਤਾਂ ਜਾਣਾਂ।" ਕੀ ਸਿੱਖਿਆਂ? ਜੇ ਕੋਈ ਕੁਦਰਤ ਦੇ ਲਲਕਾਰੇ ਬੰਦਿਆਂ ਦੀ ਅਜੇਹੀ ਦੁਨੀਆਂ ਕੋਈ ਡਿਗ ਪਿਆ ਹੋਵੇ ਜਿੱਥੇ ਕੁਦਰਤ ਨੇ ਉਹਨੂੰ ਉੱਠ ਕੇ ਬਾਹਰ ਨਿੱਕਲਣ ਦੀ ਚੁਨੌਤੀ ਦਿੱਤੀ ਹੋਵੇ, ਤਾਂ ਮੈਂ ਆਪਣੇ ਤਜਰਬੇ ਅਧਾਰ 'ਤੇ ਕਹਾਂਗਾ: ਦੂਸਰਿਆਂ ਤੋਂ ਆਸ ਮੱਤ ਰੱਖੋ ਕਿ ਉਹ ਤੁਹਾਨੂੰ ਦੱਸਣਗੇ ਕਿ ਤੁਸੀਂ ਉਸ ਡਿਗੀ ਦੁਨੀਆਂ 'ਚੋਂ ਬਾਹਰ ਆ ਗਏ ਹੋ ਜਾਂ ਕਿੰਨਾਂ ਕੁ। ਇਹ ਫ਼ੈਸਲਾ ਤੇ ਐਲਾਨ ਤੁਹਾਨੂੰ ਆਪਣੇ ਆਪ ਲਈ ਖ਼ੁਦ ਹੀ ਕਰਨਾ ਪਏਗਾ ਅਤੇ ਇਸ ਫ਼ੈਸਲੇ ਤੇ ਐਲਾਨ ਨੂੰ ਆਪਣੀ ਰੋਜ਼ਾਨਾ ਜ਼ਿਦਗੀ ਦੀਆਂ ਗਤੀਵਿਧੀਆਂ ਰਾਹੀਂ ਅਮਲੀ ਤੌਰ 'ਤੇ ਲਾਗੂ ਕਰਨਾ ਹੋਵੇਗਾ। ਇੱਥੇ ਹੀ ਬੱਸ ਨਹੀਂ; ਇਸ ਫ਼ੈਸਲੇ ਤੇ ਐਲਾਨ 'ਤੇ ਪਹਿਰਾ ਦਿੰਦੇ ਹੋਏ ਤੁਹਾਨੂੰ ਡਿਗੀ ਦੁਨੀਆਂ ਵਿੱਚ ਨੂੰ ਵਾਪਸ ਧਕੇਲਣ ਦੀਆਂ ਅਚੇਤ ਤੇ ਸੁਚੇਤ ਕੋਸ਼ਿਸ਼ਾਂ/ਸ਼ਕਤੀਆਂ ਨੂੰ ਵੀ ਪਛਾੜਨਾ ਪਏਗਾ, ਆਪਣੀਆਂ ਰੋਜ਼ਾਨਾ ਅਮਲੀ ਜੀਵਨ ਦੀਆਂ ਗਤੀਵਿਧੀਆਂ ਜਾਰੀ ਰੱਖ ਕੇ।

ਜ਼ਿੰਦਗੀ ਜ਼ਿੰਦਾਬਾਦ!

- **ਜ਼ਿੰਦਾਬਾਦ!! ਜ਼ਿੰਦਾਬਾਦ!!!**

ਸ਼ਾਲਾ ਲੰਬੀ ਸਿਹਤਮੰਦ ਉਮਰ ਹੋਵੇ; ਪਰ ਇਸ ਗੱਲਬਾਤ ਦੇ ਆਖਰੀ ਸ਼ਬਦ?

ਤੁਹਾਡੀ ਲੰਬੀ ਸਿਹਤਮੰਦ ਉਮਰ ਦੀ ਦੁਆ, ਸੋਢੀ ਜੀ!
ਜ਼ਿੰਦਗੀ ਦੇ ਇਸ ਸਫ਼ਰ ਵਿੱਚ
ਆਡ ਆਡ ਤੋਂ ਲੈ ਕੇ
ਸਮੁੰਦਰ ਸਮੁੰਦਰ ਤੱਕ ਦਾ ਪਾਣੀ ਡੱਫਿਆ ਹੈ,
ਫਿਰ ਵੀ ਹਰ ਸਫਰ ਦੇ ਹਰ ਅੰਤ 'ਤੇ
'ਪਰਖ਼ਿਆ', ਪਿਆਸ ਤੋਂ ਬਿਨਾਂ ਸਾਡੇ ਕੋਲ
ਕੁਝ ਨਹੀਂ ਬਚਿਆ ਹੈ।

**– ਸਮਾਪਤ**




**BONITA ZARRILLO**

**Member of Parliament | Députée**

Port Moody-Coquitlam, Anmore & Belcarra

1116 Austin Avenue
Coquitlam, BC
V3K 3P5

(604) 664 - 9229
bonita.zarrillo@parl.gc.ca
bonitazarrillo.ndp.ca

NDP



ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

## ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA

# ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ 2025 ਬਜਟ ਪੇਸ਼

## ਆਮ ਲੋਕਾਂ ਨੂੰ ਦਿੱਤੀ ਜਾਂਦੀ 'ਐਫੋਰਡਬਿਲਟੀ' ਸਕੀਮ ਕੀਤੀ ਬੰਦ, ਖ਼ਰਚੇ ਘਟਾਉਣ ਲਈ ਕੋਈ ਵੱਡੀ ਯੋਜਨਾ ਨਹੀਂ ਐਲਾਨੀ

ਵਿਕਟੋਰੀਆ (ਸਿਮਰਨਜੀਤ ਸਿੰਘ): ਚੋਣਾਂ ਤੋਂ ਇੱਕ ਸਾਲ ਬਾਅਦ ਜਦੋਂ ਬੀ.ਸੀ. ਐਨ.ਡੀ.ਪੀ. ਨੇ ਆਪਣੇ ਬਜਟ ਵਿੱਚ ਮਹਿੰਗਾਈ ਨੂੰ ਮੁੱਖ ਮਸਲਾ ਬਣਾਇਆ ਸੀ, 2025 ਦੇ ਤਾਜ਼ਾ ਬਜਟ 'ਚ ਉਨ੍ਹਾਂ ਨੇ ਖਰਚਿਆਂ 'ਚ ਵੱਡੀ ਕਟੌਤੀ ਕਰ ਦਿੱਤੀ ਹੈ।

ਬੀ.ਸੀ. ਦੇ ਮੁੱਖ ਮੰਤਰੀ ਡੇਵਿਡ ਈਬੀ ਨੇ ਐਲਾਨ ਕੀਤਾ ਕਿ ਸਰਕਾਰ ਆਪਣੀ ਸਭ ਤੋਂ ਵੱਡੀ 'ਐਫੋਰਡਬਿਲਟੀ' ਸਕੀਮ, ਜਿਸ ਰਾਹੀਂ ਹਰ ਘਰ ਨੂੰ ਦਿੱਤੀ ਜਾਣ ਵਾਲੀ $1,000 ਦੀ ਗ੍ਰੋਸਰੀ ਰੀਬੇਟ ਬੰਦ ਕਰ ਰਹੀ ਹੈ।

ਕਮਜ਼ੋਰ ਵਰਗਾਂ ਲਈ ਵਾਧੂ ਮਦਦ, ਪਰ ਨਵੇਂ ਐਲਾਨ ਘੱਟ

2025 ਦੇ ਬਜਟ 'ਚ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਬ੍ਰਿਟਿਸ਼ ਕੋਲੰਬੀਆ (ICBC) ਦੀਆਂ ਰੇਟਾਂ 2026 ਤੱਕ ਜਮ੍ਹਾਂ ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਹ ਸਰਕਾਰ ਵੱਲੋਂ ਦਿੱਤੀ ਗਈ ਸਭ ਤੋਂ ਵੱਡੀ 'ਐਫੋਰਡਬਿਲਟੀ' ਰਾਹਤ ਮੰਨੀ ਜਾ ਰਹੀ ਹੈ।

ਵਿੱਤ ਮੰਤਰੀ ਬ੍ਰੈਂਡਾ ਬੇਲੀ ਨੇ ਮੰਗਲਵਾਰ ਨੂੰ ਕਿਹਾ, "ਇਹ ਕੋਈ ਵੱਡੇ ਐਲਾਨਾਂ ਵਾਲਾ ਬਜਟ ਨਹੀਂ। ਇਹ ਸੰਭਾਲ-ਸੰਭਾਲ ਕੇ ਖਰਚ ਕਰਨ ਅਤੇ ਲੋਕਾਂ ਦੀਆਂ ਮੁੱਖ ਸੇਵਾਵਾਂ ਬਾਰੇ ਹੈ—ਸਿਹਤ ਸੰਭਾਲ, ਸਿੱਖਿਆ ਅਤੇ ਸੜਕਾਂ 'ਤੇ ਸੁਰੱਖਿਆ।"

### ਕਿਰਾਏਦਾਰਾਂ ਨੂੰ ਥੋੜੀ ਰਾਹਤ

ਬੀ.ਸੀ. ਸਰਕਾਰ ਨੇ ਘੱਟ ਆਮਦਨ ਵਾਲੇ ਕਿਰਾਏਦਾਰਾਂ ਲਈ 2025 ਵਿੱਚ $75 ਮਿਲੀਅਨ ਦੀ ਵਾਧੂ ਸਹਾਇਤਾ ਦੇਣ ਦੀ ਘੋਸ਼ਣਾ ਕੀਤੀ, ਜੋ ਅਗਲੇ ਕੁਝ ਸਾਲਾਂ ਵਿੱਚ $150 ਮਿਲੀਅਨ ਤਕ ਵਧਾ ਦਿੱਤੀ ਜਾਵੇਗੀ।

ਪਰਿਵਾਰਾਂ ਲਈ ਰੈਂਟਲ ਅਸਿਸਟੈਂਸ ਪ੍ਰੋਗ੍ਰਾਮ (RAP) ਦੀ ਆਮਦਨ ਲਾਈਮਟ $40,000 ਤੋਂ ਵਧਾ ਕੇ $60,000 ਕੀਤੀ ਜਾ ਰਹੀ ਹੈ। ਇਸ ਨਾਲ, ਮਹੀਨਾਵਰ ਸਹਾਇਤਾ $400 ਤੋਂ ਵਧਾ ਕੇ $700 ਤੱਕ ਕਰ ਦਿੱਤੀ ਜਾਵੇਗੀ।

ਵੱਡੀ ਉਮਰ ਦੇ ਵਿਅਕਤੀਆਂ ਲਈ ਸ਼ੈਲਟਰ ਏਡ (SAFER) ਦੀ ਆਮਦਨ ਲਾਈਮਟ $37,240 ਤੋਂ ਵਧਾ ਕੇ $40,000 ਕੀਤੀ ਜਾ ਰਹੀ ਹੈ। ਉਹਨਾਂ ਦੀ ਮਾਸਿਕ ਸਹਾਇਤਾ ਵੀ $261 ਤੋਂ ਵਧਾ ਕੇ $337 ਤੱਕ ਕਰ ਦਿੱਤੀ ਗਈ ਹੈ।

ਬਜਟ ਅੰਦਰ ਅਗਲੇ ਤਿੰਨ ਸਾਲਾਂ ਵਿੱਚ $172 ਮਿਲੀਅਨ ਰਾਖਵੇਂ ਰੱਖਣ ਦਾ ਐਲਾਨ ਕੀਤਾ ਗਿਆ, ਜੋ ਕਿ ਲਗਭਗ 2,700 ਵਧੇਰੇ ਆਟੀਜ਼ਮ-ਪੀੜ੍ਹਤ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ।

ਇਸੇ ਤਰ੍ਹਾਂ, ਸਰਕਾਰ ਨੇ ਆਮਦਨ ਅਤੇ ਅਯੋਗਤਾ ਸਹਾਇਤਾ ਲਈ ਵੀ ਤਿੰਨ ਸਾਲਾਂ ਵਿੱਚ $1.6 ਬਿਲੀਅਨ ਵਧਾਉਣ ਦਾ ਐਲਾਨ ਕੀਤਾ ਹੈ। ਪਰ, ਇਹ ਵਾਧੂ ਮਦਦ ਆਬਾਦੀ 'ਚ ਵਾਧੇ ਨਾਲ ਹੀ ਦਿੱਤੀ ਜਾਵੇਗੀ। ਨਵੀਆਂ ਰਕਮਾਂ ਵਿੱਚ ਕੋਈ ਵਾਧਾ ਫ਼ਾ ਸ਼ਾਮਲ ਨਹੀਂ ਹੈ।

### ਟੈਰਿਫਸ ਕਾਰਨ ਆਰਥਿਕ ਦਬਾਅ

ਬਜਟ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ 'ਤੇ ਲਾਏ ਗਏ 25% ਟੈਰਿਫ਼ ਦੇ ਸੰਦਰਭ 'ਚ ਆਇਆ ਹੈ, ਜਿਸ ਕਾਰਨ ਬੀ.ਸੀ. ਦੀ ਆਰਥਿਕਤਾ 'ਤੇ ਵੱਡਾ ਅਸਰ ਪਿਆ ਹੈ।

ਸੂਬੇ ਦੀ ਸ਼ਰਾਬ ਅਤੇ ਸਮਾਨ ਨੀਤੀ 'ਚ ਵੀ ਤਬਦੀਲੀ ਆਈ, ਅਤੇ ਸਰਕਾਰੀ ਸਟੋਰਾਂ 'ਚੋਂ ਅਮਰੀਕੀ ਰਿਪਬਲਿਕਨ ਰਾਜਾਂ ਦੀ ਸ਼ਰਾਬ ਹਟਾਈ ਗਈ।

### ਕੀ ਇਹ ਬਜਟ ਲੋਕਾਂ ਦੀ ਉਮੀਦਾਂ 'ਤੇ ਖਰਾ ਉਤਰਿਆ?

ਸਰਕਾਰ ਵੱਲੋਂ ਕਮਜ਼ੋਰ ਵਰਗਾਂ ਲਈ ਵਾਧੂ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ, ਪਰ ਕਈ ਲੋਕ ਤਿੰਨ ਮੁੱਖ ਨੀਤੀਆਂ—ਗਰਾਸਰੀ ਰੀਬੇਟ, ICBC ਦੀ ਰਾਹਤ ਅਤੇ ਕਿਰਾਏਦਾਰਾਂ ਲਈ ਵਾਧੂ ਸਹਾਇਤਾ ਨੂੰ ਆਟੇ 'ਚ ਲੂਣ ਦੇ ਬਰਾਬਰ ਦੱਸ ਰਹੇ ਹਨ।

ਅਧਿਕਾਰੀਆਂ ਦੇ ਅਨੁਸਾਰ, ਅਮਰੀਕੀ ਟੈਰਿਫ਼, ਆਬਾਦੀ ਵਿੱਚ ਵਾਧਾ, ਅਤੇ ਸਰਕਾਰੀ ਆਮਦਨ ਦੀ ਘਾਟ ਕਾਰਨ ਸਰਕਾਰ ਨੇ ਇਸ ਵਾਰ ਸੰਭਾਲ-ਸੰਭਾਲ ਕੇ ਖਰਚ ਕਰਨ ਦਾ ਫੈਸਲਾ ਲਿਆ।

### ਸਰਕਾਰ ਨੇ ਆਪਣੀ ਰਣਨੀਤੀ ਵਜੋਂ ਕੀ ਕਿਹਾ?

ਮੁੱਖ ਮੰਤਰੀ ਈਬੀ ਨੇ ਕਿਹਾ, "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕਾਂ ਦੀ ਸਿਹਤ, ਸਿੱਖਿਆ, ਅਤੇ ਵਿੱਤੀ ਸੁਰੱਖਿਆ ਦੀ ਸੰਭਾਲ ਕੀਤੀ ਜਾਵੇ। ਇਹ ਕੋਈ ਆਕਰਸ਼ਕ ਵੱਡੇ ਐਲਾਨਾਂ ਵਾਲਾ ਬਜਟ ਨਹੀਂ, ਪਰ ਇਹ ਲੋੜੀਂਦੀਆਂ ਨੀਤੀਆਂ ਨੂੰ ਮਜ਼ਬੂਤ ਬਣਾਉਣ 'ਤੇ ਕੇਂਦ੍ਰਤ ਹੈ।"

ਇਸ ਬਜਟ ਨਾਲ, ਬੀ.ਸੀ. ਸਰਕਾਰ ਨੇ ਆਉਣ ਵਾਲੇ ਦਿਨਾਂ 'ਚ ਮਹਿੰਗਾਈ ਅਤੇ ਆਰਥਿਕ ਦਬਾਅ ਦਾ ਸਾਹਮਣਾ ਕਰਨ ਲਈ ਨਵੀਆਂ ਤਜਵੀਜ਼ਾਂ 'ਤੇ ਵੀ ਕੰਮ ਕਰਨ ਦੀ ਗੱਲ ਕੀਤੀ ਹੈ।




# ਸਿਹਤ ਸੁਰੱਖਿਆ ਲਈ 35 ਬਿਲੀਅਨ ਡਾਲਰ,

## ਨਵੀਆਂ ਯੋਜਨਾਵਾਂ 'ਤੇ $4.2 ਬਿਲੀਅਨ ਕੀਤੇ ਜਾਣਗੇ ਖ਼ਰਚ

ਇਸ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 2025-26 ਦੇ ਬਜਟ 'ਚ ਸਿਹਤ ਸੇਵਾਵਾਂ 'ਤੇ ਵੱਡਾ ਫੰਡ ਰਾਖਵੇਂ ਰੱਖਿਆ ਹੈ, ਜਿਸ 'ਚ 1 ਅਰਬ ਡਾਲਰ ਤੋਂ ਵੱਧ ਦੀ ਵਾਧੂ ਰਕਮ ਸ਼ਾਮਲ ਕੀਤੀ ਗਈ ਹੈ। ਇਹ ਫੰਡ ਸਿਹਤ ਮੰਤਰਾਲੇ ਦੇ ਵਧੇਰੇ ਖਰਚਾਂ ਨੂੰ ਪੂਰਾ ਕਰਨ ਅਤੇ ਮੁੱਖ ਤੌਰ 'ਤੇ ਨਵੀਆਂ ਹਸਪਤਾਲ ਯੋਜਨਾਵਾਂ ਨੂੰ ਲਾਗੂ ਕਰਨ ਲਈ ਵਰਤਿਆ ਜਾਵੇਗਾ।

ਬੀ.ਸੀ. ਸਰਕਾਰ ਨੇ 2025-26 ਲਈ ਸਿਹਤ ਬਜਟ $35 ਬਿਲੀਅਨ ਤੱਕ ਵਧਾ ਦਿੱਤਾ, ਜਿਸ 'ਚ ਅਗਲੇ ਤਿੰਨ ਸਾਲਾਂ ਦੌਰਾਨ ਵਾਧੂ $4.2 ਬਿਲੀਅਨ ਦੀ ਨਵੀਂ ਰਕਮ ਸ਼ਾਮਲ ਹੋਵੇਗੀ।

### ਸਿਹਤ ਪ੍ਰਣਾਲੀ ਦੇ ਮੁੱਖ ਖੇਤਰਾਂ ਲਈ ਨਵੇਂ ਐਲਾਨ :

- ਪ੍ਰਾਇਮਰੀ ਹੈਲਥਕੇਅਰ 'ਚ ਸੁਧਾਰ ਲਈ $443 ਮਿਲੀਅਨ, ਜਿਸ 'ਚ ਘਰੇਲੂ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਨਾਲ ਮਰੀਜ਼ਾਂ ਨੂੰ ਜੋੜਨ ਦੀ ਯੋਜਨਾ ਸ਼ਾਮਲ ਹੈ।
- ਨਵੇਂ ਅਤੇ ਨਵਾਂ-ਨਿਰਮਿਤ ਹਸਪਤਾਲਾਂ ਦੀ ਓਪਰੇਸ਼ਨਲ ਸਹਾਇਤਾ ਲਈ $870 ਮਿਲੀਅਨ ਖਰਚ ਕਰਨ ਦੀ ਯੋਜਨਾ
- ਨਸ਼ਿਆਂ ਤੋਂ ਛੁਟਕਾਰਾ ਅਤੇ ਮਾਨਸਿਕ ਰੋਗਾਂ ਦੇ ਇਲਾਜ ਲਈ ਤਿੰਨ ਸਾਲਾਂ ਵਿੱਚ $500 ਮਿਲੀਅਨ ਖਰਚ ਕਰਨ ਦੀ ਯੋਜਨਾ

### ਨਵੇਂ ਹਸਪਤਾਲ ਤੇ ਵਿਸ਼ੇਸ਼ ਪਰੋਜੈਕਟ

ਬੀ.ਸੀ. ਸਰਕਾਰ ਨੇ $5 ਬਿਲੀਅਨ ਪ੍ਰਤੀ ਸਾਲ ਦੇ ਪੂੰਜੀ ਖਰਚੇ ਨੂੰ ਨਵੇਂ ਹਸਪਤਾਲ ਅਤੇ ਸੁਧਾਰ ਯੋਜਨਾਵਾਂ ਲਈ ਰਾਖਵੇਂ ਰੱਖਿਆ ਹੈ। ਇਸ ਤਹਿਤ ਬਣਨ ਵਾਲੀਆਂ ਮੁੱਖ ਹੇਠ ਲਿਖੀਆਂ ਸਿਹਤ ਸਹੂਲਤਾਂ ਸ਼ਾਮਲ ਹਨ:

- ਸੇਂਟ ਪੌਲ ਹਸਪਤਾਲ (ਵੈਨਕੂਵਰ), ਰਾਇਲ ਕੋਲੰਬੀਅਨ ਹਸਪਤਾਲ (ਨਵਾਂ ਵਾਧੂ ਕੰਪਲੈਕਸ), ਕੈਮਲੂਪਸ ਦਾ ਰਾਇਲ ਇਨਲੈਂਡ ਹਸਪਤਾਲ, ਅਤੇ ਟੈਰਸ ਦਾ ਮਿਲਜ਼ ਮੈਮੋਰੀਅਲ ਹਸਪਤਾਲ।
- ਸਰੀ ਵਿੱਚ ਨਵਾਂ ਹਸਪਤਾਲ, ਰਿਚਮੰਡ, ਬਰਨਾਬੀ, ਰਾਇਲ ਕੋਲੰਬੀਅਨ ਅਤੇ ਕਰੀਬੂ ਮੈਮੋਰੀਅਲ ਹਸਪਤਾਲ ਦੀ ਵਿਕਾਸ ਯੋਜਨਾ।
- ਕੈਮਲੂਪਸ ਅਤੇ ਨੈਨਾਈਮੋ ਵਿੱਚ ਨਵੇਂ ਕੈਂਸਰ ਟਰੀਟਮੈਂਟ ਸੈਂਟਰ।
- ਲੰਬੇ ਸਮੇਂ ਦੀ ਦੇਖਭਾਲ ਲਈ ਸੂਬੇ ਭਰ ਵਿੱਚ ਨਵੀਆਂ ਸਹੂਲਤਾਂ।

### ਐਨ.ਡੀ.ਪੀ. ਦਾ ਚੋਣ ਵਾਅਦਾ - ਦੂਜੇ ਰੈੱਡ ਫ਼ਿਸ਼ ਹੀਲਿੰਗ ਸੈਂਟਰ ਦੀ ਸਥਾਪਨਾ ਫਿਰ ਠੰਡੇ ਬਸਤੇ 'ਚ

2024 ਦੀ ਚੋਣ ਮੁਹਿੰਮ ਦੌਰਾਨ ਮੁੱਖ ਮੰਤਰੀ ਡੇਵਿਡ ਈਬੀ ਨੇ ਦੂਜੇ ਰੈੱਡ ਫ਼ਿਸ਼ ਹੀਲਿੰਗ ਸੈਂਟਰ ਦੀ ਸਥਾਪਨਾ ਅਤੇ ਨਵੇਂ 'ਸੈਟਲਾਈਟ' ਕੇਂਦਰ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਇਹ ਬਜਟ 'ਚ ਉਨ੍ਹਾਂ ਲਈ ਕੋਈ ਫੰਡ ਨਹੀਂ ਰਾਖਵਾਂ ਨਹੀਂ ਰੱਖਿਆ ਗਿਆ।

### ਵਿਰੋਧੀ ਪਾਰਟੀਆਂ ਤੇ ਸਿਹਤ ਮਾਹਿਰਾਂ ਦੀ ਪ੍ਰਤੀਕ੍ਰਿਆ

ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਵਿੱਤ ਵਿਸ਼ਲੇਸ਼ਕ ਪੀਟਰ ਮਿਲੋਬਾਰ ਨੇ ਕਿਹਾ, "2017 ਤੋਂ ਬਾਅਦ ਸਿਹਤ ਬਜਟ ਲਗਭਗ ਦੋਗੁਣਾ ਹੋ ਗਿਆ, ਪਰ ਸਿਹਤ ਸੇਵਾਵਾਂ ਦੀ ਹਾਲਤ ਔਖੀ ਬਣੀ ਹੋਈ ਹੈ। ਲੋਕ ਕੈਂਸਰ ਇਲਾਜ ਲਈ ਵਾਸ਼ਿੰਗਟਨ ਤਕ ਜਾ ਰਹੇ ਹਨ।"

ਬੀ.ਸੀ. ਨਰਸਿੰਗ ਯੂਨੀਅਨ ਦੀ ਪ੍ਰਧਾਨ ਐਡਰੀਅਨ ਗੀਅਰ ਨੇ ਸਰਕਾਰ ਵੱਲੋਂ ਕੋਰ-ਬਜਟ ਵਧਾਉਣ 'ਤੇ ਸੰਤੋਸ਼ਜਨਕ ਦੱਸਿਆ, ਪਰ ਹਾਲਾਤ ਹਾਲੇ ਵੀ ਚਿੰਤਾਜਨਕ ਹਨ।

ਉਨ੍ਹਾਂ ਕਿਹਾ, "ਮੈਂ ਉਮੀਦ ਕਰਦੀ ਸੀ ਕਿ ਸਰਕਾਰ ਐਮਰਜੈਂਸੀ ਸੇਵਾਵਾਂ ਲਈ ਕੋਈ ਖਾਸ ਯੋਜਨਾ ਪੇਸ਼ ਕੀਤੀ ਜਾਵੇਗੀ ਕਿਉਂਕਿ ਅਸੀਂ ਬੀ.ਸੀ. ਦੇ ਕਈ ਵੱਡੇ ਸ਼ਹਿਰਾਂ ਦੇ ਐਮਰਜੈਂਸੀ ਰੂਮਾਂ ਦੇ ਹਾਲਾਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਪਰ ਬਜਟ 'ਚ ਇਸ ਲਈ ਕੁਝ ਖਾਸ ਨਹੀਂ"

ਉਨ੍ਹਾਂ ਨਰਸਾਂ ਦੀ ਭਰਤੀ ਅਤੇ ਰੋਕਥਾਮ 'ਤੇ ਵੀ ਵਧੇਰੇ ਧਿਆਨ ਦੇਣ ਦੀ ਮੰਗ ਕਰਦੇ ਹੋਏ ਕਿਹਾ ਕਿ "ਇਸ ਸਮੇਂ 6,000 ਨਰਸਿੰਗ ਅਸਾਮੀਆਂ ਖਾਲੀ ਪਈਆਂ ਹਨ।"

2025 ਦਾ ਬੀ.ਸੀ. ਬਜਟ ਸਿਹਤ ਸੇਵਾਵਾਂ 'ਤੇ ਵੱਧ ਖਰਚ ਕਰ ਰਿਹਾ ਹੈ, ਪਰ ਲੋਕਾਂ ਲਈ ਐਮਰਜੈਂਸੀ ਸੇਵਾਵਾਂ, ਨਰਸਿੰਗ ਭਰਤੀ, ਅਤੇ ਤੁਰੰਤ ਉਪਲੱਬਧ ਇਲਾਜ 'ਚ ਸੁਧਾਰ ਲਿਆਉਣ ਦੀ ਲੋੜ ਹਾਲੇ ਵੀ ਬਰਕਰਾਰ ਹੈ।

ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਆਰਥਿਕ ਵਿਕਾਸ ਵਿਭਾਗ ਦੇ ਪ੍ਰਵਕਤਾ ਗੈਵਿਨ ਡਿਊ ਨੇ ਕਿਹਾ ਕਿ "ਐਨ.ਡੀ.ਪੀ. ਨੇ ਸਾਲਾਂ ਤੋਂ ਬੀ.ਸੀ. ਦੀ ਆਰਥਿਕਤਾ ਨੂੰ ਕਮਜ਼ੋਰ ਕੀਤਾ ਹੈ। ਹੁਣ, ਉਹ ਆਪਣੇ ਨਕਾਰਾਤਮਕ ਫੈਸਲਿਆਂ ਨੂੰ ਛੁਪਾਉਣ ਲਈ ਦੂਜਿਆਂ ਨੂੰ ਦੀ ਢਾਲ ਬਣਾ ਰਹੇ ਹਨ।"



ਉਨ੍ਹਾਂ ਕਿਹਾ, "ਅਸੀਂ ਇਸ ਆਰਥਿਕ ਲੜਾਈ ਵਿੱਚ ਤਿਆਰੀ ਬਿਨਾਂ ਸ਼ਾਮਲ ਹੋ ਰਹੇ ਹਾਂ। ਐਨ.ਡੀ.ਪੀ. ਦੀਆਂ ਨੀਤੀਆਂ ਕਾਰਨ ਬੀ.ਸੀ. ਘੱਟ ਆਰਥਿਕਤਾ ਆਉਂਦਿਆਂ ਸੰਘਰਸ਼ਾਂ ਲਈ ਅਸਮਰਥ ਹੋ ਚੁੱਕੀ ਹੈ।" ਉਨ੍ਹਾਂ ਅੱਗੇ ਕਿਹਾ, "ਜੇਕਰ ਪਿਛਲੇ ਦੋ ਸਾਲਾਂ ਵਿੱਚ ਸਰਕਾਰ ਬਜਟ ਸੰਤੁਲਿਤ ਰੱਖਦੀ, ਤਾਂ ਹੁਣ 5-10 ਬਿਲੀਅਨ ਡਾਲਰ ਦੀ ਵਾਧੂ ਰਕਮ ਹੁੰਦੀ, ਜੋ ਉਦਯੋਗਾਂ ਦੀ ਮਦਦ ਲਈ ਖਰਚੀ ਜਾ ਸਕਦੀ।"

# ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਬਜਟ 'ਤੇ ਜਤਾਈ ਨਾਰਾਜ਼ਗੀ

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਪ੍ਰੋਵਿੰਸ਼ੀਅਲ ਬਜਟ ਦੀ ਸਖਤ ਨਿੰਦਾ ਕਰਦੇ ਹੋਏ ਕਿਹਾ ਕਿ ਸਰੀ ਨੂੰ ਇੱਕ ਵਾਰ ਫਿਰ ਅਣਡਿੱਠਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ, "ਮੈਂ ਬਹੁਤ ਹੀ ਨਿਰਾਸ਼ ਹਾਂ। ਇਹ ਸਰੀ ਨਾਲ ਲੰਮੇ ਸਮੇਂ ਤੋਂ ਹੋ ਰਹੀ ਹੁੰਦਾ ਆ ਰਿਹਾ ਹੈ। ਇਹ ਨਿਰਾਸ਼ਾਜਨਕ ਤੇ ਗਲਤ ਹੈ। ਸਰੀ ਦੇ ਪਰਿਵਾਰ ਨਜ਼ਰਅੰਦਾਜ਼ ਕੀਤਾ ਜਾਣਾ, ਇਹ ਬਜਟ ਉਨ੍ਹਾਂ ਲਈ ਇੱਕ ਖੋਖਲਾ ਭਾਂਡਾ ਹੈ।"



ਵਿਕਟੋਰੀਆ 'ਚ ਗੱਲਬਾਤ ਕਰਦੇ ਹੋਏ ਬ੍ਰੈਂਡਾ ਲੌਕ ਨੇ ਦੱਸਿਆ ਕਿ ਸਰੀ ਦੀ ਵਧ ਰਹੀ ਆਬਾਦੀ ਅਤੇ ਬੁਨਿਆਦੀ ਢਾਂਚੇ ਦੀ ਲੋੜ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਸਾਡੀ ਵਧਦੀ ਹੋਈ ਆਬਾਦੀ ਦੀ ਮੰਗ ਪੂਰੀ ਕਰਨ ਲਈ ਨਾ ਤਾਂ ਸਿੱਖਿਆ, ਨਾ ਆਵਾਜਾਈ, ਨਾ ਹੀ ਸਿਹਤ ਸੰਭਾਲ 'ਤੇ ਕੋਈ ਵਧੇਰੇ ਧਿਆਨ ਦਿੱਤਾ ਗਿਆ।"

ਉਨ੍ਹਾਂ ਹਸਪਤਾਲਾਂ ਬਾਰੇ ਗੱਲ ਕਰਦਿਆਂ ਕਿਹਾ, "ਅਸੀਂ ਨਵੇਂ ਐਲਾਨਾਂ ਦੀ ਉਮੀਦ ਕਰ ਰਹੇ ਸੀ, ਪਰ ਸਾਨੂੰ ਸਿਰਫ਼ ਪੁਰਾਣੇ ਐਲਾਨਾਂ ਦੀ ਪੁਸ਼ਟੀ ਹੀ ਸੁਣਨ ਨੂੰ ਮਿਲੀ।

ਸਿੱਖਿਆ ਮਾਮਲੇ 'ਚ ਵੀ ਕੋਈ ਨਵਾਂ ਵਾਅਦਾ ਨਹੀਂ ਕੀਤਾ ਗਿਆ। ਸਰੀ ਸਕੂਲ ਬੋਰਡ 16 ਮਿਲੀਅਨ ਡਾਲਰ ਘਾਟੇ ਬਾਰੇ ਰਿਪੋਰਟ ਕਰ ਚੁੱਕਾ ਹੈ, ਪਰ ਨਵੇਂ ਬਜਟ 'ਚ ਸਿਰਫ਼ ਫਲੀਟਵੁੱਡ ਸਕੂਲ ਲਈ ਹੀ ਇੱਕ ਪੁਰਾਣੀ ਘੋਸ਼ਣਾ ਦੁਹਰਾਈ ਗਈ। ਲੌਕ ਨੇ ਕਿਹਾ, "ਸਾਨੂੰ ਪਤਾ ਹੈ ਕਿ ਸਰੀ ਦੀ ਆਬਾਦੀ ਲਗਭਗ 10 ਲੱਖ ਹੋਣ ਵਾਲੀ ਹੈ। ਪਰ, ਸਰਕਾਰ ਸਾਡੀਆਂ ਸੇਵਾਵਾਂ ਲਈ ਕੋਈ ਸਹੀ ਯੋਜਨਾ ਨਹੀਂ ਬਣਾ ਰਹੀ। ਇਹ ਅਣਦੇਖੀ ਬਹੁਤ ਨਿਰਾਸ਼ਾਜਨਕ ਹੈ।" ਉਨ੍ਹਾਂ ਕਿਹਾ, "ਅਸੀਂ ਲੜਾਈ ਜਾਰੀ ਰੱਖਾਂਗੇ, ਜਦ ਤੱਕ ਸਰੀ ਵਾਸੀਆਂ ਨੂੰ ਉਨ੍ਹਾਂ ਦੇ ਹੱਕ ਨਹੀਂ ਮਿਲ ਜਾਂਦੇ।"

# ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਅੰਤਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ



**ਸਰੀ (ਗੁਰਿੰਦਰ ਮਾਨ):** ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਆਪਣਾ ਵੀਹਵਾਂ ਸਲਾਨਾ ਅੰਤਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ। ਪਲੀ ਦੇ ਸਰਗਰਮ ਮੈਂਬਰਾਂ ਦੇ ਨਾਲ ਵੱਡੀ ਗਿਣਤੀ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕ ਇਸ ਪ੍ਰੋਗ੍ਰਾਮ ਵਿੱਚ ਪਹੁੰਚੇ। ਹਰਮਨ ਪੰਧੇਰ ਇਸ ਪ੍ਰੋਗ੍ਰਾਮ ਦੇ ਐਮ ਸੀ ਸਨ ਅਤੇ ਉਹਨਾਂ ਨੇ ਸਮਾਗਮ ਦੀ ਸ਼ੁਰੂਆਤ ਇਹ ਕਹਿੰਦਿਆਂ ਕੀਤੀ ਕਿ ਅਸੀਂ ਆਦਿਵਾਸੀਆਂ ਦੀ ਅਸਪੁਰਦ ਜ਼ਮੀਨ (ਅਨਸੀਡਿਡ ਟੈਰੇਟਰੀ) ਤੇ ਇਕੱਠੇ ਹੋਏ ਹਾਂ। ਉਸ ਤੋਂ ਬਾਅਦ ਪਲੀ ਦੇ ਮੀਤ ਪ੍ਰਧਾਨ, ਡਾ. ਸਾਧੂ ਬਿਨਿੰਗ ਨੇ ਸ਼ਰਧਾਂਜਲੀ ਦੇ ਰੂਪ ਵਿੱਚ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਬਾਰੇ ਕੁੱਝ ਲਫਜ਼ ਸਾਂਝੇ ਕੀਤੇ, ਜੋ ਕੁੱਝ ਦਿਨ ਪਹਿਲਾਂ ਗੁਜ਼ਰ ਗਏ ਸਨ। ਫੇਰ ਉਨ੍ਹਾਂ ਨੇ ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਵੱਲੋਂ ਲਿਖਿਆ ਸੁਨੇਹਾ ਪੜ੍ਹਿਆ, ਜੋ ਕਿ ਸਿਹਤ ਕਾਰਨ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਨੇ ਪਲੀ ਵਲੋਂ ਹਮੇਸ਼ਾ ਰੱਖੀ ਜਾਂਦੀ ਮੰਗ ਕਿ ਪੰਜਾਬੀ ਨੂੰ ਕੈਨੇਡਾ ਵਿਚ ਕੌਮੀ ਪੱਧਰ 'ਤੇ ਸਰਕਾਰੀ ਮਾਨਤਾ ਮਿਲਣੀ ਚਾਹੀਦਾ ਹੈ, ਵੀ ਸਾਂਝੀ ਕੀਤੀ।

ਪ੍ਰੋਗ੍ਰਾਮ ਦੀ ਪਹਿਲੀ ਪੇਸ਼ਕਸ਼ ਵਿੱਚ ਗੁਰਵੀਰ ਸਿੰਘ ਮੁੱਕੜ ਨੇ ਅਜਮੇਰ ਰੋਡੇ ਦੀ ਕਵਿਤਾ 'ਲੇਬਲ' ਪੜ੍ਹੀ। ਉਸ ਤੋਂ ਮਗਰੋਂ ਸਰੀ ਨਿਊਟਨ ਦੇ ਐਮ ਐਲ ਏ ਅਤੇ ਕੈਨੇਡਾ ਦੀ ਜੰਮ ਪਲ ਜੈਸੀ ਸੁੱਨੜ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ, ਅਤੇ ਪੰਜਾਬੀ ਨਾਲ ਆਪਣੇ ਜੀਵਨ ਦੇ ਤਜਰਬੇ ਬਿਆਨ ਕੀਤੇ। ਰਜਿੰਦਰ ਪੰਧੇਰ ਨੇ ਪੰਜਾਬੀ ਪੜ੍ਹਨ ਲਈ ਸਭ ਨੂੰ ਪ੍ਰੇਰਿਤ ਕੀਤਾ, ਅਤੇ ਸਮਾਗਮ ਦੌਰਾਨ ਮੁਫਤ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੈਸ ਮਾਰਗ੍ਰੇਟ ਸਕੂਲ ਦੇ ਵਿਦਿਆਰਥੀ ਜਪਜੀ ਔਜਲਾ ਅਤੇ ਸਰੀਨਾ ਨਾਗਰਾ ਨੇ ਪੰਜਾਬੀ ਸਭਿਆਚਾਰ ਵਿੱਚ ਪੱਖੀ ਦੀ ਮਹੱਤਤਾ ਬਾਰੇ ਗੱਲ ਬਾਤ ਵੀ ਕੀਤੀ। ਸਕੂਲ ਬੋਰਡ ਟ੍ਰਸਟੀ, ਸਰੀ ਤੋਂ ਗੈਰੀ ਥਿੰਦ, ਡੈਲਟਾ ਤੋਂ ਨਿੰਮੀ ਧੌਲਾ ਨੇ ਸਕੂਲਾਂ ਵਿੱਚ ਪੰਜਾਬੀ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਐਬਟਸਫੋਰਡ ਤੋਂ ਪ੍ਰੀਤ ਰਾਏ ਸਮਾਗਮ ਵਿੱਚ ਨਹੀਂ ਪਹੁੰਚ ਸਕੇ, ਲੇਕਿਨ ਉਹਨਾਂ ਦਾ ਸੁਨੇਹਾ ਹਰਮਨ ਪੰਧੇਰ ਨੇ ਪੜ੍ਹਿਆ।

ਗਾਇਕ ਸੁੱਖੀ ਲਾਲੀ ਨੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ ਪੇਸ਼ ਕੀਤਾ। ਸਰੀ ਪੁਲੀਸ ਇੰਸਪੈਕਟਰ ਜੈਗ ਖੋਸਾ ਨੇ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਨਾਲ ਜੁੜਣ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਐਸ ਐਫ ਯੂ ਦੇ ਵਿਦਿਆਰਥੀ ਜੇਡਨ ਅਤੇ ਰੋਹਨ ਗਿੱਲ ਨੇ ਪੰਜਾਬੀ ਪੜ੍ਹਨ ਬਾਰੇ ਇੱਕ ਵੀਡੀਓ ਦਿਖਾਈ। ਯੂ ਬੀ ਸੀ ਦੇ ਲਾਇਬ੍ਰੇਰੀਅਨ, ਸਰਬਜੀਤ ਰੰਧਾਵਾ ਜੀ ਨੇ ਏਸ਼ੀਅਨ ਲਾਇਬ੍ਰੇਰੀ ਦੀ ਜਾਣਕਾਰੀ ਦਿੱਤੀ। ਸਿਟੀ ਆਫ ਸਰੀ ਦੇ ਮਲਟੀਕਲਚਰਲ ਮੀਡੀਆ ਵਿਭਾਗ ਤੋਂ, ਪ੍ਰਭਜੋਤ ਕਾਹਲੋਂ ਨੇ ਦਰਸ਼ਕਾਂ ਨੂੰ ਸੰਬੋਧਿਤ ਕੀਤਾ ਅਤੇ ਪੰਜਾਬੀ ਵਿੱਚ ਲਿਖੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।

ਕੇ ਪੀ ਯੂ ਦੇ ਵਿਦਿਆਰਥੀ ਰੌਨਿਕ ਬਿਰਕ ਨੇ ਇਸ ਵਿਸ਼ੇ ਤੇ ਗੱਲ ਕੀਤੀ ਕਿ ਪੰਜਾਬੀ ਕਿਉਂ ਪੜ੍ਹਨੀ ਚਾਹੀਦੀ ਹੈ। ਗੁਰਮਨ ਸਿੰਘ ਡੌਡ ਨੇ ਸਾਧੂ ਬਿਨਿੰਗ ਦੀ ਕਵਿਤਾ, 'ਸੀਨਾ ਪਾਟਣ ਦੀ ਗੱਲ' ਪੜ੍ਹੀ। ਪਲੀ ਦੀ ਮੈਂਬਰ ਪ੍ਰਭਜੋਤ ਕੌਰ ਸਿੰਘ ਨੇ ਆਪਣੀ ਨਵੀਂ ਕਿਤਾਬ ਬਾਰੇ ਜਾਣਕਾਰੀ ਦਿੱਤੀ। ਯੂ ਬੀ ਸੀ ਦੇ ਵਿਦਿਆਰਥੀ, ਗੁਰਫਤਹ ਸਿੰਘ ਨੇ ਪੰਜਾਬੀ ਮਾਂ ਬੋਲੀ ਬਾਰੇ ਆਪਣੇ ਖਿਆਲ ਪ੍ਰੋਗ੍ਰਾਮ ਵਿੱਚ ਸ਼ਾਮਲ ਕੀਤੇ, ਅਤੇ ਫਿਰ ਸਤਕਾਰ ਸਿੰਘ ਸੋਢੀ ਨੇ ਪ੍ਰੋਫੈਸਰ ਮੋਹਨ ਸਿੰਘ ਜੀ ਦੀ ਕਵਿਤਾ, 'ਹਵਾ ਦਾ ਜੀਵਨ' ਪੜ੍ਹ ਕੇ ਸੁਣਾਈ। ਮੰਨਤ ਜਿੰਦਲ ਅਤੇ ਦਿਲਜੋਤ ਗਿੱਲ, ਜੋ ਕਿ ਪ੍ਰਿੰਸੈਸ ਮਾਰਗ੍ਰੇਟ ਸਕੂਲ ਦੀਆਂ ਵਿਦਿਆਰਥਣਾਂ ਹਨ, ਪੰਜਾਬੀ ਬੋਲੀ ਤੇ ਲਿਖੀ ਕਵਿਤਾ ਸਾਂਝੀ ਕੀਤੀ, ਜਿਸ ਤੋ ਮਗਰੋਂ ਐਸ ਐਫ਼ ਯੂ ਦੀ ਵਿਦਿਆਰਥਣ, ਕੇਲੀ ਗੈਡੀਜ਼ ਨੇ ਵੀ ਆਪਣੇ ਕੁੱਝ ਖਿਆਲ ਸੁਣਾਏ।

ਆਖਿਰ ਵਿੱਚ, ਹਰਮਨ ਪੰਧੇਰ ਨੇ ਆਪਣੀਆਂ ਲਿਖੀਆਂ ਕਿਤਾਬਾਂ ਬਾਰੇ ਦੱਸਿਆ। ਅਖੀਰ ਵਿੱਚ ਐਲ ਏ ਮੈਥਿਸਨ ਸਕੂਲ ਦੀ ਅਧਿਆਪਕਾ, ਗੁਰਪ੍ਰੀਤ ਕੌਰ ਬੈਂਸ ਨੇ ਆਏ ਦਰਸ਼ਕਾਂ ਅਤੇ ਤਾਜ ਪਾਰਕ ਦੇ ਮਾਲਿਕ ਕੁਲਤਾਰ ਥਿਆੜਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਸ ਨੇ ਸਰੀ ਪਬਲਿਕ ਲਾਇਬ੍ਰੇਰੀ ਵਲੋਂ ਪੰਜਾਬੀ ਦੀਆਂ ਕਿਤਾਬਾਂ ਬਾਰੇ ਜਾਣਕਾਰੀ ਦੇਣ ਲਈ ਲਾਏ ਟੇਬਲ ਲਈ ਅਤੇ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਹੋਰਾਂ ਵਲੋਂ ਕਿਤਾਬਾਂ ਦੇ ਲਾਏ ਟੇਬਲਾਂ ਲਈ ਅਤੇ ਗੁਰਜਿੰਦਰ ਸੇਖੋਂ ਵਲੋਂ ਪਲੀ ਦੀ ਸਟੇਜ ਨੂੰ ਸਜਾਉਣ ਲਈ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਇਸ ਸ਼ਾਨਦਾਰ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਪਲੀ ਦੇ ਮੈਂਬਰਾਂ ਰਣਬੀਰ ਜੌਹਲ, ਪਾਲ ਬਿਨਿੰਗ, ਗੁਰਿੰਦਰ ਮਾਨ, ਅਮਨਦੀਪ ਛੀਨਾ ਅਤੇ ਰੀਤਿੰਦਰ ਕੌਰ ਦਾ ਉਨ੍ਹਾਂ ਵਲੋਂ ਪਾਏ ਯੋਗਦਾਨ ਲਈ ਧੰਨਵਾਦ ਕੀਤਾ।

ਸਫ਼ਾ 1 ਦਾ ਬਾਕੀ

## ਹੁਣ 2 ਅਪ੍ਰੈਲ ਤੋਂ ਲੱਗਣਗੇ...

ਟਰੰਪ ਵਲੋਂ ਮਿਲੀ ਅਸਥਾਈ ਛੋਟ ਕਾਰਨ ਹੁਣ ਕੈਨੇਡਾ ਆਪਣੀ ਜ਼ਵਾਬੀ ਕਾਰਵਾਈ ਕੁਝ ਸਮੇਂ ਲਈ ਰੋਕੇਗਾ। ਨਵੇਂ ਸੋਧੇ ਆਰਡਰ ਮੁਤਾਬਕ, ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤਾ (ਛੂਸ਼ੰਅ) ਦੀਆਂ ਸ਼ਰਤਾਂ 'ਤੇ ਪੂਰਾ ਉਤਰੇਗਾ ਅਤੇ ਉਤਪਾਦ 25% ਟੈਰਿਫ਼ ਤੋਂ ਮੁਕਤ ਰਹਿਣਗੇ। ਵਿਸ਼ੇਸ਼ ਤੌਰ 'ਤੇ ਆਟੋ ਪਾਰਟਸ ਨੂੰ ਇੱਕ ਮਹੀਨੇ ਦੀ ਛੋਟ ਮਿਲੀ ਹੈ। ਪੋਟਾਸ, ਜੋ ਕਿ ਅਮਰੀਕੀ ਕਿਸਾਨਾਂ ਵਲੋਂ ਖਾਦ ਵਜੋਂ ਵਰਤਿਆ ਜਾਂਦਾ ਹੈ, 10% ਟੈਰਿਫ਼ 'ਤੇ ਰੱਖਿਆ ਗਿਆ ਹੈ। ਕੈਨੇਡੀਅਨ ਐਨਰਜ਼ੀ ਉਤਪਾਦ ਵੀ 10% ਟੈਰਿਫ਼ ਦੇ ਅਧੀਨ ਆਉਣਗੇ।

ਇੱਕ ਵਾਈਟ ਹਾਊਸ ਅਧਿਕਾਰੀ, ਜਿਸ ਨੇ ਗੁਪਤ ਨਾਂ 'ਤੇ ਇਹ ਜਾਣਕਾਰੀ ਦਿੱਤੀ, ਦੱਸਿਆ ਕਿ ਕੈਨੇਡਾ ਤੋਂ ਆਉਣ ਵਾਲੇ 62% ਉਤਪਾਦ ਅਜੇ ਵੀ ਨਵੇਂ ਟੈਰਿਫ਼ ਦੀ ਜਦ 'ਚ ਆਉਣਗੇ, ਕਿਉਂਕਿ ਉਹ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ ਅਧੀਨ ਨਹੀਂ ਹਨ।

ਉਧਰ ਟਰੰਪ ਦੇ ਟੈਰਿਫ ਬਾਰੇ ਪ੍ਰੀਮਿਅਰ ਡੱਗ ਫੋਰਡ ਨੇ ਕਿਹਾ ਹੈ ਕਿ ਜਦੋਂ ਤੱਕ ਅਮਰੀਕਾ ਕੈਨੇਡਾ 'ਤੇ ਸਾਰੇ ਟੈਰਿਫ ਨਹੀਂ ਹਟਾਉਂਦਾ, ਓਂਟਾਰੀਓ ਵੀ ਆਪਣੀ ਨਿਰਯਾਤ ਕਰ ਦੀ ਗੱਲ 'ਤੇ ਖੜ੍ਹਾ ਹੈ, ਜਿਸ ਵਿੱਚ ਐੱਲ.ਸੀ.ਬੀ.ਓ. ਦੀਆਂ ਸ਼ੈਲਫਾਂ ਤੋਂ ਅਮਰੀਕੀ ਸ਼ਰਾਬ ਹਟਾਉਣਾ ਸ਼ਾਮਿਲ ਹੈ। ਇਸ ਵਪਾਰ ਯੁੱਧ ਦਾ ਇੱਕੋ ਇੱਕ ਹੱਲ ਹੈ 'ਕੋਈ ਟੈਰਿਫ ਨਹੀਂ। ਇਸ ਲਈ ਕੋਈ ਵਿਚਕਾਰਲਾ ਰਸਤਾ ਨਹੀਂ ਹੈ। ਅਸੀਂ ਕੈਨੇਡੀਅਨ ਲੋਕਾਂ 'ਤੇ ਟੈਰਿਫ ਨਹੀਂ ਚਾਹੁੰਦੇ। ਇਹ ਟਿੱਪਣੀ ਟਰੰਪ ਪ੍ਰਸ਼ਾਸਨ ਵੱਲੋਂ ਆਟੋ ਨਿਰਮਾਤਾਵਾਂ ਉੱਤੇ ਇੱਕ ਮਹੀਨੇ ਦੇ ਟੈਰਿਫ ਦੇਰੀ ਦੇ ਐਲਾਨ ਤੋਂ ਕੁੱਝ ਘੰਟੇ ਪਹਿਲਾਂ ਆਈ। ਇਸ ਵਿੱਚ ਸ਼ਾਮਲ ਕਾਰ ਡੀਲਰਾਂ ਵਿੱਚ ਸਟੇਲੇਂਟਿਸ, ਫੋਰਡ ਅਤੇ ਜਨਰਲ ਮੋਟਰਜ਼ ਸ਼ਾਮਿਲ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕੈਨੇਡੀਅਨ ਚੀਜ਼ਾਂ 'ਤੇ 25 ਫ਼ੀਸਦੀ ਦਾ ਟੈਰਿਫ ਲਾਗੂ ਕੀਤਾ, ਜਦਕਿ ਕੈਨੇਡੀਅਨ ਇਨਰਜੀ ਤੇ 10 ਫ਼ੀਸਦੀ ਦਾ ਟੈਰਿਫ ਲਾਇਆ। ਇਸ ਤੋਂ ਬਾਅਦ ਫੈਡਰਲ ਸਰਕਾਰ ਨੇ 30 ਬਿਲੀਅਨ ਡਾਲਰ ਦੇ ਅਮਰੀਕੀ ਉਤਪਾਦਾਂ ਤੇ 25 ਫ਼ੀਸਦੀ ਦਾ ਟੈਰਿਫ ਲਾਇਆ, ਜਿਸ ਵਿੱਚ 21 ਦਿਨਾਂ ਵਿੱਚ ਅਮਰੀਕੀ ਵਸਤਾਂ 'ਤੇ 125 ਬਿਲੀਅਨ ਡਾਲਰ ਤੱਕ ਦੇ ਟੈਰਿਫ ਲਾਉਣ ਦੀ ਯੋਜਨਾ ਹੈ। ਅਮਰੀਕੀ ਵਪਾਰ ਸਕੱਤਰ ਹਾਵਰਡ ਲੁਟਨਿਕ ਨੇ ਬੁੱਧਵਾਰ ਸਵੇਰੇ ਦੱਸਿਆ ਕਿ ਅਮਰੀਕੀ ਸਰਕਾਰ ਕੈਨੇਡਾ 'ਤੇ ਅਮਰੀਕੀ ਟੈਰਿਫ ਬਾਰੇ ਬੈਠਕ ਕਰੇਗੀ, ਜਿਸ ਵਿੱਚ ਕੁੱਝ ਉਦਯੋਗਾਂ ਲਈ ਛੋਟ 'ਤੇ ਚਰਚਾ ਹੋਵੇਗੀ

## ਕੈਨੇਡਾ ਦੇ ਵੱਖ-ਵੱਖ ਸੂਬਿਆਂ...

ਭਾਸ਼ਣ, ਜੋ ਮੰਗਲਵਾਰ ਨੂੰ ਕੈਨੇਡੀਅਨ ਅਤੇ ਅਮਰੀਕੀ ਟੀਵੀ ਨੈੱਟਵਰਕਸ 'ਤੇ ਪ੍ਰਸਾਰਿਤ ਹੋਇਆ, 'ਚ ਦਾਅਵਾ ਕੀਤਾ ਕਿ ਟਰੰਪ ਕੈਨੇਡੀਅਨ ਆਰਥਿਕਤਾ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਉਨ੍ਹਾਂ ਕਿਹਾ, "ਅਸੀਂ ਹਮੇਸ਼ਾ ਆਪਣੇ ਵਪਾਰਕ ਸਾਥੀਆਂ ਨਾਲ ਮਿਲ ਕੇ ਕੰਮ ਕਰਨ ਦੇ ਹਮੇਸ਼ਾ ਹਕ ਵਿੱਚ ਰਹੇ ਹਾਂ। ਪਰ, ਜੇਕਰ ਕੋਈ ਨੀਤੀ ਸਾਨੂੰ ਨੁਕਸਾਨ ਪਹੁੰਚਾਉਂਦੀ ਹੈ, ਤਾਂ ਅਸੀਂ ਚੁੱਪ ਨਹੀਂ ਰਹਾਂਗੇ।"

ਇਹ ਪਹਿਲੀ ਵਾਰ ਨਹੀਂ ਹੈ ਕਿ ਟਰੂਡੋ ਅਤੇ ਟਰੰਪ ਵਿੱਚ ਵਪਾਰ ਜਾਂ ਰਾਜਨੀਤੀਕ ਮੁੱਦਿਆਂ 'ਤੇ ਟਕਰਾਅ ਹੋਇਆ ਹੋਵੇ। ਪਰ, ਪ੍ਰਧਾਨ ਮੰਤਰੀ ਵਲੋਂ ਟਰੰਪ ਦਾ ਪੂਰਾ ਨਾਮ ਨਾ ਲੈਣ ਅਤੇ 'ਡੌਨਲਡ' ਆਖਣ ਨੂੰ ਟਰੰਪ ਦੇ ਹਮਾਇਤੀਆਂ ਨੇ ਇੱਕ ਨਵਾਂ ਵਿਵਾਦ ਬਣਾ ਦਿੱਤਾ ਹੈ।

## ਟੈਰਿਫ਼ ਦੇ ਵਿਰੁੱਧ ਬੀ.ਸੀ...

ਜੋ ਕੁਝ ਕਰ ਰਹੇ ਹਨ, ਉਸ ਦਾ ਉਨ੍ਹਾਂ ਨੂੰ ਦੁਖ਼ਦਾਈ ਨਤੀਜਾ ਭੁਗਤਣਾ ਪਵੇਗਾ,"

ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਨੂੰ ਵਾਪਸ ਉਹੀ ਪੀੜ੍ਹ ਦੇਵਾਂਗੇ ਜਿਸ ਨਾਲ ਉਹ ਸਾਨੂੰ ਨੁਕਸਾਨ ਪਹੁੰਚਾ ਰਹੇ ਹਨ।"

ਕੈਨੇਡਾ ਨੇ ਵੀ ਅਮਰੀਕੀ ਉਤਪਾਦਾਂ 'ਤੇ 25% ਪ੍ਰਤੀਸ਼ਤ ਟੈਰਿਫ਼ ਲਗਾਉਣ ਦੀ ਐਲਾਨ ਕਰ ਦਿੱਤਾ ਹੈ। ਪਰ ਇਸ ਨਾਲ ਕੈਨੇਡਾ ਵਿੱਚ ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵੱਧਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪੀਨਟ ਬਟਰ, ਕੌਫੀ ਅਤੇ ਸੰਤਰੇ ਦਾ ਜੂਸ ਵਰਗੀਆਂ ਅਮਰੀਕਾ ਤੋਂ ਆਉਣ ਵਾਲੀਆਂ ਵਸਤੂਆਂ ਤੁਰੰਤ ਮਹਿੰਗੀਆਂ ਹੋਣ ਦੀ ਸੰਭਾਵਨਾ ਹੈ।

ਬੀ.ਸੀ. ਦੀ ਸੈਲਮਨ ਫਾਰਮਿੰਗ ਇੰਡਸਟਰੀ ਨੇ ਚੇਤਾਵਨੀ ਦਿੱਤੀ ਹੈ ਕਿ ਸੂਬੇ ਵਿੱਚ ਪੈਦਾ ਹੋਣ ਵਾਲਾ ਵਧੀਆ ਕੁਆਲਟੀ ਵਾਲਾ ਮੱਛੀ ਮਾਸ ਅਕਸਰ ਅਮਰੀਕਾ ਨਿਰਯਾਤ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ, "ਟੈਰਿਫ਼ ਕਾਰਨ ਅਮਰੀਕੀ ਬਾਜ਼ਾਰ ਵਿੱਚ ਮੰਗ 40% ਤਕ ਘੱਟ ਸਕਦੀ ਹੈ, ਜਿਸ ਨਾਲ ਲਗਭਗ 1,200 ਨੌਕਰੀਆਂ ਖਤਰੇ ਵਿੱਚ ਪੈ ਜਾਣਗੀਆਂ।"

ਮੁੱਖ ਮੰਤਰੀ ਡੇਵਿਡ ਈਬੀ ਨੇ ਸੂਬੇ ਦੇ ਲੋਕਾਂ ਨੂੰ ਇੱਕ-ਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਾਂ ਨੂੰ 'ਮੇਡ ਇਨ ਕੈਨੇਡਾ' ਉਤਪਾਦ ਖਰੀਦਣ ਅਤੇ ਸਥਾਨਕ ਉਦਯੋਗਾਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ, "ਜੇਕਰ ਕਿਸੇ ਕੋਲ ਯਾਤਰਾ ਕਰਨ ਦੀ ਯੋਜਨਾ ਹੈ, ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਛੁੱਟੀਆਂ ਲਈ ਅਮਰੀਕਾ ਜਾਣ ਦੀ ਬਜਾਏ, ਇਹੀ ਪੈਸਾ ਕੈਨੇਡਾ ਵਿੱਚ ਹੀ ਖਰਚਣ।"

## ਓਨਟਾਰੀਓ ਸਰਕਾਰ ਨੇ ਇਲੌਨ ...

ਸਮਝੌਤੇ ਵੱਲ ਵਾਪਸ ਆਉਣ।" ਉਨ੍ਹਾਂ ਇਸ਼ਾਰਾ ਦਿੱਤਾ ਕਿ ਇਹ ਸਮਝੌਤਾ ਚੋਣੀ ਮੁਹਿੰਮ ਦੌਰਾਨ ਹੀ ਰੱਦ ਹੋ ਸਕਦਾ ਸੀ, ਪਰ ਅਮਰੀਕੀ ਟੈਰਿਫ਼ ਨਾ ਹੋਣ ਕਰਕੇ ਇਸ ਨੂੰ ਜਾਰੀ ਰੱਖਿਆ ਗਿਆ। ਹੁਣ, ਟੈਰਿਫ਼ ਲਾਗੂ ਹੋਣ ਦੇ ਬਾਅਦ, ਇਹ ਸਮਝੌਤਾ ਤੋੜ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ, ਓਨਟਾਰੀਓ ਦੀ ਸਰਕਾਰੀ ਸ਼ਰਾਬ ਏਜੰਸੀ ਲਿਕਰ ਕੰਟਰੋਲ ਬੋਰਡ ਆਫ ਓਨਟਾਰੀਓ ਨੇ ਆਪਣੀ ਸੂਚੀ 'ਚੋਂ ਅਮਰੀਕੀ ਸ਼ਰਾਬਾਂ ਨੂੰ ਹਟਾ ਦਿੱਤਾ ਹੈ। ਇਹ ਕਾਰਵਾਈ ਸੋਮਵਾਰ ਅੱਧੀ ਰਾਤ ਤੋਂ ਲਾਗੂ ਕਰ ਦਿੱਤੀ ਗਈ ਹੈ।

ਫੋਰਡ ਨੇ ਕਿਹਾ, " ਲਿਕਰ ਕੰਟਰੋਲ ਬੋਰਡ ਆਫ ਓਨਟਾਰੀਓ ਹੁਣ ਅਮਰੀਕੀ ਸ਼ਰਾਬਾਂ ਦੀ ਖਰੀਦ-ਫ਼ਰੋਖ਼ਤ ਨਹੀਂ ਕਰੇਗਾ, ਜਿਸ ਕਾਰਨ ਹੋਰ ਵਪਾਰੀ, ਬਾਰ ਤੇ ਰੈਸਟੋਰੈਂਟ ਵੀ ਅਮਰੀਕੀ ਉਤਪਾਦਾਂ ਦੀ ਰੀ-ਸਟਾਕਿੰਗ ਨਹੀਂ ਕਰ ਸਕਣਗੇ।"

ਓਨਟਾਰੀਓ ਹਰੇਕ ਸਾਲ ਲਗਭਗ 965 ਮਿਲੀਅਨ ਡਾਲਰ ਦੀ ਸ਼ਰਾਬ ਇੰਪੋਰਟ ਕਰਦਾ ਹੈ, ਜਿਸ ਵਿੱਚ 36 ਅਮਰੀਕੀ ਰਾਜਾਂ ਤੋਂ 3,600 ਉਤਪਾਦ ਸ਼ਾਮਲ ਹਨ। ਹੁਣ ਇਹ ਉਤਪਾਦ ਲਿਕਰ ਕੰਟਰੋਲ ਬੋਰਡ ਆਫ ਓਨਟਾਰੀਓ ਦੀਆਂ ਸ਼ਾਪਾਂ ਅਤੇ ਆਨਲਾਈਨ ਪਲੇਟਫਾਰਮਾਂ ਤੋਂ ਹਟਾ ਦਿੱਤੇ ਗਏ ਹਨ।

ਇਸ ਕਾਰਵਾਈ ਨਾਲ ਅਮਰੀਕੀ ਉਤਪਾਦਕਾਂ ਨੂੰ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਹੈ, ਕਿਉਂਕਿ ਲਿਕਰ ਕੰਟਰੋਲ ਬੋਰਡ ਆਫ ਓਨਟਾਰੀਓ ਵਿਸ਼ਵ ਦੀ ਸਭ ਤੋਂ ਵੱਡੀ ਸਰਕਾਰੀ ਸ਼ਰਾਬ ਖਰੀਦਣ ਵਾਲੀ ਏਜੰਸੀ ਹੈ।

ਓਨਟਾਰੀਓ ਸਰਕਾਰ ਨੇ ਅਮਰੀਕੀ ਕੰਪਨੀਆਂ ਉੱਤੇ ਹੋਰ ਪਾਬੰਦੀਆਂ ਵੀ ਲਗਾਈਆਂ ਹਨ। ਹੁਣ, ਅਮਰੀਕੀ ਕੰਪਨੀਆਂ ਓਨਟਾਰੀਓ ਸਰਕਾਰੀ ਠੇਕਿਆਂ 'ਚ ਹਿੱਸਾ ਨਹੀਂ ਲੈ ਸਕਣਗੀਆਂ।

## ਕਿਊਬੈਕ ਵਲੋਂ ਸਥਾਨਕ ...

ਨੇ ਕੰਪਨੀਆਂ ਨੂੰ ਇਨਵੈਸਟਮੈਂਟ ਕਿਊਬੈਕ, ਸੂਬੇ ਦੀ ਨਿਵੇਸ਼ ਸੰਸਥਾ, ਨਾਲ ਸੰਪਰਕ ਕਰਕੇ ਫੰਡਿੰਗ ਲਈ ਅਰਜ਼ੀ ਦੇਣ ਦੀ ਅਪੀਲ ਕੀਤੀ। ਪ੍ਰੀਮੀਅ੍ਰ ਫ੍ਰਾਂਸਵਾ ਨੇ ਕਿਹਾ ਕਿ "ਇਹ ਇੱਕ ਗੈਰ-ਵਾਜਬ ਹਮਲਾ ਹੈ, ਜੋ ਸਾਡੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਏਗਾ, ਪਰ ਇਸ ਨਾਲ ਅਮਰੀਕੀਆਂ ਨੂੰ ਵੀ ਤਕਲੀਫ ਹੋਵੇਗੀ, ਸਾਨੂੰ ਸ਼ਾਂਤ ਰਹਿਣ ਦੀ ਲੋੜ ਹੈ, ਪਰ ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਅਸੀਂ ਡੋਨਾਲਡ ਟਰੰਪ ਤੋਂ ਡਰਨ ਵਾਲੇ ਨਹੀਂ ਹਾਂ।"

ਪ੍ਰੀਮੀਅਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ 25 ਫੀਸਦੀ ਟੈਰਿਫ ਜਾਰੀ ਰਿਹਾ ਤਾਂ ਕਿਊਬੈਕ ਵਿੱਚ 1,60,000 ਨੌਕਰੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ। ਕਈ ਵੱਡੇ ਸ਼ਹਿਰ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਲੇਗੋ ਨੇ ਕਿਹਾ ਕਿ ਸੂਬੇ ਕੋਲ ਹਾਈਡਰੋ-ਕਿਊਬੈਕ ਵਰਗੇ ਸਾਧਨ ਹਨ, ਜੋ ਇਸ ਸੰਕਟ ਨੂੰ ਸੰਭਾਲਣ ਵਿੱਚ ਮਦਦ ਕਰ ਸਕਦੇ ਹਨ। "ਭਾਵੇਂ ਸ਼ੁਰੂ ਵਿੱਚ ਮੁਸ਼ਕਲ ਹੋਵੇਗੀ, ਪਰ ਮੈਨੂੰ ਲੱਗਦਾ ਹੈ ਕਿ ਇੱਕ-ਦੋ ਸਾਲਾਂ ਵਿੱਚ ਸਾਡੀ ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਅਮਰੀਕਾ 'ਤੇ ਘੱਟ ਨਿਰਭਰ ਹੋਵੇਗੀ। ਸਾਡੀ ਨਵੀਂ ਆਰਥਿਕਤਾ ਹੋਰ ਮਜ਼ਬੂਤੀ ਨਾਲ ਉਭਰ ਕੇ ਸਾਹਮਣੇ ਆਵੇਗੀ।

ਇਸ ਤੋਂ ਪਹਿਲਾਂ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਔਟਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਟਰੰਪ ਨੂੰ "ਡੋਨਾਲਡ" ਕਹਿ ਕੇ ਸੰਬੋਧਨ ਕੀਤਾ ਅਤੇ ਟੈਰਿਫਾਂ ਨੂੰ "ਮੂਰਖਤਾਪੂਰਨ ਫੈਸਲਾ" ਦੱਸਿਆ। ਉਨ੍ਹਾਂ ਨੇ ਕੈਨੇਡੀਅਨਾਂ ਨੂੰ ਆਉਣ ਵਾਲੇ ਮੁਸ਼ਕਲ ਸਮੇਂ ਲਈ ਤਿਆਰ ਰਹਿਣ ਦੀ ਚਿਤਾਵਨੀ ਵੀ ਦਿੱਤੀ।

ਕਿਊਬੈਕ ਨੇ ਵੀ ਆਪਣੇ ਜਵਾਬੀ ਕਦਮ ਸਖ਼ਤ ਕੀਤੇ। ਸੂਬੇ ਦੀ ਸਰਕਾਰ ਨੇ ਐਸਏਕਿਊ ਸਟੋਰਾਂ ਤੋਂ ਅਮਰੀਕੀ ਅਲਕੋਹਲ ਹਟਾਉਣ ਦਾ ਐਲਾਨ ਕੀਤਾ, ਜੋ ਸੂਬਾਈ ਸ਼ਰਾਬ ਮੋਨੋਪੋਲੀ ਦੁਆਰਾ ਚਲਾਏ ਜਾਂਦੇ ਹਨ। ਲੇਗੋ ਨੇ ਕਿਊਬੈਕ ਦੇ ਲੋਕਾਂ ਨੂੰ ਅਪੀਲ ਕੀਤੀ, "ਹੁਣ ਸਥਾਨਕ ਉਤਪਾਦ ਖਰੀਦੋ।" ਇਸ ਤੋਂ ਇਲਾਵਾ, ਸੂਬਾ ਸਰਕਾਰ ਨੇ ਅਮਰੀਕੀ ਕੰਪਨੀਆਂ 'ਤੇ 25 ਫੀਸਦੀ ਤੱਕ ਜੁਰਮਾਨੇ ਲਗਾਉਣ ਦਾ ਫੈਸਲਾ ਕੀਤਾ, ਜੋ ਸਰਕਾਰੀ ਠੇਕਿਆਂ ਲਈ ਬੋਲੀ ਲਾਉਣਗੀਆਂ, ਬਸ਼ਰਤੇ ਉਹ ਕਿਊਬੈਕ ਵਿੱਚ ਪਹਿਲਾਂ ਤੋਂ ਸਥਾਪਿਤ ਨਾ ਹੋਣ।

ਹਾਲਾਂਕਿ ਟਰੰਪ ਨੇ ਜ਼ਿਆਦਾਤਰ ਸਮਾਨਾਂ 'ਤੇ 25 ਫੀਸਦੀ ਟੈਰਿਫ ਲਗਾਈ ਹੈ, ਪਰ ਕਿਊਬੈਕ ਦੇ ਅਲਮੀਨੀਅਮ ਉਦਯੋਗ 'ਤੇ ਸਿਰਫ 10 ਫੀਸਦੀ ਟੈਰਿਫ ਲੱਗੇਗੀ, ਜੋ ਊਰਜਾ ਅਤੇ ਅਹਿਮ ਖਣਿਜਾਂ 'ਤੇ ਲਾਗੂ ਹੈ। ਫਿਰ ਵੀ, ਅਲਮੀਨੀਅਮ ਉਤਪਾਦਕ ਅਲੂਬਾਰ ਨੇ ਬੇਕਾਂਕੋਰ ਸਥਿਤ ਆਪਣੀ ਫੈਕਟਰੀ ਦੇ ਕੰਮ ਰੋਕਣ ਦਾ ਐਲਾਨ ਕਰ ਦਿੱਤਾ। ਕਿਊਬੈਕ ਅਮਰੀਕਾ ਨੂੰ ਅਲਮੀਨੀਅਮ ਦਾ ਸਭ ਤੋਂ ਵੱਡਾ ਸਪਲਾਇਰ ਹੈ, ਜੋ ਅਮਰੀਕਾ ਵਿੱਚ ਵਰਤੇ ਜਾਣ ਵਾਲੇ 60 ਫੀਸਦੀ ਅਤੇ ਕੈਨੇਡਾ ਵਿੱਚ ਪੈਦਾ ਹੋਣ ਵਾਲੇ 90 ਫੀਸਦੀ ਅਲਮੀਨੀਅਮ ਦੀ ਸਪਲਾਈ ਕਰਦਾ ਹੈ।

# WINNIPEG LOCATION

NOW OPEN 9am to 9pm

#3- 1375 McPhillips St.

# SABZI MANDI SUPERMARKET

Serving our Community since 2003

Ramadan Mubarak!

HOT PRICE — JUMBO CAULIFLOWER ਗੋਭੀ — 2.49 ea

HOT PRICE — FRESH CILANTRO ਧਨੀਆਂ Bunch — 2 for 99¢

HOT PRICE — FRESH SPINACH ਪਾਲਕ Bunch — 99¢ ea

HOT PRICE — ROMA TOMATOES ਰੋਮਾ ਟਮਾਟਰ — 69¢ /lb

ANNAPURNA CHAKKI ATTA ਅਨਾਪੂਰਨਾ ਚੱਕੀ ਆਟਾ 20lb — 13.99 ea

## UNBEATABLE DEAL

AAP KI PASAND COOKIES

ਆਪ ਕੀ ਪਸੰਦ ਕੁਕੀਆਂ

2.2lb

4.99 ea

FRESH GINGER ਅੱਦਰਕ — 1.49 /lb

PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g — 4.99 ea

AMBROSIA APPLES ਐਮਬਰੋਜ਼ਾ ਸੇਬ — 88¢ /lb

PITTED DATES ਖੰਜੂਰਾਂ 680g — 5.99 ea

## CASE LOT SALE

| Item | Size | Price |
|---|---|---|
| ROMA TOMATOES ਰੋਮਾ ਟਮਾਟਰ | 25lb CASE | $16 ea |
| FRESH CILANTRO ਧਨੀਆਂ | 60 bunches | $25 ea |
| FRESH SPINACH ਪਾਲਕ | 24 bunches | $22 ea |
| FRESH CAULIFLOWER ਗੋਭੀ | 12 pieces | $25 ea |

JUMBO CARROTS ਵੱਡੀਆਂ ਗਾਜਰਾਂ — 88¢ /lb

PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml — 4.49 ea

FRESH METHI ਮੇਥੀ Bunch — 1.99 ea

PEELED GARLIC ਲਸਣ 5lb — 11.99 ea

RUSSET POTATOES ਆਲੂ 10lb — 3.99 ea

JUMBO EGGPLANT ਵੱਡੇ ਵਤਾਊਂ — 1.69 ea

ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb — 8.99 ea

MURCOTT MANDARIN ORANGES ਮਰਕੋਟ ਮੈਂਡਰਿਨ ਸੰਗਤਰੇ — 1.49 /lb

FRESH OPO ਲੌਕੀ — 1.29 /lb

EXTRA FANCY RED ONIONS ਲਾਲ ਗੰਢੇ 25lb — 16.99 ea

FRESH GARLIC ਲਸਣ — 1.89 /lb

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. March 07, 2025 - Wed. March 12, 2025

MasterCard VISA American Express Interac

American Express accepted at three locations.

STORES OPEN 7 DAYS A WEEK

Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only.

You can also visit us online at www.sabzimandicanada.com